**10.00/Beant kaur**

# PUNJAB VIDHAN SABHA

## Thursday, the 7th March, 2024

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr Speaker (Sardar Kultar Singh Sandhwan) in the Chair.*

---

## STARRED QUESTIONS AND ANSWERS

### ਗੁਰਦਾ ਖਰਾਬ ਵਿਅਕਤੀਆਂ ਨੂੰ ਅਪੰਗਤਾ ਦੀ ਸ਼੍ਰੇਣੀ ਵਿੱਚ ਸ਼ਾਮਲ ਕਰਨਾ

***1023. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜਿਨ੍ਹਾਂ ਵਿਅਕਤੀਆਂ ਦੇ ਕਿਸੇ ਕਾਰਣ ਕਰਕੇ ਗੁਰਦੇ ਖਰਾਬ ਹੋ ਗਏ ਹਨ ਅਤੇ ਉਨ੍ਹਾਂ ਨੇ ਗੁਰਦਾ ਟਰਾਂਸਫਰ ਕਰਵਾਕੇ ਆਪਣਾ ਇਲਾਜ ਕਰਵਾ ਲਿਆ ਹੈ, ਕੀ ਉਨ੍ਹਾਂ ਵਿਅਕਤੀਆਂ ਨੂੰ ਪੰਜਾਬ ਸਰਕਾਰ ਕੋਈ ਵਿਸ਼ੇਸ਼ ਆਰਥਿਕ ਸਹਾਇਤਾ ਦੇ ਰਹੀ ਹੈ;

(ਅ) ਕੀ ਗੁਰਦਾ ਟਰਾਂਸਫਰ ਕਰਵਾਉਣ ਵਾਲੇ ਜਾਂ ਇੱਕ ਗੁਰਦਾ ਕਢਵਾ ਚੁੱਕੇ ਜਾਂ ਦਾਨ ਕਰਨ ਚੁੱਕੇ ਵਿਅਕਤੀਆਂ ਨੂੰ ਅਪੰਗਤਾ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ ਜਾਂ ਨਹੀਂ, ਪੰਜਾਬ ਵਿੱਚ ਅਜਿਹੇ ਕਿੰਨੇ ਕੇਸ ਹਨ; ਵੇਰਵੇ ਸਾਹਿਤ ਦੱਸਿਆ ਜਾਵੇ ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ,

(ੳ) ਨਹੀਂ ਜੀ, ਗੁਰਦਾ ਟਰਾਂਸਪਲਾਂਟ ਕਰਵਾ ਚੁੱਕੇ ਵਿਅਕਤੀਆਂ ਨੂੰ ਕੋਈ ਵਿਸ਼ੇਸ਼ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਂਦੀ ਹੈ।

(ਅ) ਨਹੀਂ ਜੀ, ਜਿਨ੍ਹਾਂ ਵਿਅਕਤੀਆਂ ਨੇ ਗੁਰਦਾ ਟਰਾਂਸਪਲਾਂਟ ਕਰਵਾਇਆ ਹੈ ਜਾਂ ਜਿਨ੍ਹਾਂ ਨੇ ਗੁਰਦਾ ਦਾਨ ਕੀਤਾ ਹੈ, ਉਨ੍ਹਾਂ ਨੂੰ ਦਿਵਿਆਂਗਜਨ ਵਿਅਕਤੀਆਂ ਵਜੋਂ ਸ਼੍ਰੇਣੀ ਬੱਧ ਨਹੀਂ ਕੀਤਾ ਗਿਆ ਹੈ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਸਤੇ People with disability Act ਬਣਿਆ ਹੋਇਆ ਹੈ, ਜਿਸ ਵਿੱਚ ਪੂਰਾ ਸਪੈਸਿਫਾਈ ਕੀਤਾ ਹੋਇਆ ਹੈ। ਇਸ ਅਧੀਨ ਜਿਸ ਦਾ ਗੁਰਦਾ ਖਰਾਬ ਹੋ ਗਿਆ ਹੈ ਜਾਂ ਜਿਸ ਨੇ ਗੁਰਦਾ ਦਾਨ ਕੀਤਾ ਹੋਇਆ ਹੈ, ਉਹ ਉਸ ਲਿਸਟ ਵਿੱਚ ਨਹੀਂ ਆਉਂਦੇ। ਮੈਂ ਮੈਂਬਰ ਸਾਹਿਬ ਨੂੰ ਇਹ ਲਿਸਟ ਪ੍ਰੋਵਾਈਡ ਕਰਵਾ ਦੇਵਾਂਗਾ ਪਰ ਪੰਜਾਬ ਸਰਕਾਰ ਆਪਣੇ ਪੱਧਰ ਤੇ ਬਹੁਤ ਸਾਰੇ ਉਪਰਾਲੇ ਕਰ ਰਹੀ ਹੈ। ਪ੍ਰਧਾਨ ਮੰਤਰੀ ਸਿਹਤ ਬੀਮਾ ਯੋਜਨਾ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਅਜਿਹੇ ਵਿਅਕਤੀਆਂ ਦਾ ਡਾਇਲਸਿਜ਼ ਕਰਵਾਇਆ ਜਾਂਦਾ ਹੈ। ਜਿਹੜੇ ਸਰਕਾਰੀ ਜਾਂ ਪਬਲਿਕ ਸੈਕਟਰ ਅੰਡਰਟੇਕਿਗਜ਼ ਦੇ ਕਰਮਚਾਰੀਆਂ ਦੇ ਆਸ਼ਰਿਤ ਹਨ, ਉਨ੍ਹਾਂ ਨੂੰ ਮੈਡੀਕਲ ਬਿਲਾਂ ਦੀ ਰੀਇੰਬਰਸਮੈਂਟ ਹੁੰਦੀ ਹੈ। ਇਸ ਵਕਤ ਇਨ੍ਹਾਂ ਵਾਸਤੇ ਕੋਈ ਅਪੰਗਤਾ ਸਕੀਮ ਜਿਵੇਂ ਪੈਨਸ਼ਨ ਆਦਿਕ ਲਾਗੂ ਨਹੀਂ ਹੁੰਦੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ :**ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਬੰਧੀ ਕੋਈ ਕਮੇਟੀ ਬਣਾਈ ਜਾ ਸਕਦੀ ਹੈ ਕਿਉਂਕਿ ਪੰਜਾਬ ਵਿੱਚ ਕਿਡਨੀ ਟ੍ਰਾਂਸਪਲਾਂਟ ਦੇ ਬਹੁਤ ਸਾਰੇ ਕੇਸ ਹਨ, ਜਿਨ੍ਹਾਂ ਨੂੰ ਸੈਂਟਰ ਸਰਕਾਰ ਨਾਲ ਡਿਸਕਸ ਕਰਕੇ ਅਪੰਗਤਾ ਦੀ ਸ੍ਰੇਣੀ ਵਿੱਚ ਲਿਆਉਣ ਦੇ ਯਤਨ ਕੀਤੇ ਜਾਣ।

**ਮੰਤਰੀ** : ਸਪੀਕਰ ਸਾਹਿਬ, ਇਹ ਬੜੀ ਵਾਜ਼ਬ ਮੰਗ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਬੜਾ ਸਟ੍ਰਾਂਗ ਕੇਸ ਵੀ ਹੈ, ਜਿਸ ਵਾਸਤੇ ਕਮੇਟੀ ਬਣਾਉਣ ਦੀ ਵੀ ਲੋੜ ਨਹੀਂ ਹੈ। ਮੈਂ ਐਜ਼ ਹੈਲਥ ਮਨਿਸਟਰ ਯੂਨੀਅਨ ਹੈਲਥ ਮਨਿਸਟਰ ਨੂੰ ਇਕ ਰਿਕੁਮੈਂਡੇਸ਼ਨ ਭੇਜਾਂਗਾ ਤਾਂ ਜੋ ਲਿਸਟ ਵਿੱਚ ਕਿਡਨੀ ਟ੍ਰਾਂਸਪਲਾਂਟ ਦੇ ਪੇਸ਼ੈਂਟਸ ਨੂੰ ਵੀ ਐਡ ਕੀਤਾ ਜਾਵੇ ਤਾਂ ਜੋ ਇਹ ਵੀ ਪੈਨਸ਼ਨ ਜਾਂ ਰਾਸ਼ਣ ਵਰਗੀਆਂ ਸਹੂਲਤਾਂ ਅਤੇ ਟ੍ਰਾਂਸਪੋਰਟ ਦੀ ਸਹੂਲਤ ਲੈ ਸਕਣ ਕਿਉਂਕਿ ਇਨ੍ਹਾਂ ਪੇਸ਼ੈਂਟਸ ਨੂੰ ਪਰਿਵਾਰ ਨੇ ਲੈ ਕੇ ਜਾਣਾ ਹੁੰਦਾ ਹੈ, ਨਾਲ ਟ੍ਰੈਵਲ ਕਰਨਾ ਹੁੰਦਾ ਹੈ, ਟ੍ਰੀਟਮੈਂਟ ਫਾਲੋਅੱਪ ਕਰਨਾ ਹੁੰਦਾ ਹੈ। ਸੋ ਮੈਂ ਇਨ੍ਹਾਂ ਸਾਰੀਆਂ ਸਹੂਲਤਾਂ ਵਾਸਤੇ ਆਪਣੇ ਵਲੋਂ ਡੀਓ ਲੈਟਰ ਅਸ਼ੋਰ ਕਰਦਾ ਹਾਂ। (ਥੰਪਿੰਗ) ਮੈਂ ਵੀ ਆਪਣੇ ਹਾਊਸ ਰਾਹੀਂ ਇਹ ਮੰਗ ਕੇਂਦਰ ਸਰਕਾਰ ਕੋਲ ਚੁੱਕਦਾ ਹਾਂ ਕਿ ਇਸ ਨੂੰ ਵੀ People with disability Act ਵਿੱਚ ਸ਼ਾਮਲ ਕੀਤਾ ਜਾਵੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਹੈਲਥ ਦਾ ਟਾਪਿਕ ਸਟੇਟ ਲਿਸਟ ਵਿੱਚ ਆਉਂਦਾ ਹੈ ਕਿ ਕਨਕੰਟ ਲਿਸਟ ਵਿੱਚ ਆਉਂਦਾ ਹੈ?

**ਮੰਤਰੀ** : ਸਰ, ਐਕਚੁਲੀ ਇਹ ਦੋਹਾਂ ਵਿੱਚ ਆਉਂਦਾ ਹੈ। ਮੈਂ ਸੈਂਟਰਲ ਐਕਟ ਲੈ ਕੇ ਆਇਆ ਹਾਂ। ਇਕ ਸਟੇਜ ਤੇ ਪੰਜਾਬ ਸਰਕਾਰ ਨੇ 21 ਕੰਡੀਸ਼ਨਜ਼ ਐਡ ਕਰ ਦਿੱਤੀਆਂ ਸਨ ਲੇਕਿਨ ਬਾਅਦ ਵਿੱਚ ਸੈਂਟਰ ਸਰਕਾਰ ਨੇ ਕਿਹਾ ਸੀ ਕਿ ਤੁਸੀਂ ਉਹੀ ਕੰਡੀਸ਼ਨਜ਼ ਐਡ ਕਰੋਗੇ ਜੋ ਸੈਂਟਰ ਦੀ ਲਿਸਟ ਵਿੱਚ ਐਗਜ਼ਿਸਟ ਕਰਦੀਆਂ ਹਨ। ਸੋ, ਆਪਾਂ ਨੂੰ ਉੱਥੇ ਚੇਂਜ਼ ਕਰਵਾਉਣਾ ਪਵੇਗਾ। ਸੈਂਟਰਲ ਐਕਟ ਵਿੱਚ ਇਹ ਤਦ ਹੀ ਐਡ ਹੋਵੇਗਾ ਜੇਕਰ ਸੈਂਟਰ ਗੌਰਮਿੰਟ ਕਰੇਗੀ।

**ਮਾਣਯੋਗ ਸਪੀਕਰ** : ਇਕ ਵਾਰ ਅਸੀਂ ਕੈਂਸਰ ਪੇਸ਼ੈਂਟਸ ਲਈ ਬਸ ਪਾਸ ਦੀ ਸਹੂਲਤ ਦੀ ਮੰਗ ਕੀਤੀ ਸੀ ਜੋ ਕਿ ਪ੍ਰਵਾਨ ਹੋ ਗਈ ਸੀ।

**ਮੰਤਰੀ** : ਇਸ ਤਰ੍ਹਾਂ ਦੀਆਂ ਫੈਸਿਲਟੀਜ਼ ਵਾਸਤੇ ਸਰਕਾਰ ਆਪਣੇ ਲੈਵਲ ਤੇ ਬੈਠ ਕੇ ਫੈਸਲਾ ਕਰ ਸਕਦੀ ਹੈ।

**ਮਾਣਯੋਗ ਸਪੀਕਰ** : ਫੇਰ ਵੀ ਇਸ ਨੂੰ ਵਿਚਾਰ ਲਿਆ ਜਾਵੇ।

**ਮੰਤਰੀ** : ਹਾਂ ਜੀ, ਸਰਕਾਰ ਵਲੋਂ ਆਪਣੇ ਲੈਵਲ ਤੇ ਇਸ ਵਾਸਤੇ ਵਿਚਾਰ ਲਿਆ ਜਾਵੇਗਾ।

## ਹਲਕਾ ਜਗਰਾਓਂ ਦੇ ਪਿੰਡ ਅਖਾੜਾ ਵਿਖੇ ਬਣੇ ਨਹਿਰੀ ਵਿਸ਼ਰਾਮ ਘਰ ਦਾ ਨਵੀਨੀਕਰਨ ਕਰਨਾ

***1027. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਓਂ ਦੇ ਪਿੰਡ ਅਖਾੜਾ ਵਿਖੇ ਅਬੋਹਰ ਕੈਨਾਲ ਉੱਪਰ ਬਣੇ ਨਹਿਰੀ ਵਿਸ਼ਰਾਮ ਘਰ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਵਿਸ਼ਰਾਮ ਘਰ (ਵਿਰਾਸਤ) ਦੇ ਨਵੀਨੀਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਚੇਤਨ ਸਿੰਘ ਜੌੜਾਮਾਜਰਾ** : ਸ਼੍ਰੀਮਾਨ ਜੀ, ਅਖਾੜਾ ਰੈਸਟ ਹਾਊਸ ਅਬੋਹਰ ਨਹਿਰ ਦੇ ਖੱਬੇ ਪਾਸੇ ਆਰਡੀ1.57 ਲੱਖ ਤੇ ਸਥਿਤ ਹੈ। ਇਸ ਦੀ ਇਮਾਰਤ ਬਹੁਤ ਪੁਰਾਣੀ ਹੋਣ ਕਾਰਨ ਰੈਸਟ ਹਾਊਸ ਦੀ ਹਾਲਤ ਸਮੇਂ ਦੇ ਨਾਲ ਖਰਾਬ ਹੋ ਗਈ। ਪੰਜਾਬ ਵਿੱਚ 231 ਦੇ ਕਰੀਬ ਜਲ ਸਰੋਤ ਵਿਭਾਗ ਦੇ ਰੈਸਟ ਹਾਊਸ ਸਨ, ਜਿਨ੍ਹਾਂ ਵਿਚੋਂ 7 ਆਈਡੈਂਟੀਫਾਈ ਕੀਤੇ ਗਏ ਹਨ।

**1000/Beant kaur/Rajneesh kumar**

ਅਸੀਂ ਪੀ.ਆਈ.ਡੀ.ਬੀ. ਨਾਲ ਟੇਕਅੱਪ ਕਰਕੇ, ਇਨ੍ਹਾਂ ਨੂੰ ਪੀ.ਪੀ.ਪੀ. ਮੋਡ ਤੇ ਨਵੀਨੀਕਰਨ ਲਈ ਚੁਣਿਆ ਹੈ। ਬਾਕੀ ਜਿਹੜਾ ਮੈਂਬਰ ਸਾਹਿਬ ਕਹਿੰਦੇ ਹਨ, ਉਸ ਦੀ ਹਾਲਤ ਖਸਤਾ ਹੈ, ਅਸੀਂ ਫਿਰ ਵੀ ਅਗਲੇ ਪੜਾਅ ਵਿੱਚ

ਦੇਖਾਂਗੇ, ਜਿੰਨੇ ਕੁ ਵੀ ਹੋਰ ਠੀਕ ਹੋਣ ਵਾਲੇ ਹੋਏ, ਉਨ੍ਹਾਂ ਨੂੰ ਠੀਕ ਕਰਾਂਗੇ। ਕਿਉਂਕਿ ਇਹ ਰੈਸਟ ਹਾਊਸ ਅਤੇ ਜਿੰਨੀਆਂ ਵੀ ਪੁਰਾਣੀਆਂ ਬਿਲਡਿੰਗਾਂ ਸੀ, ਇਹ ਪੁਰਾਣੇ ਸਮੇਂ ਵਿੱਚ ਵਰਤੀਆਂ ਜਾਂਦੀਆਂ ਸਨ ਪ੍ਰੰਤੂ ਇਨ੍ਹਾਂ ਦੀ ਲੰਬੇ ਸਮੇਂ ਤੋਂ ਦੇਖਭਾਲ ਨਾ ਹੋਣ ਕਰਕੇ ਇਹ ਸਾਰੀਆਂ ਹੀ ਖੰਡਰ ਬਣ ਗਈਆਂ ਹਨ। ਸੋ, ਅਸੀਂ ਆਉਣ ਵਾਲੇ ਸਮੇਂ ਵਿੱਚ ਸਾਰਾ ਕੁਝ ਆਈਡੈਂਟੀਫਾਈ ਕਰ ਰਹੇ ਹਾਂ। ਅਸੀਂ ਸਾਰੀਆਂ ਲਿਸਟਾਂ ਮੰਗਵਾ ਲਈਆਂ ਹਨ। ਉਨ੍ਹਾਂ ਨੂੰ ਅਸੀਂ ਆਪ ਜਾ ਕੇ ਦੇਖਾਂਗੇ, ਵਿਜ਼ਿਟ ਕਰਾਂਗੇ ਅਤੇ ਜਿਹੜੀਆਂ ਵੀ ਸੈੱਟ ਹੋ ਸਕਣਗੀਆਂ, ਉਨ੍ਹਾਂ ਨੂੰ ਸੈੱਟ ਕਰਕੇ ਦੇਵਾਂਗੇ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਬਹੁਤ ਵਧੀਆ ਜਵਾਬ ਸੀ। ਦੇਖੋ ਜੀ, ਜੇ ਇਹ ਕੋਸ਼ਿਸ਼ ਕਰਨ ਤਾਂ ਇਹ ਕੀ ਨਹੀਂ ਕਰ ਸਕਦੇ? ਜਿੱਥੇ ਇਨ੍ਹਾਂ ਨੇ 7 ਬਿਲਡਿੰਗਾਂ ਆਈਡੈਂਟੀਫਾਈ ਕੀਤੀਆਂ ਹਨ, ਉਥੇ 8ਵੀਂ ਵੀ ਕਰ ਲੈਣ। ਸਪੀਕਰ ਸਾਹਿਬ, ਤੁਹਾਡੀ ਕਿਰਪਾ ਹੋ ਜਾਵੇ ਤਾਂ ਇਹ ਕੰਮ ਹੋ ਜਾਣ। ਤੁਸੀਂ ਮੰਤਰੀ ਸਾਹਿਬ ਨੂੰ ਮੇਰੇ ਵਲੋਂ ਕਹਿ ਦਿਉ ਕਿ ਜੇ 7 ਹੋ ਗਈਆਂ ਤਾਂ 8 ਵੀ ਹੋ ਜਾਣਗੀਆਂ, ਇਸ ਨਾਲ ਮੇਰੇ ਜਗਰਾਉਂ ਦੇ ਲੋਕਾਂ ਦਾ ਫਾਇਦਾ ਹੋ ਜਾਵੇਗਾ। ਥੈਂਕਿਯੂ ਸਰ।

**ਮਾਣਯੋਗ ਸਪੀਕਰ:** ਵੈਸੇ ਮੇਰਾ ਆਪਣਾ ਐਕਸਪੀਰੀਐਂਸ ਹੈ ਕਿ ਜਿੰਨਾ ਸੋਹਣਾ ਪੰਜਾਬ ਹੈ, ਦੁਨੀਆਂ ਵਿੱਚ ਹੋਰ ਕੋਈ ਜਗ੍ਹਾ ਨਹੀਂ ਹੈ। ਜੇ ਆਪਾਂ ਇਨ੍ਹਾਂ ਨਹਿਰੀ ਵਿਸ਼ਰਾਮ ਘਰਾਂ ਨੂੰ as tourists destinations organize ਕਰੀਏ, ਭਾਵੇਂ ਪੀ.ਪੀ.ਪੀ. ਮੋਡ ਤੇ ਕਰੀਏ ਜਾਂ ਹੋਰ ਜਿਸ ਤਰ੍ਹਾਂ ਮਰਜ਼ੀ ਹੋ ਜਾਵੇ, ਮੇਰਾ ਖਿਆਲ ਹੈ ਮੰਤਰੀ ਜੀ ਕਿ ਜੇ ਇਨ੍ਹਾਂ 7 ਬਿਲਡਿੰਗਾਂ ਦੀ ਥਾਂ ਤੇ 70 ਵੀ ਆਈਡੈਂਟੀਫਾਈ ਕਰਵਾ ਲਵੋ ਤਾਂ ਇਸ ਨਾਲ ਪੰਜਾਬ ਨੂੰ ਫਾਇਦਾ ਹੋ ਜਾਵੇਗਾ। ਇਸ ਸਬੰਧ ਵਿੱਚ ਜਲਦੀ ਕਾਰਵਾਈ ਕਰੋ। ਮੈਂ ਰਣਜੀਤ ਸਾਗਰ ਡੈਮ, ਸ਼ਾਹਪੁਰਕੰਡੀ ਗਿਆ ਸੀ। ਉਹ ਇੰਨਾ ਸੋਹਣਾ ਹੈ, ਮੇਰਾ ਖਿਆਲ ਹੈ ਕਿ ਉਨਾ ਸੋਹਣਾ ਸਵਿਟਜ਼ਰਲੈਂਡ ਵੀ ਨਹੀਂ ਹੈ। ਜਿਹੜਾ ਹੁਸ਼ਿਆਰਪੁਰ ਦੇ ਨਾਲ ਬੰਨ ਡੈਮ ਹੈ, ਉਸ ਦੇ ਜਿੰਨਾ ਸੋਹਣਾ ਗੋਆ ਵੀ ਨਹੀਂ ਹੈ, ਉਨੀ ਸਫਾਈ ਨਹੀਂ ਹੈ। ਮੇਰਾ ਇੱਕ ਐਨ.ਆਰ.ਆਈ. ਸਾਥੀ ਕਹਿੰਦਾ ਕਿ ਅਸੀਂ ਆਪਣੇ ਦੇਸ਼ ਵਿੱਚ ਘੁੰਮਣ ਆਉਣਾ ਹੈ, ਕੇਰਲਾ ਵੀ ਜਾਣਾ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪਹਿਲਾਂ ਪੰਜਾਬ ਘੁੰਮ ਲਵੋ। ਉਹ ਇਸ ਗੱਲ ਨਾਲ ਕਨਵਿੰਸ ਹੋ ਗਿਆ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਪੰਜਾਬ ਨੂੰ ਤੁਸੀਂ tourists destination ਬਣਾਉ । ਇਸ ਵਾਸਤੇ ਥੋੜ੍ਹਾ ਜਿਹਾ ਮੈਨੇਜ ਕਰਨ ਦੀ ਲੋੜ ਹੈ। ਪਿਛਲੀਆਂ ਸਰਕਾਰਾਂ ਨੇ ਇਸ ਪਾਸੇ ਵੱਲ ਧਿਆਨ ਨਹੀਂ ਦਿੱਤਾ, ਇਹ ਜਾਪਦਾ ਹੈ ਕਿ ਤੁਸੀਂ ਧਿਆਨ ਦਿਉਗੇ।

**ਮੰਤਰੀ:** ਸਰ, ਜਦੋਂ ਹੀ ਮੈਨੂੰ ਇਹ ਮਹਿਕਮਾ ਮਿਲਿਆ ਹੈ, ਸਭ ਤੋਂ ਪਹਿਲਾਂ ਮੈਂ ਇਹੀ ਕੰਮ ਕੀਤਾ ਹੈ, ਜਿੰਨੇ ਵੀ ਰੈਸਟ ਹਾਊਸ ਪੰਜਾਬ ਵਿੱਚ ਹਨ, ਉਨ੍ਹਾਂ ਸਾਰਿਆਂ ਦੀ ਲਿਸਟ ਮੰਗਵਾਈ। ਉਨ੍ਹਾਂ ਵਿਚੋਂ ਫਿਰ ਆਈਡੈਂਟੀਫਾਈ

ਕੀਤੇ ਕਿ ਪਹਿਲੇ ਫੇਜ਼ ਦੇ ਵਿੱਚ ਕਿੰਨੇ ਹਨ ਜਿਹੜੇ ਘੱਟ ਪੈਸਿਆਂ ਨਾਲ ਸਹੀ ਹੋ ਸਕਦੇ ਹਨ, ਪਹਿਲਾਂ ਉਹ ਕਰਾਂਗੇ। ਸਰ, ਅਸੀਂ ਤਾਂ ਚਾਹੁੰਦੇ ਹਾਂ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਈਏ। ਪਰ ਪਿਛਲੇ ਸਮਿਆਂ ਦੇ ਵਿੱਚ ਹਾਲਾਤ ਹੀ ਇੰਨੇ ਮਾੜੇ ਕੀਤੇ ਹੋਏ ਹਨ, ਉਸ ਨੂੰ ਠੀਕ ਕਰਦੇ ਕਰਦੇ ਥੋੜ੍ਹਾ ਟਾਈਮ ਲਗ ਸਕਦਾ ਹੈ। ਸਪੀਕਰ ਸਾਹਿਬ, ਕਈ ਜਗ੍ਹਾ ਤੇ, ਜਿੱਥੇ ਤਾਂ ਪੰਜ-ਛੇ ਜਾਂ ਸੱਤ ਏਕੜ ਜਗ੍ਹਾ ਵਿੱਚ ਰੈਸਟ ਹਾਊਸ ਹੈ, ਉਥੇ ਤਾਂ ਪੀ.ਪੀ.ਪੀ. ਮੋਡ ਤੇ ਜਲਦੀ ਹੋ ਜਾਵੇਗਾ ਪਰ ਜਿੱਥੇ ਜਗ੍ਹਾ ਥੋੜ੍ਹੀ ਹੈ, ਜਿੱਥੇ ਕਿੱਲਾ ਜਾਂ ਦੋ ਕਿੱਲੇ ਜਗ੍ਹਾ ਹੈ ਜਾਂ ਦੋ ਵਿਘੇ ਹਨ, ਉਥੇ ਥੋੜ੍ਹਾ ਟਾਈਮ ਲਗੇਗਾ। ਸੋ, ਅਸੀਂ ਜਗ੍ਹਾ ਆਈਡੈਂਟੀਫਾਈ ਕਰਕੇ, ਜਿਥੇ ਜ਼ਿਆਦਾ ਪੈਲੀ ਪਈ ਹੈ, ਉਨ੍ਹਾਂ ਨੂੰ ਜਲਦੀ ਕਰਵਾਵਾਂਗੇ, ਜਿਥੇ ਘੱਟ ਜਗ੍ਹਾ ਹੈ, ਉਨ੍ਹਾਂ ਨੂੰ ਇਸ ਤੋਂ ਬਾਅਦ ਲੈ ਕੇ ਆਵਾਂਗੇ। ਥੈਂਕਿਊ, ਸਰ।

**ਮਾਣਯੋਗ ਸਪੀਕਰ**: ਵੈਸੇ ਮੈਨੂੰ ਇਹ ਲਗਦਾ ਹੈ ਕਿ ਇਸ ਤੇ ਕੋਈ ਪੈਸੇ ਦੀ ਕੰਨਸਟ੍ਰੇਂਟ ਵੀ ਨਹੀਂ ਆਉਣੀ ਕਿਉਂਕਿ ਐਨ.ਆਰ.ਆਈ. ਤਾਂ ਹੱਥਾਂ ਤੇ ਚੁੱਕੀ ਫਿਰਦੇ ਹਨ, ਤੁਸੀਂ ਉਨ੍ਹਾਂ ਨੂੰ ਕਹੋ ਤਾਂ ਸਹੀ। ਉਹ ਤਾਂ ਆਉਣ ਨੂੰ ਤਿਆਰ ਬੈਠੇ ਹਨ। ਉਹ ਰਾਤੋਂ-ਰਾਤ ਕੰਮ ਕਰ ਦੇਣਗੇ। ਹਾਂ ਜੀ, ਪੁਰੀ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸ਼੍ਰੀ ਨਰੇਸ਼ ਪੁਰੀ**: ਸਪੀਕਰ ਸਾਹਿਬ, ਜਿਸ ਤਰ੍ਹਾਂ ਮੰਤਰੀ ਜੀ ਨੇ ਕਿਹਾ ਹੈ ਕਿ ਰੈਸਟ ਹਾਊਸ ਆਈਡੈਂਟੀਫਾਈ ਕਰ ਰਹੇ ਹਾਂ ਜੀ। ਇਸ ਤਰ੍ਹਾਂ ਮੇਰਾ ਇਲਾਕਾ ਮਾਧੋਪੁਰ ਹੈ, ਤੁਸੀਂ ਵੀ ਉਥੇ ਵਿਜ਼ਿਟ ਕੀਤਾ ਹੈ, ਉਹ ਬੜਾ ਖ਼ੂਬਸੂਰਤ ਇਲਾਕਾ ਹੈ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਬਹੁਤ ਖ਼ੂਬਸੂਰਤ ਹੈ।

**ਸ਼੍ਰੀ ਨਰੇਸ਼ ਪੁਰੀ**: ਪਰ ਜਦੋਂ ਜ਼ਿਲ੍ਹਾ ਬਣਿਆ ਹੈ ਤਾਂ ਉਦੋਂ ਰੈਸਟ ਹਾਊਸ ਅਫ਼ਸਰਾਂ ਨੂੰ ਰਿਹਾਇਸ਼ ਵਜੋਂ ਦੇ ਦਿੱਤੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਬੰਧਤ ਅਫ਼ਸਰਾਂ ਨੂੰ ਕੋਈ ਦੂਜੀ ਜਗ੍ਹਾ ਪ੍ਰੋਵਾਈਡ ਕਰਕੇ, ਉਹ ਰੈਸਟ ਹਾਊਸ ਵੀ ਸਟੋਰ ਕੀਤੇ ਜਾਣ।

**ਮਾਣਯੋਗ ਸਪੀਕਰ**: ਬਿਲਕੁਲ ਠੀਕ, ਬਿਲਕੁਲ ਠੀਕ ਹੈ ਜੀ।

---------------------

## ਸੜਕਾਂ ਤੇ ਲੱਗੇ ਸਫੈਦੇ ਦੇ ਦਰੱਖਤਾਂ ਨੂੰ ਹਟਾਉਣਾ

*1034 **ਸਰਦਾਰ ਹਰਮੀਤ ਸਿੰਘ ਪਠਾਣਮਾਜਰਾ**: ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸੜਕਾਂ ਦੇ ਨਾਲ ਲਗਦੇ ਸਫੈਦੇ ਦੇ ਦਰੱਖਤਾਂ ਨੂੰ ਹਟਾਉਣ ਦਾ ਵਿਚਾਰ ਰੱਖਦੀ ਹੈ ਤਾਂ ਜੋ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਨਾ ਜਾ ਸਕੇ; ਜੇਕਰ ਹਾਂ ਤਾਂ ਕਦੋਂ ਤੱਕ?

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਫੈਦੇ ਹਨ, ਇਹ ਸੇਮ ਰੋਕਣ ਲਈ ਲਗਾਏ ਜਾਂਦੇ ਸੀ। ਇਹ 1790 ਵਿੱਚ ਇੰਡੀਆ ਵਿੱਚ ਆਏ ਸੀ। ਇੱਕ ਸਫੈਦਾ ਰੋਜ਼ 1000 ਲੀਟਰ ਪਾਣੀ ਪੀਂਦਾ ਹੈ। ਆਪਣਾ ਜਿਹੜਾ ਪੰਜਾਬ ਦਾ ਪਾਣੀ ਹੈ, ਉਹ ਦਿਨ ਪ੍ਰਤੀ ਦਿਨ ਥੱਲੇ ਜਾ ਰਿਹਾ ਹੈ। ਆਪਾਂ ਇੱਕ ਚੀਜ਼ ਤੇ ਜ਼ੋਰ ਲਗਾਇਆ ਹੋਇਆ ਹੈ ਕਿ ਬੋਰਾਂ ਨੇ ਜ਼ਿਆਦਾ ਪਾਣੀ ਪੀਤਾ ਹੈ। ਮੈਂ ਚਾਹੁੰਦਾ ਹਾਂ ਕਿ ਸਫੈਦੇ ਦੀ ਖੇਤੀ ਪੰਜਾਬ ਵਿਚੋਂ ਬੰਦ ਕੀਤੀ ਜਾਵੇ, ਜਿੱਥੇ ਸੇਮ ਹੁੰਦੀ ਹੈ, ਉਥੇ ਸਫੈਦੇ ਦੀ ਲੋੜ ਪੈ ਸਕਦੀ ਹੈ ਪਰ ਜਿਥੋਂ ਸੇਮ ਖਤਮ ਹੋ ਜਾਵੇ, ਉਥੋਂ ਸਫੈਦੇ ਪੁੱਟ ਦਿੱਤੇ ਜਾਣੇ ਚਾਹੀਦੇ ਹਨ। ਅੱਜ ਸੜਕਾਂ ਦੇ ਉਤੇ ਬਹੁਤ ਮੋਟੇ ਮੋਟੇ ਸਫੈਦੇ ਹਨ, ਉਨ੍ਹਾਂ ਦੀ ਉਮਰ ਵੀ ਪੂਰੀ ਹੋ ਚੁੱਕੀ ਹੈ, ਜਦੋਂ ਕੋਈ ਹਨੇਰੀ ਆਉਂਦੀ ਹੈ ਤਾਂ ਉਹ ਲੋਕਾਂ ਦਾ ਨੁਕਸਾਨ ਕਰਦੇ ਹਨ। ਇਸ ਦੇ ਕਾਰਨ ਕਈ ਗੱਡੀਆਂ ਅਤੇ ਬੰਦੇ ਨੁਕਸਾਨੇ ਗਏ ਹਨ। ਸਭ ਤੋਂ ਵੱਧ ਇਹ ਪੰਜਾਬ ਵਿੱਚ ਪਾਣੀ ਦਾ ਨੁਕਸਾਨ ਕਰ ਰਹੇ ਹਨ। ਅੱਜ ਜੋ ਸਾਡੀ ਧਰਤੀ ਹੈ, ਉਸ ਨੂੰ ਖੁਸ਼ਕ ਕਰਨ ਦੇ ਵਿੱਚ ਸਭ ਤੋਂ ਵੱਡਾ ਸਫੈਦਾ ਉਸ ਦਾ ਕਾਰਨ ਬਣਿਆ ਹੋਇਆ ਹੈ। ਇਸ ਸਫੈਦੇ ਦੀ ਸਮੱਸਿਆ ਤੇ ਗੌਰ ਕੀਤੀ ਜਾਵੇ। ਇਸ ਬਾਰੇ ਸਬੰਧਤ ਵਿਭਾਗ ਤੋਂ ਪੁੱਛ ਲਵੋ ਕਿ ਕੀ ਇਹ ਰੋਜ਼ ਦਾ 1000 ਲੀਟਰ ਪਾਣੀ ਪੀਂਦਾ ਹੈ ਜਾਂ ਨਹੀਂ ਪੀਂਦਾ? ਇਸ ਤੇ ਗੌਰ ਕੀਤੀ ਜਾਵੇ ਅਤੇ ਮੰਤਰੀ ਸਾਹਿਬ ਦੱਸਣ ਕਿ ਇਹ ਸਫੈਦੇ ਪੰਜਾਬ ਵਿਚੋਂ ਕਦੋਂ ਤੱਕ ਪੁਟਵਾਏ ਜਾਣਗੇ?

**1005/Karamjit kaur/Rajneesh kumar**

**1010/harpreet singh**

**ਸ੍ਰੀ ਲਾਲ ਚੰਦ** : ਮਾਣਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼੍ਰੀਮਾਨ ਜੀ, ਨਹੀਂ ਜੀ, ਸੜਕਾਂ ਦੇ ਕਿਨਾਰੇ ਖੜ੍ਹੇ ਹਰੇ ਸਫੈਦੇ ਦੇ ਦਰੱਖਤਾਂ ਨੂੰ ਕੱਟਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਕਿਉਂਕਿ ਅਜਿਹਾ ਕੋਈ ਵਿਗਿਆਨਕ ਅਧਿਐਨ ਨਹੀਂ ਹੈ, ਜਿਸ ਵਿਚ ਇਹ ਪਤਾ ਲੱਗਦਾ ਹੋਵੇ ਕਿ ਸੜਕਾਂ ਦੇ ਨਾਲ ਲਗਦੀਆਂ ਵਣ ਸਟਰਿਪਾਂ ਤੇ ਮਾਮੂਲੀ ਗਿਣਤੀ ਵਿਚ ਖੜ੍ਹੇ ਸਫੈਦੇ ਦੇ ਦਰੱਖਤਾਂ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਜਦਕਿ 83 ਫੀਸਦੀ ਧਰਤੀ ਹੇਠਲੇ ਪਾਣੀ ਦੀ ਵਰਤੋਂ ਖੇਤੀਬਾੜੀ ਲਈ (ਟਿਊਬਵੈਲਾਂ ਰਾਹੀਂ) ਕੀਤੀ ਜਾ ਰਹੀ ਹੈ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ:** ਸਪੀਕਰ ਸਾਹਿਬ, ਕਈ ਵਾਰ ਸਾਡੇ ਧਿਆਨ ਵਿਚ ਕੋਈ ਗੱਲ ਨਹੀਂ ਆਉਂਦੀ। ਸਫੈਦੇ ਦੀ ਬਜਾਏ ਜਿਵੇਂ ਟਾਹਲੀ, ਸਾਗਵਾਨ ਦੀ ਖੇਤੀ ਕਰ ਸਕਦੇ ਹਾਂ। ਸਫੈਦੇ ਦਾ ਇਕ ਬੂਟਾ ਹਰ ਰੋਜ਼ ਦਾ ਹਜ਼ਾਰ ਲੀਟਰ ਪਾਣੀ ਪੀਂਦਾ ਹੈ। ਇਸ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਮੰਤਰੀ ਜੀ, ਕਿਸੇ ਸਪੈਸ਼ਲਿਸਟ ਤੋਂ ਇਸ ਦੀ ਸਟੱਡੀ ਕਰਵਾ ਲਈ ਜਾਵੇ ਜੀ।

----------------------

## ਪਿੰਡ ਨੌਰੰਗਾਬਾਦ ਤੋਂ ਵਾਇਆ ਪਿੰਡ ਮਲਮੋਹਰੀ ਤੋਂ ਪਿੰਡ ਲਾਲਪੁਰਾ ਸੜਕ ਦੀ ਰਿਪੇਅਰ ਕਰਨਾ

***1041. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਦੇ ਪਿੰਡ ਨੌਰੰਗਾਬਾਦ ਤੋਂ ਵਾਇਆ ਪਿੰਡ ਮਲਮੋਹਰੀ ਤੋਂ ਪਿੰਡ ਲਾਲਪੁਰਾ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਦੀ ਰਿਪੇਅਰ 2016 ਤੋਂ ਡਿਊ ਹੈ; ਜੇਕਰ ਅਜਿਹਾ ਹੈ ਤਾਂ ਡਿਊ ਹੋਣ ਦੇ ਬਾਵਜੂਦ ਹੁਣ ਤੱਕ ਰਿਪੇਅਰ ਨਾ ਹੋਣ ਦੇ ਕੀ ਕਾਰਨ ਹਨ ਅਤੇ ਇਸ ਸੜਕ ਦੀ ਰਿਪੇਅਰ ਕਦੋਂ ਤੱਕ ਹੋ ਜਾਵੇਗੀ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਸ਼੍ਰੀਮਾਨ ਜੀ, ਹਾਂ। ਹਲਕਾ ਖਡੂਰ ਸਾਹਿਬ ਦੇ ਪਿੰਡ ਨੌਰੰਗਾਬਾਦ ਤੋਂ ਵਾਇਆ ਪਿੰਡ ਮਲਮੋਹਰੀ ਤੋਂ ਪਿੰਡ ਲਾਲਪੁਰਾ ਸੜਕ ਦੀ ਹਾਲਤ ਖਰਾਬ ਹੈ। ਇਸ ਸੜਕ ਦੀ ਆਖਰੀ ਮੁਰੰਮਤ ਮਾਰਚ 2016 ਵਿੱਚ ਕੀਤੀ ਗਈ ਸੀ ਅਤੇ ਅਪ੍ਰੈਲ 2022 ਵਿੱਚ ਮੁਰੰਮਤ ਲਈ ਡਿਊ ਹੋ ਗਈ ਸੀ। ਭਾਰਤ ਸਰਕਾਰ ਪਾਸੋਂ ਰੂਰਲ

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਧੰਨਵਾਦ ਜੀ। ਮੈਂ ਸਰਦਾਰ ਹਰਭਜਨ ਸਿੰਘ ਈ.ਟੀ.ਓ. ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੀਆਂ ਸਾਰੀਆਂ ਸੜਕਾਂ ਚੰਗੀਆਂ ਬਣਾ ਦਿੱਤੀਆਂ ਹਨ। ਬੱਸ ਇਹ ਚਾਰ-ਪੰਜ ਸੜਕਾਂ ਰਹਿ ਗਈਆਂ ਹਨ, ਇਹ ਵੀ ਬਣਾ ਦਿਓ ਜੀ।ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਮੇਰਾ ਹਲਕਾ ਗੁਰੂਆਂ ਦੀ ਧਰਤੀ ਤੁਸੀਂ ਬਹੁਤ ਸੋਹਣਾ ਬਣਾ ਦਿੱਤਾ ਹੈ। ਇਹ ਵੀ ਚਾਰ ਸੜਕਾਂ ਬਣਾ ਦਿਓ ਜੀ।

----------------------

## ਸੀ ਐਚ ਸੀ ਦਾਦਾ ਕਾਲੋਨੀ ਜਲੰਧਰ ਦੀ ਮੌਜੂਦਾ ਸਥਿਤੀ ਦੇ ਵੇਰਵੇ

***1017. ਸਰਦਾਰ ਅਵਤਾਰ ਸਿੰਘ ਜੂਨੀਅਰ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਦਾਦਾ ਕਾਲੋਨੀ ਜਲੰਧਰ ਵਿਖੇ ਅਰਬਨ ਕਮਿਊਨਿਟੀ ਹੈਲਥ ਸੈਂਟਰ (ਸੀ ਐਚ ਸੀ) ਸਥਿਤ ਹੈ:

ਅ) ਕਮਿਊਨਿਟੀ ਹੈਲਥ ਸੈਂਟਰ ਦੇ ਅਧੀਨ ਕੰਮ ਕਰ ਰਹੇ ਵੱਖ-ਵੱਖ ਸੈਂਟਰੇਵਾਰਡ ਜਿਵੇਂ ਕਿ ਜਣੇਪਾ ਵਾਰਡ, ਬਰਨ ਸੈਂਟਰ/ਵਾਰਡ ਅਤੇ ਆਰਥੋਪੈਡਿਕ ਸੈਂਟਰੇ/ਵਾਰਡ ਆਦਿ ਦੇ ਵੇਰਵੇ ਕੀ ਹਨ;

ੲ) ਅਕਤੂਬਰ, ਨਵੰਬਰ 2023 ਦੌਰਾਨ ਉਪਰੋਕਤ ਸੀ ਐਚ ਸੀ ਦੇ ਵੱਖ-ਵੱਖ ਸੈਂਟਰਾਂ/ਵਾਰਡਾ ਦੀ ਓ ਪੀ ਡੀ ਵਿੱਚ ਕਿੰਨੇ ਮਰੀਜ਼ ਅਟੈਂਡ ਕੀਤੇ ਗਏ;

ਸ) ਦੋ ਮਹੀਨਿਆਂ ਦੌਰਾਨ ਕਮਿਊਨਿਟੀ ਸੈਂਟਰ ਤੇ ਕਿੰਨਾ ਖਰਚਾ ਕੀਤਾ ਗਿਆ?

**ਡਾ. ਬਲਬੀਰ ਸਿੰਘ**

ੳ) ਹਾਂ ਸ਼੍ਰੀਮਾਨ ਜੀ, ਇਹ ਠੀਕ ਹੈ ਕਿ ਦਾਦਾ ਕਲੋਨੀ, ਜਲੰਧਰ ਵਿਖੇ ਸਥਿਤ ਮੈਡੀਕਲ ਸਹੂਲਤ 30 ਬਿਸਤਰਿਆਂ ਵਾਲਾ ਅਰਬਨ ਕਮਿਊਨਿਟੀ ਹੈਲਥ ਸੈਂਟਰ (UCHC) ਹੈ।

ਅ) ਹਸਪਤਾਲ ਵਿੱਚ ਹੇਠ ਲਿਖੀਆਂ ਸਹੂਲਤਾਂ ਉਪਲੱਬਧ ਹਨ:-

• ਲੈਬ, ਐਕਸ—ਰੇ, ਜਨਰਲ ਮਰਦ ਅਤੇ ਔਰਤ ਵਾਰਡ, ਲੇਬਰ ਰੂਮ ਅਤੇ ਅਪਰੇਸ਼ਨ ਥੀਏਟਰ। ਇਸ ਹਸਪਤਾਲ ਦਾ ਕੰਮ ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਦੀ ਦੇਖ—ਰੇਖ ਹੇਠ ਚੱਲ ਰਿਹਾ ਹੈ। ਇਸ ਤੋਂ ਇਲਾਵਾ ਹਸਪਤਾਲ ਵਿੱਚ ਉਪਲਬਧ ਹੋਰ ਮੈਡੀਕਲ ਸਪੈਸ਼ਲਟੀਜ਼/ਸਪੈਸ਼ਲਿਸਟ ਹਨ ਮੈਡੀਸਨ 1, ਸਰਜਰੀ 1, ਔਰਤਾਂ ਦੇ ਮਾਹਿਰ 1, ਮੈਡੀਕਲ ਅਫਸਰ (ਐਮ.ਬੀ.ਬੀ.ਐਸ.) 1, ਦੰਦਾਂ ਦਾ ਡਾਕਟਰ 1. ਹਸਪਤਾਲ ਵਿੱਚ ਤਾਇਨਾਤ ਹੋਰ ਸਟਾਫ਼ ਨਰਸਾਂ 2, ਫਾਰਮਾਸਿਸਟ 3, ਲੈਬ ਟੈਕਨੀਸ਼ੀਅਨ ਗਰੇਡ I ਅਤੇ II-1, ਰੇਡਿਓਗਰਾਫਰ 1

J) ਮਹੀਨਾਂ ਅਕਤੂਬਰ 2023 ਅਤੇ ਨਵੰਬਰ 2023 ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ

| S. No | Specialty | October(OPD/IPD) | | November (OPD/IPD) | |
|---|---|---|---|---|---|
| 1 | Chest | 733 | 4 | 850 | 5 |
| 2 | Surgery | 210 | 10 | 450 | 2 |
| 3 | Gynecology | Doctor on leave | | 0 | |
| 4 | Dental | 797 | | 411 | |
| 5 | MO(General) | 1133 | | 901 | |

;) ਸਟਾਫ ਦੀ ਤਨਖਾਹ ਤੋਂ ਇਲਾਵਾ ਹਸਪਤਾਲ ਵਿਖੇ ਅਕਤੂਬਰ, 2023 ਵਿੱਚ 85,815/-ਰੁਪਏ ਖਰਚ ਕੀਤੇ ਗਏ ਅਤੇ ਨਵੰਬਰ 2023 ਵਿੱਚ 50,072/-, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਇਹ ਰਾਸ਼ੀ ਹੇਠ ਲਿਖੇ ਕੰਮਾਂ ਤੇ ਖਰਚਾਂ ਕੀਤੇ ਗਏ ਹਨ:-

1. ਦਵਾਈਆਂ
2. ਲੈਬ ਰਿਏਜੰਟ
3. ਡੈਂਟਲ ਸਾਜੋ ਸਮਾਨ
4. ਐਲ.ਈ.ਡੀ ਲਾਇੰਨਗ

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਹੁਤ ਇੰਪਾਰਟੈਂਟ ਜਗ੍ਹਾ ਤੇ ਇਹ ਸੀ.ਐਚ.ਸੀ. ਬਣੀ ਹੋਈ ਹੈ। ਇਸ ਦੇ ਆਲੇ ਦੁਆਲੇ ਫੋਕਲ ਪੁਆਇੰਟ ਬਣਿਆ ਹੋਇਆ ਹੈ। ਇੱਥੇ ਬਹੁਤ ਹੀ ਗਰੀਬ ਲੋਕ ਰਹਿੰਦੇ ਹਨ। ਲਗਭੱਗ 60-70 ਹਜ਼ਾਰ ਲੋਕ ਇੱਥੇ ਰਹਿੰਦੇ ਹਨ। ਜਿਵੇਂ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਉੱਥੇ ਗਾਈਨਾਕੋਲੋਜਿਸਟ ਹੈ ਪਰ ਉੱਥੇ ਇਕ ਵੀ ਡਿਲੀਵਰੀ ਨਹੀਂ ਹੋਈ। ਸਪੀਕਰ ਸਾਹਿਬ, ਸਾਡੇ ਫੋਕਲ ਪੁਆਇੰਟ ਵਿਚ 15 ਦਿਨਾਂ ਪਹਿਲਾਂ ਦੋ ਵਾਰ ਅੱਗ ਲੱਗੀ ਹੈ, ਜਿਸ ਕਾਰਨ ਕਈ ਲੋਕ ਉੱਥੇ ਧੂੰਏ ਨਾਲ ਬਿਮਾਰ ਹੋਏ, ਅੱਗ ਨਾਲ ਜਲੇ ਵੀ ਪਰ ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲ ਵਿਚ ਲਿਜਾਣਾ ਪਿਆ, ਜਦੋਂ ਕਿ ਉਨ੍ਹਾਂ ਨੂੰ ਸੀ.ਐਚ.ਸੀ ਵਿਚ ਲਿਜਾਣਾ ਚਾਹੀਦਾ ਸੀ। ਸੋ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਕੁੱਲ ਕਿੰਨੀਆਂ ਪੋਸਟਾਂ ਹਨ, ਕਿੰਨੇ ਡਾਕਟਰ ਕੰਮ ਕਰ ਰਹੇ ਹਨ ਅਤੇ ਖਾਲੀ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ

ਸੀ.ਐਚ.ਸੀ. ਵਿਚ ਆਪ੍ਰੇਸ਼ਨ ਥਿਏਟਰ, ਲਿਫਟ ਦੀ ਜ਼ਰੂਰਤ ਹੈ। ਲਿਫਟ ਕਰਕੇ ਬਹੁਤ ਵੱਡੀ ਸਮੱਸਿਆ ਆਉਂਦੀ ਹੈ। ਇਸ ਲਿਫਟ ਦਾ ਪ੍ਰਬੰਧ ਕਦੋਂ ਤੱਕ ਕਰ ਦਿੱਤਾ ਜਾਵੇਗਾ ਜੀ?

**1010/harpreet singh/Monika sharma**

**1015/amandeep kaur**

**ਮਾਣਯੋਗ ਸਪੀਕਰ:** ਮੰਤਰੀ ਜੀ, ਥੋੜਾ ਸਾ ਤੋ ਲਿਫਟ ਕਰਾਂ ਦੇਂ। (ਹਾਸਾ)

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਡਾਕਟਰ ਪੋਸਟਿਡ ਹਨ। ਐਸ.ਐਮ.ਓ ਦੀ ਪੋਸਟ ਦਾ ਅਡੀਸ਼ਨਲ ਚਾਰਜ ਦਿੱਤਾ ਹੋਇਆ ਹੈ। ਉਨ੍ਹਾ ਦੀ ਡੀ.ਪੀ.ਸੀ ਚੱਲਦੀ ਪਈ ਹੈ। ਜਿਵੇਂ ਹੀ ਨਵੇਂ ਐਸ.ਐਮ.ਓਜ਼ ਆਉਣਗੇ ਉਦੋਂ ਮੈਂ ਉਥੇ ਰੈਗੂਲਰ ਐਸ.ਐਮ.ਓ ਵੀ ਪੋਸਟ ਕਰਾਂਗਾ। ਮੈਂਬਰ ਸਾਹਿਬ ਕਹਿੰਦੇ ਹਨ ਕਿ ਉਥੇ ਡਿਲੀਵਰੀ ਕੇਸ ਨਹੀਂ ਹੁੰਦੇ ਹਨ। ਉਥੇ ਜਿਹੜੀ ਗਾਇਨਾਕਾਲੋਜਿਸਟ ਲੇਡੀ ਹੈ, ਉਸ ਦੀ ਆਪਣੀ ਡਿਲੀਵਰੀ ਹੋਈ ਹੈ ਅਤੇ ਉਹ ਪ੍ਰਸੂਤਾ ਛੁੱਟੀ ਤੇ ਹੈ। ਇਸ ਕਰਕੇ ਦਿੱਕਤ ਪੇਸ਼ ਆ ਰਹੀ ਹੈ। ਪਹਿਲਾਂ ਤਾਂ ਉਥੇ ਇਹ ਲੜਕੀ ਕੰਮ ਕਰ ਰਹੀ ਸੀ। ਜਦੋਂ ਉਹ ਛੁੱਟੀ ਤੋਂ ਵਾਪਸ ਆ ਜਾਵੇਗੀ ਫਿਰ ਦੁਬਾਰਾ ਤੋਂ ਡਿਲੀਵਰੀ ਕੇਸ ਹੋਣ ਲੱਗ ਜਾਣਗੇ। ਮੈਂ ਇੰਨ ਦ ਮੀਨਟਾਈਮ ਸਿਵਲ ਸਰਜਨ ਅਤੇ ਮੈਡੀਕਲ ਸੁਪਰਡੰਟਾਂ ਨੂੰ ਕਿਹਾ ਹੈ। ਇੱਕ ਤਾਂ ਵੈਸੇ ਵੀ ਉਥੇ ਸਰਜਰੀਜ਼ ਘੱਟ ਹੁੰਦੀਆਂ ਹਨ। ਉਥੇ ਸਰਜਨ ਤਾਂ ਹੈ। ਹੁਣ ਮੈਂ ਉੱਥੇ ਐਨੈਸਥੈਟਿਸਟ ਦੀ ਡਿਊਟੀ ਲਗਾਈ ਹੈ। ਸਦਨ ਦੇ ਵਿੱਚ ਇਸ ਤਰ੍ਹਾਂ ਦੇ ਸਵਾਲ ਕਰਨ ਦਾ ਫਾਇਦਾ ਹੁੰਦਾ ਹੈ। ਬਹੁਤ ਹੀ ਵਧੀਆ ਤਰੀਕਾ ਹੈ ਕਿ ਤੁਸੀਂ ਮੈਨੂੰ ਸਵਾਲ ਪੁੱਛਿਆ ਹੈ। ਮੈਂ 2-3 ਚੇਂਜਿਜ਼ ਆਲਰੈਡੀ ਕੀਤੀਆਂ ਹਨ। ਇੱਕ ਤਾਂ ਮੈਂ ਕਿਹਾ ਹੈ ਕਿ ਆਨ ਕਾਲ ਉਥੇ ਐਨੈਸਥੈਟਿਸਟ ਦਿਓ। ਸਰਜਨ ਨੂੰ ਕਿਹਾ ਹੈ ਕਿ ਉੱਥੇ ਸਰਜਰੀਜ਼ ਕਰੇ। ਜਿੰਨੀਆਂ ਮਰਜ਼ੀ ਸਰਜਰੀਜ਼ ਕਰੇ। ਸਾਡੇ ਕੋਲ ਸਿਵਲ ਹਸਪਤਾਲ ਹੈ। ਦੂਜਾ ਤੁਹਾਡਾ ਬਰਨ ਯੂਨਿਟ ਦਾ ਸਵਾਲ ਸੀ। ਪੰਜਾਬ ਵਿੱਚ ਜਲੰਧਰ ਦਾ ਸਿਵਲ ਹਸਪਤਾਲ biggest hospital ਹੈ, 500 ਬੈੱਡ ਹਨ। ਉਥੇ ਤਾਂ ਮੈਡੀਕਲ ਕਾਲਜ ਕੱਲ੍ਹ ਤੋਂ ਹੀ ਸ਼ੁਰੂ ਕਰ ਸਕਦੇ ਹੋ। ਬਾਕੀ ਜਗ੍ਹਾ ਤੇ ਤਾਂ ਅਸੀਂ ਇਸੇ ਚੀਜ਼ ਦੀ ਵੇਟ ਕਰ ਰਹੇ ਹਾਂ ਕਿ ਕਦੋਂ 400 ਬੈੱਡ ਹੋਣਗੇ ਤਾਂ ਅਸੀਂ ਪੂਰੇ ਕਰਾਂਗੇ। ਬਹੁਤ ਅੱਛੀਆਂ ਸਰਵਿਸਿਜ਼ ਦੇ ਰਿਹਾ ਹੈ। ਉਸ ਦੇ ਵਿੱਚ State-of-the-art Burn Unit ਬਣਾਇਆ ਗਿਆ ਹੈ। ਇਹ ਤੁਹਾਡੀ ਕਲੋਨੀ ਦਾ Community Health Service ਹੈ। ਇਹ ਐਕਚੂਅਲੀ ਉਸ ਨੂੰ ਡੀਕਨਜਸਟ ਕਰਕੇ ਬਣਾਏ ਗਏ ਸੀ। 6 ਲੁਧਿਆਣੇ ਦੇ ਵਿੱਚ, 3 ਜਲੰਧਰ ਦੇ ਵਿੱਚ ਤੇ 2 ਅੰਮ੍ਰਿਤਸਰ ਦੇ ਵਿੱਚ ਹਨ। ਇਸ ਦੇ ਵਿੱਚ ਇਸ਼ੂ ਇਹ ਹੈ, ਮੈਂ ਕਿਸੇ ਨੂੰ ਬਲੇਮ ਨਹੀਂ ਕਰ ਰਿਹਾ ਹਾਂ ਪਰ ਇਹ ਫੈਕਟ ਹੈ। ਸਾਡੇ ਕੋਲੋਂ ਹਰ ਸਾਲ ਮੈਡੀਕਲ ਅਫਸਰ ਪੋਸਟ ਗਰੈਜੂਏਸ਼ਨ ਕਰਨ ਜਾਂਦੇ ਹਨ। ਜਦੋਂ ਪੋਸਟ ਗਰੈਜੂਏਸ਼ਨ ਕਰਕੇ ਵਾਪਸ ਆਉਂਦੇ ਹਨ ਤਾਂ ਉਹ ਬਾਂਡ ਭਰਦੇ ਹਨ। ਇਸੇ ਤਰ੍ਹਾਂ ਹੀ ਆਲ ਇੰਡੀਆਂ

ਕੋਟੇ ਦੇ ਵਿੱਚ ਹੈ। ਉਥੇ ਇੱਕ ਸਾਲ ਦਾ ਬਾਂਡ ਭਰਦੇ ਹਨ, ਇੱਥੇ 2-3 ਸਾਲ ਦਾ ਭਰਦੇ ਹਨ। ਇਸ ਸਬੰਧੀ ਕੋਈ ਮੈਕੈਨਿਜ਼ਮ ਨਹੀਂ ਸੀ। ਮੈਂ ਆ ਕੇ ਪਹਿਲੀ ਵਾਰ ਮੈਕੇਨਿਜ਼ਮ ਬਣਾਇਆ ਹੈ ਕਿ ਜਦੋਂ ਵੀ ਉਨ੍ਹਾਂ ਦੀ ਪੋਸਟ ਗਰੈਜੂਏਸ਼ਨ ਕੰਪਲੀਟ ਹੋਵੇਗੀ ਉਨ੍ਹਾਂ ਦੀ ਰਿਕਰੂਟਮੈਂਟ ਕਿਸ ਤਰ੍ਹਾਂ ਕਰਨੀ ਹੈ। ਜਿੰਨੇ ਵੀ ਆਉਣਗੇ, ਅਸੀਂ 100% ਰਿਕਰੂਟ ਕਰਾਂਗੇ। ਇਹ ਅਸੀਂ ਹੁਣ ਸ਼ੁਰੂ ਕਰ ਰਹੇ ਹਾਂ। ਪਿਛਲੇ 20 ਸਾਲਾਂ ਤੋਂ ਇਹ ਕੰਮ ਨਹੀਂ ਹੋਇਆ ਸੀ। ਜੋ ਕੇ ਹੋ ਜਾਣਾ ਚਾਹੀਦਾ ਸੀ। ਆਪਣੇ ਕੋਲ ਸਪੈਸ਼ਲਿਸਟ ਦੀ ਕੋਈ ਕਮੀ ਨਹੀਂ ਹੋਣੀ। ਗੌਰਮਿੰਟ ਲੱਖਾਂ ਕਰੋੜਾਂ ਰੁਪਏ ਖਰਚ ਕਰਕੇ ਬੱਚਿਆਂ ਨੂੰ ਪੋਸਟ ਗਰੈਜੂਏਸ਼ਨ ਦੀ ਟਰੇਨਿੰਗ ਦਿੰਦੀ ਹੈ। ਉਹ ਵਿਚਾਰ ਜਾੱਬ ਲੱਭਦੇ ਫਿਰਦੇ ਹਨ, ਕਈ ਵਿਦੇਸ਼ ਵੀ ਭੱਜ ਰਹੇ ਹਨ, ਪੰਜਾਬ ਤੋਂ ਬਾਹਰ ਜਾ ਕੇ ਆਪਣੀਆਂ ਸੇਵਾਵਾਂ ਦਿੰਦੇ ਹਨ। ਉਨ੍ਹਾਂ ਨੂੰ ਇਮੀਡੀਏਟਲੀ ਜਾੱਬ ਦਿੱਤੀ ਜਾਵੇਗੀ। ਇਸ ਵਾਰ ਸ਼ਹਿਰਾਂ ਦੀ ਕਮੀ ਪੂਰੀ ਹੋ ਜਾਵੇਗੀ ਕਿਉਂਕਿ ਲੋਕ ਸਭ ਤੋਂ ਪਹਿਲਾਂ ਸ਼ਹਿਰਾਂ ਨੂੰ ਪ੍ਰੈਫਰ ਕਰਦੇ ਹਨ। ਸਾਡੇ ਕੋਲ 250-300 ਸਪੈਸ਼ਲਿਸਟ ਹਰ ਸਾਲ ਆਉਂਦੇ ਹਨ। ਉਨ੍ਹਾਂ ਸਾਰਿਆਂ ਨੂੰ ਅਸੀਂ ਰਿਕਰੂਟ ਕਰਨ ਜਾ ਰਹੇ ਹਾਂ। ਇਸ ਸਬੰਧੀ ਪੂਰਾ ਮੈਕੇਨਿਜ਼ਮ ਬਣਾ ਦਿੱਤਾ ਕਿ ਉਨ੍ਹਾਂ ਨੂੰ ਜਾੱਬ ਕਿਸ ਤਰ੍ਹਾਂ ਦੇਣੀ ਹੈ, ਤਿੰਨ ਸਾਲ ਲਈ ਦੇਣੀ ਹੈ ਜਾਂ ਕਿੰਨੀ ਦੇਰ ਲਈ ਦੇਣੀ ਹੈ। ਉਨ੍ਹਾਂ ਨੂੰ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਤੁਸੀਂ 2 ਸਾਲ ਸਾਡੀ ਸੇਵਾ ਕਰ ਦਿਓਂਗੇ, ਕਿਸੇ ਵੀ ਸੈਂਟਰ ਦੇ ਵਿੱਚ, ਤੁਹਾਨੂੰ ਅਸੀਂ ਚੱਕ ਕੇ ਮੈਡੀਕਲ ਕਾਲਜ ਲੈ ਜਾਵਾਂਗੇ। ਤੁਹਾਨੂੰ ਅਸੀਂ ਟੀਚਰ ਬਣਾ ਦਿਆਂਗੇ। ਇਸ ਤਰ੍ਹਾਂ ਇਨਸੈਂਟੀਵਾਈਜ਼ ਕਰ ਰਹੇ ਹਾਂ। ਇਸ ਸਭ ਦੇ ਰਿਜ਼ਲਟ ਸਾਹਮਣੇ ਆਉਣੇ, ਇਸ ਨੂੰ ਥੋੜਾ ਜਿਹਾ ਟਾਈਮ ਲੱਗੇਗਾ। ਮੈਂ ਉਨ੍ਹਾਂ ਨੂੰ ਇਹ ਵੀ ਕਿਹਾ ਹੈ ਕਿ ਇੰਨ ਦਾ ਮੀਨਟਾਈਮ ਗਾਇਨਾਕਾਲੋਜਿਸਟ ਨੂੰ ਕਿਤੋਂ ਨਾ ਕਿਤੋਂ ਫੀਲਡ ਵਿੱਚੋਂ ਲੱਭ ਕੇ ਲਿਆਉਂਦੇ ਹਾਂ ਤਾਂ ਕਿ ਜਿਹੜੀਆਂ ਹਾਈ ਰਿਸਕ ਪ੍ਰੈਗਨੈਂਸੀਜ਼ ਦੀ ਆਡੈਂਟੀਫਿਕੇਸ਼ਨ ਹੈ ਜਾਂ ਹੋਰ ਬਹੁਤ ਸਾਰੀਆਂ ਸਰਵਿਸਸ ਜੋ ਦੇਣੀਆਂ ਹੁੰਦੀਆਂ ਹਨ, ਉਹ ਦਿੱਤੀਆਂ ਜਾ ਸਕਣ। ਕਿਸੇ ਨਾ ਕਿਸੇ ਗਾਇਨਾਕਾਲੋਜਿਸਟ ਦੀ ਡਿਊਟੀ ਉਥੇ ਲਗਾ ਦਿੱਤੀ ਜਾਵੇ। ਉਥੇ ਜਿਹੜੀ ਲੜਕੀ ਕੰਮ ਕਰ ਰਹੀ ਸੀ, ਉਹ ਅੱਛਾ ਕੰਮ ਕਰ ਰਹੀ ਸੀ। ਮੈਟਰਨਿਟੀ ਲੀਵ ਤੋਂ ਜਦੋਂ ਵਾਪਸ ਆ ਜਾਵੇਗੀ ਫਿਰ ਉਸੇ ਤਰ੍ਹਾਂ ਅੱਛਾ ਕੰਮ ਕਰੇਗੀ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਸਿਰਫ ਇਹ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਪਲੀਜ਼ ਇਹ ਹਾਊਸ ਨੂੰ ਇਹ ਦੱਸ ਦੇਣ ਕਿੰਨੀ ਪੋਸਟ ਉਥੇ ਹਨ, ਕਿੰਨੀਆਂ ਭਰੀਆਂ ਹੋਈਆਂ ਹਨ, ਕਿੰਨੀਆਂ ਵੇਕੈਂਟ ਹਨ, ਜਿਹੜੀਆਂ ਵੇਕੈਂਟ ਹਨ ਉਨ੍ਹਾਂ ਨੂੰ ਟਾਇਮ ਬਾਊਂਡ ਕਰਕੇ ਕਿੰਨੀ ਦੇਰ ਵਿੱਚ ਭਰ ਦਿੱਤਾ ਜਾਵੇਗਾ।

**ਮੰਤਰੀ:** ਸਪੀਕਰ ਸਾਹਿਬ, ਜਿੰਨੇ ਵੀ community health centres ਹਨ, ਉਨ੍ਹਾਂ ਦੇ ਵਿੱਚ ਮੈਡੀਕਲ, ਸਰਜੀਕਲ, ਗਾਇਨੀ, ਪਿਡੈਟਰਿਕਸ, 4 ਸਪੈਸ਼ਲਿਸਟ ਹਨ। ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਸਰਜਨ ਤੇ

ਗਾਇਨਾਕਾਲੋਜਿਸਟ ਵਿਦ ਆਊਟ ਐਨੈਸਥੈਟਿਸਟ ਕੰਮ ਨਹੀਂ ਕਰ ਸਕਦੇ। ਸੋ, ਮੈਂ ਇੱਕ ਪੋਸਟ ਐਡ ਕਰਵਾ ਦਿਆਂਗਾ। ਬਿਨਾਂ ਬੇਹੋਸ਼ੀ ਦੇ ਤੁਸੀਂ ਕੋਈ ਐਮਰਜੈਂਸੀ ਸਰਵਿਸਸ ਨਹੀਂ ਕਰ ਸਕਦੇ। ਅਸੀਂ ਇੱਕ ਤਾਂ ਪੋਸਟਾਂ ਇਨਕਰੀਜ਼ ਕਰਨ ਜਾ ਰਹੇ ਹਾਂ। ਜਿਵੇਂ ਕਿ ਸਕਿੰਨ ਡੀਜ਼ੀਸਿਜ਼ ਕਾਮਨ ਹਨ, ਅੱਖਾਂ, ਈ.ਐਨ.ਟੀ ਵਾਲੇ ਹਨ, ਅਸੀਂ ਇਸ ਤਰ੍ਹਾਂ ਕਰ ਰਹੇ ਹਾਂ ਕਿ ਜਿਵੇਂ ਤਿੰਨ ਸੀ.ਐਚ.ਸੀਜ਼ ਹਨ, ਭਾਵੇਂ ਬਾਏ ਰੋਟੇਸ਼ਨ ਡਾਕਟਰਜ਼ ਦੀ ਡਿਊਟੀ ਲਗਾ ਦਿੱਤੀ ਜਾਵੇ। ਅਸੀਂ ਨਵੀਂਆਂ ਪੋਸਟਾਂ ਕਰੀਏਟ ਕਰ ਰਹੇ ਹਾਂ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਕੀ ਮੰਤਰੀ ਜੀ, ਟਾਈਮ ਬਾਊਂਡ ਕਰਨਗੇ?

**ਮੰਤਰੀ:** ਇਸ ਦੇ ਵਿੱਚ ਥੋੜ੍ਹਾ ਜਿਹਾ ਟਾਈਮ ਲੱਗ ਰਿਹਾ ਹੈ। ਅਵੇਲੇਬਿਲਟੀ ਘੱਟ ਹੋਣ ਕਾਰਨ ਪਹਿਲਾਂ ਅਸੀਂ ਪੋਸਟਾਂ ਕਰੀਏਟ ਕਰ ਰਹੇ ਹਾਂ। ਇਹ ਮੇਰੇ ਇੱਕਲੇ ਦੇ ਹੱਥ ਵਿੱਚ ਨਹੀਂ ਹੈ। It has to go to different department. ਫਾਇਨਾਂਸ ਦੀ, ਪਰਸੋਨਲ ਦੀ ਕਲੀਅਰੈਂਸ ਚਾਹੀਦੀ ਹੈ। I am aware of it. I am doing it. ਮੈਂ ਕਰ ਰਿਹਾ ਹਾਂ ਜੀ।

**1015/amandeep kaur/Monika sharma**

**1020/Tarlochan Singh**

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਇੱਕ ਸਾਲ ਦਾ ਸਮਾਂ ਦੇ ਦਿਉ।

**ਮੰਤਰੀ** : ਮੈਨੂੰ ਲੱਗਦਾ ਹੈ, ਮੈਨੂੰ ਪੂਰੀ ਉਮੀਦ ਹੈ ਕਿ ਇੱਕ ਸਾਲ ਵਿੱਚ ਕਰ ਦਿਆਂਗੇ। ਜੋ ਅਸੀਂ ਕਰ ਸਕਦੇ ਹਾਂ ਕਰ ਰਹੇ ਹਾਂ। ਹਰ ਹਸਪਤਾਲ ਵਿੱਚ ਦਵਾਈਆਂ ਪਹੁੰਚ ਗਈਆਂ ਹਨ। ਰਿਮੋਟ ਤੋਂ ਰਿਮੋਟ ਹਸਪਤਾਲ ਵਿੱਚ, ਪੂਰੇ ਪੰਜਾਬ ਵਿੱਚ ਦਵਾਈਆਂ ਪਹੁੰਚਾ ਦਿੱਤੀਆਂ ਹਨ। ਐਕਸ ਰੇ ਅਲਟਰਾਸਾਊਂਡ ਦੀਆਂ ਮਸ਼ੀਨਾਂ ਪੂਰੇ ਪੰਜਾਬ ਵਿੱਚ ਪਹੁੰਚ ਗਈਆਂ ਹਨ। ਜਿਹੜੇ ਡਾਕਟਰਜ਼ ਹਨ, ਉਨ੍ਹਾਂ ਨੂੰ ਟਰੇਨ ਕਰਨਾ ਪੈਂਦਾ ਹੈ ਅਤੇ ਟਾਈਮ ਲੱਗਦਾ ਹੈ। ਇੱਕ ਡਾਕਟਰ ਨੂੰ ਬਣਾਉਣ ਲਈ 8 ਸਾਲ ਲੱਗਦੇ ਹਨ, ਇੱਕ ਸਪੈਸ਼ਲਿਸਟ ਨੂੰ ਬਣਾਉਣ ਲਈ 10-12 ਸਾਲ ਲੱਗਦੇ ਹਨ ਅਤੇ ਸੁਪਰ ਸਪੈਸ਼ਲਿਸਟ ਨੂੰ ਦੋ ਸਾਲ ਹੋਰ ਲੱਗਦੇ ਹਨ। ਤੁਹਾਡੇ ਨਾਲ ਹੀ ਡਾਕਟਰ ਸਾਹਿਬ ਬੈਠੇ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਮੈਂ ਉਨ੍ਹਾਂ ਨੂੰ ਵੀ ਪੁੱਛਿਆ, ਉਹ ਕਹਿੰਦੇ ਕਿ ਇੱਕ ਸਾਲ ਵਿੱਚ ਆ ਜਾਣਗੇ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈਸ ਕਰੋ।

**ਮੰਤਰੀ** : Sir, In a very lighter vain ਡਾਕਟਰ ਸਾਹਿਬ ਤੁਸੀਂ ਪਿਛਲੀ ਵਾਰੀ ਵੀ ਐਮ.ਐਲ.ਏ. ਸੀ?

**ਡਾਕਟਰ ਰਾਜ ਕੁਮਾਰ ਚੱਬੇਵਾਲ** : ਹਾਂ ਜੀ।

**ਮੰਤਰੀ** : ਦੇਖੋ, ਇਨ੍ਹਾਂ ਕੋਲ ਮੈਡੀਕਲ ਡਾਕਟਰ ਸੀ ਪਰ ਜਿਹੜਾ ਹੈਲਥ ਮਨਿਸਟਰ ਲਗਾਇਆ, ਉਹ ਮੈਡੀਕਲ ਡਾਕਟਰ ਨਹੀਂ ਲਗਾਇਆ, ਦਾਰੂ ਵਾਲਾ ਡਾਕਟਰ ਲਗਾ ਦਿੱਤਾ, ਨਹੀਂ ਤਾਂ ਇਹ ਨੌਬਤ ਨਹੀਂ ਆਉਣੀ ਸੀ। (ਹਾਸਾ)

**ਮਾਣਯੋਗ ਸਪੀਕਰ** : ਠੀਕ ਹੈ ਜੀ, ਬੈਠੋ ਹੁਣ। Let bygones be bygones. ਹੁਣ ਆਪਾਂ ਅੱਗੇ ਨੂੰ ਠੀਕ ਕਰੀਏ। ਅਵਤਾਰ ਜੀ, ਕੁਝ ਰਹਿ ਗਿਆ ਹੈ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਹਾਂ ਜੀ। ਸਰ, ਮੈਂ ਤੁਹਾਡੇ ਹੈਲਥ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਤਾਈਦ ਕਰ ਦੇਣ ਕਿ ਅਗਲੇ ਬਜਟ ਸੈਸ਼ਨ ਤੋਂ ਪਹਿਲਾਂ ਪਹਿਲਾਂ ਸਟਾਫ ਕੰਪਲੀਟ ਕਰ ਦੇਣਗੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਜਲਦੀ ਤੋਂ ਜਲਦੀ ਕਰਵਾ ਦਿਉ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਨਹੀਂ ਜੀ, ਜਲਦੀ ਤੋਂ ਜਲਦੀ ਤਾਂ ਤੁਸੀਂ ਹਰ ਵਾਰੀ ਕਰਵਾ ਦਿੰਦੇ ਹੋ, ਇਸ ਵਾਰੀ ਡੇਟ ਦੁਆ ਦਿਉ।

**ਮਾਣਯੋਗ ਸਪੀਕਰ** : ਮੰਤਰੀ ਜੀ,ਕੀ ਇਸ ਨੂੰ ਡੇਟ ਬਾਊਂਡ ਕਰ ਸਕਦੇ ਹੋ?

**ਮੰਤਰੀ** : ਮੈਂ ਕਹਿੰਦਾ ਹਾਂ ਕਿ ਅਗਲੇ ਬਜਟ ਸੈਸ਼ਨ ਤੋਂ ਪਹਿਲਾਂ ਅਸੀਂ ਪੰਜਾਬ ਦੇ ਸਾਰੇ ਹਸਪਤਾਲਾਂ ਨੂੰ ਵਧੀਆ ਸੈੱਟ ਕਰ ਦਿਆਂਗੇ ਜੀ। (ਥੰਪਿੰਗ)

**ਮਾਣਯੋਗ ਸਪੀਕਰ** : ਧੰਨਵਾਦ ਜੀ।

## ਮੱਲਾਂਵਾਲਾਂ-ਜੀਰਾ ਸੜਕ ਦੀ ਰਿਪੇਅਰ ਕਰਨਾ

***1019. ਸ੍ਰੀ ਨਰੇਸ਼ ਕਟਾਰੀਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੱਲਾਂਵਾਲਾ-ਜੀਰਾ ਸੜਕ ਜੋ ਕਿ ਇੱਕ ਮੁੱਖ ਸੜਕ ਹੈ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ

ਹੈ ਤਾਂ ਇਨ੍ਹਾਂ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਮਾਣਯੋਗ ਸਪੀਕਰ**: ਸਰਦਾਰ ਹਰਭਜਨ ਸਿੰਘ ਜੀ, ਜਵਾਬ ਦੇਣਗੇ। ਕਟਾਰੀਆ ਜੀ, ਤੁਸੀਂ ਬਹੁਤ ਮਿੱਠ ਬੋਲੜੇ ਹੋ। ਸੱਚੀਂ ਬਹੁਤ ਮਿੱਠ ਬੋਲੜੇ ਹੋ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਕੀ ਅਸੀਂ ਨਹੀਂ ਹਾਂ?

**ਮਾਣਯੋਗ ਸਪੀਕਰ** : ਤੁਸੀਂ ਤਾਂ ਬਹੁਤ ਜ਼ਿਆਦਾ ਹੋ ਅਤੇ ਤੁਹਾਨੂੰ ਤਾਂ ਅਸੀਂ ਪਿਆਰ ਵੀ ਬਹੁਤ ਕਰਦੇ ਹਾਂ।

**ਸਰਦਾਰ ਹਰਭਜਨ ਸਿੰਘ** : ਹਾਂ ਜੀ, ਇਹ ਠੀਕ ਹੈ ਕਿ ਮੱਲਾਂਵਾਲਾ-ਜ਼ੀਰਾ ਲਿੰਕ ਸੜਕ ਜਿਸਦੀ ਲੰਬਾਈ 13.95 ਕਿ.ਮੀ. ਹੈ ਦੀ ਚੌੜਾਈ 5.50 ਮੀਟਰ ਹੈ ਦੀ ਹਾਲਤ ਖਰਾਬ ਹੈ। ਇਸ ਸਬੰਧੀ ਅਨੁਮਾਨ ਬਾਬਤ ਰਕਮ 401.42 ਲੱਖ ਰੁਪਏ ਦਾ ਤਿਆਰ ਕਰਕੇ ਸਕੱਤਰ, ਪੰਜਾਬ ਮੰਡੀ ਬੋਰਡ ਨੂੰ ਭੇਜਿਆ ਗਿਆ ਹੈ । ਇਸ ਵਿੱਚ 0.95 ਕਿ:ਮੀ: ਲੰਬਾਈ ਦੀ ਹਾਲਤ ਬਹੁਤ ਖਰਾਬ ਹੈ ਅਤੇ ਜਿਸ ਨੂੰ ਰਿਪੇਅਰ ਕਰਨ ਤੇ 55.11 ਲੱਖ ਰੁਪਏ ਦਾ ਖਰਚਾ ਆਏਗਾ । ਇਸ ਸਬੰਧੀ ਪੰਜਾਬ ਮੰਡੀ ਬੋਰਡ ਵੱਲੋਂ ਪੱਤਰ ਨੰਬਰ: 7891 ਮਿਤੀ 29-11-2023 ਰਾਹੀਂ ਡਿਪਟੀ ਕਮਿਸ਼ਨਰ, ਫਿਰੋਜਪੁਰ ਨੂੰ ਸੂਚਨਾ ਪ੍ਰਾਪਤ ਹੋਈ ਹੈ ਕਿ ਮੱਲਾਂਵਾਲਾ-ਮਾਰਕਿਟ ਕਮੇਟੀ ਕੋਲ ਲਿੰਕ ਸੜਕਾਂ ਦੀ ਰਿਪੇਅਰ ਲਈ 86.00 ਲੱਖ ਰੁਪਏ ਦੇ ਫੰਡ ਮੌਜੂਦ ਹਨ। ਇਹ 0.95 ਕਿ:ਮੀ: ਦਾ ਹਿੱਸਾ ਜੋ ਕਿ ਸ਼ਹਿਰ ਵਿੱਚ ਪੈਂਦਾ ਹੈ, ਮੱਲਾਂਵਾਲਾ ਕਮੇਟੀ ਤੋਂ ਫੰਡ ਪ੍ਰਾਪਤ ਹੋਣ ਉਪਰੰਤ ਕੰਮ ਹੱਥ ਵਿੱਚ ਲਿਆ ਜਾਵੇਗਾ। ਬਾਕੀ ਦੀ ਬਕਾਇਆ ਰਹਿੰਦੀ ਸੜਕ ਦੀ ਰਿਪੇਅਰ ਬਜਟ ਉਪਬੰਧ ਅਤੇ ਉਪਲੱਬਧਤਾ ਹੋਣ ਉਪਰੰਤ ਕਰਵਾਇਆ ਜਾਵੇਗਾ ।

**ਸ੍ਰੀ ਨਰੇਸ਼ ਕਟਾਰੀਆ** : ਮਾਣਯੋਗ ਮੰਤਰੀ ਸਾਹਿਬ, ਇਹ ਸੜਕ ਲਗਭਗ 100 ਪਿੰਡਾਂ ਤੋਂ ਵੀ ਜ਼ਿਆਦਾ ਨੂੰ ਮੇਨ ਸੜਕ ਨਾਲ ਜੋੜਦੀ ਹੈ। ਮੱਖੂ-ਮੱਲਾਂਵਾਲਾ-ਜ਼ੀਰਾ ਸ਼ਹਿਰ ਵੀ ਇਸ ਸੜਕ ਨਾਲ ਅਟੈਚ ਹਨ। ਇਹ ਸੜਕ ਬਹੁਤ ਹੀ ਜ਼ਿਆਦਾ ਖਰਾਬ ਹੈ। ਕਿਰਪਾ ਕਰਕੇ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ। ਇਸ ਦੀ ਹਾਲਤ ਹੱਦੋਂ ਵੱਧ ਖਰਾਬ ਹੈ। ਜਿਹੜਾ ਰਸਤਾ 10 ਮਿੰਟਾਂ ਦਾ ਹੈ, ਜ਼ੀਰਾ ਤੋਂ ਮੱਲਾਂਵਾਲਾ ਤੱਕ, ਉਸ ਲਈ ਘੱਟੋ ਘੱਟ ਪੌਣਾ ਘੰਟਾ ਲੱਗਦਾ ਹੈ।

**ਮਾਣਯੋਗ ਸਪੀਕਰ** : ਤੁਸੀਂ ਇੰਨੇ ਪਿਆਰ ਨਾਲ ਕਿਤੇ ਮੇਰੇ ਤੋਂ ਮੰਗਿਆ ਹੁੰਦਿਆ ਤਾਂ ਮੈਂ ਸਭ ਕੁਝ ਦੇ ਦੇਣਾ ਸੀ। ਮੰਤਰੀ ਜੀ ਇਨ੍ਹਾਂ ਦਾ ਕੰਮ ਕਰੋ ਜੀ।

**ਮੰਤਰੀ** : ਸਪੀਕਰ ਸਾਹਿਬ, ਕਟਾਰੀਆ ਸਾਹਿਬ ਜਿੰਨੇ ਪਿਆਰ ਨਾਲ ਬੋਲੇ ਹਨ, ਇੰਨੇ ਪਿਆਰ ਨਾਲ ਹੀ ਸੜਕ ਵੀ ਬਹੁਤ ਜਲਦੀ ਬਣਾ ਦਿੱਤੀ ਜਾਵੇਗੀ।

**ਮਾਣਯੋਗ ਸਪੀਕਰ** : ਕਿਆ ਬਾਤ ਹੈ ਜੀ। (ਥੰਪਿੰਗ) ਧੰਨਵਾਦ ਜੀ। ਸ੍ਰੀ ਅਵਤਾਰ ਸਿੰਘ ਜੂਨੀਅਰ ਵਾਸਤੇ ਇੱਕ ਗੱਲ ਹੈ, ਕਹਿੰਦੇ "ਗਿਲ੍ਹਾ ਭੀ ਤੁਝਸੇ ਬਹੁਤ ਹੈ, ਮਗਰ ਮੁਹੱਬਤ ਭੀ, ਵੋ ਬਾਤ ਅਪਨੀ ਜਗ੍ਹਾ ਹੈ, ਯੇ ਬਾਤ ਅਪਨੀ ਜਗ੍ਹਾ ਹੈ।"

**1020/Tarlochan Singh/Shubham jain**

**1025/mehak**

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਲੇਕਿਨ ਦਿਖਦੀ ਘੱਟ ਹੈ। (ਹਾਸਾ) ਸਰ, ਮੇਰੀ ਬੇਨਤੀ ਹੈ ਕਿ ਇੰਨੇ ਪਿਆਰ ਨਾਲ ਸੜਕ ਬਣਾ ਰਹੇ ਹਨ ਤਾਂ ਸਾਡੀ ਵੀ ਕੱਲ੍ਹ ਵਾਲੀ ਸੜਕ ਪਿਆਰ ਨਾਲ ਪੂਰੀ ਬਣਾ ਦੇਣ।

**ਮਾਣਯੋਗ ਸਪੀਕਰ:** ਵਾਹਿਗੁਰੂ। ਆਪਾਂ ਹੁਣ ਅੱਗੇ ਚਲੀਏ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਈ.ਟੀ.ਓ. ਸਾਹਿਬ ਨੂੰ ਪਿਆਰ ਨਾਲ ਬੇਨਤੀ ਕਰਦਾ ਹਾਂ। (ਵਿਘਨ) ਮੈਂ ਤਾਂ ਬੇਨਤੀ ਕਰਦਾ ਹਾਂ, ਤੁਸੀਂ ਮੈਨੂੰ ਸੈਸ਼ਨ ਤੋਂ ਸਸਪੈਂਡ ਕਰ ਦਿੰਦੇ ਹੋ।

**ਮਾਣਯੋਗ ਸਪੀਕਰ**: ਬੈਠੋ, ਥੈਂਕਿਊ। ਅਵਤਾਰ ਜੀ ਬੈਠੋ , ਡਾਕਟਰ ਸਾਹਿਬ ਨੂੰ ਬੋਲਣ ਦਿਓ।

**ਮਾਲ ਮੰਤਰੀ ਬਿਨਾਂ ਮਾਇਕ ਤੋਂ): ਮਾਲ ਮੰਤਰੀ (ਬਿਨਾਂ ਮਾਈਕ ਤੋਂ ) :** ਪਿਆਰ ਨਾਲ ਆਦਮਪੁਰ ਤੋਂ ਲੈ ਕੇ ਹੁਸ਼ਿਆਰਪੁਰ ਤੱਕ ਸੜਕ ਬਣਾ ਦਿੱਤੀ ਹੈ । ਹੁਸ਼ਿਆਰਪੁਰ ਦਾ ਡਾਕਟਰ ਸਾਹਿਬ ਨੂੰ ਪੁੱਛੋਂ ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਤੁਸੀਂ ਅੱਧੀ ਰੱਖ ਲਈ ਹੈ। ਸਾਡੇ ਨਾਲ ਵੀ ਸੰਪਰਕ ਕਰ ਲਓ, ਸਾਨੂੰ ਵੀ ਦੇ ਦਿਓ।

----------------------

## ਹਲਕਾ ਚੱਬੇਵਾਲ ਦੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਲੈਕਚਰਾਰਾਂ ਦੇ ਵੇਰਵੇ

***963. ਡਾਕਟਰ ਰਾਜ ਕੁਮਾਰ ਚੱਬੇਵਾਲ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਚੱਬੇਵਾਲ ਵਿੱਚ ਮੌਜੂਦਾ ਸਮੇਂ ਵਿੱਚ ਪ੍ਰਾਇਮਰੀ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਮੁੱਖ ਅਧਿਆਪਕਾਂ, ਅਧਿਆਪਕਾਂ ਅਤੇ ਲੈਕਚਰਾਰਾਂ ਦੇ ਸ਼੍ਰੇਣੀ ਵਾਰ ਵੇਰਵੇ ਕੀ ਹਨ ਅਤੇ ਖਾਲੀ ਪਈਆਂ ਅਸਾਮੀਆਂ ਭਰਨ ਸਬੰਧੀ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ।

**ਮਾਣਯੋਗ ਸਪੀਕਰ:** ਸਿੱਖਿਆ ਮੰਤਰੀ ਜੀ ਇਹ ਵੀ ਦੱਸ ਦਿਓ ਕਿ ਜਿੱਥੇ ਦੋ ਅਧਿਆਪਕ ਹਨ, ਉਹ ਤਿੰਨ ਕਦੋਂ ਹੋਣਗੇ।

**ਸਰਦਾਰ ਹਰਜੋਤ ਸਿੰਘ ਬੈਂਸ**: ਹਲਕਾ ਚੱਬੇਵਾਲ ਵਿੱਚ ਪੈਂਦੇ ਪ੍ਰਾਇਮਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਹੈੱਡ ਮਾਸਟਰ, ਪ੍ਰਿੰਸੀਪਲ, ਅਧਿਆਪਕ ਅਤੇ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ ਦੀ ਸੂਚਨਾ ਹੇਠ ਅਨੁਸਾਰ ਹੈ:

| **ਲੜੀ ਨੰ:** | **ਅਹੁਦਾ** | **ਮੰਨਜ਼ੂਰਸ਼ੁਦਾ** | **ਭਰੀਆਂ** | **ਖਾਲੀ** |
|---|---|---|---|---|
| 1 | ਹੈੱਡ ਮਾਸਟਰ/ ਮਿਸਟ੍ਰੈਸ | 22 | 3 | 19 |
| 2 | ਪ੍ਰਿੰਸੀਪਲ ਕਾਡਰ | 19 | 8 | 11 |
| 3 | ਲੈਕਚਰਾਰ ਕਾਡਰ | 120 | 83 | 37 |
| 4 | ਮਾਸਟਰ ਕਾਡਰ | 523 | 401 | 122 |
| 5 | ਆਰਟ ਅਤੇ ਕਰਾਫਟ ਟੀਚਰ | 44 | 18 | 26 |
| 6 | ਪ੍ਰਾਇਮਰੀ ਕਾਡਰ | 379 | 228 | 151 |
| 7 | ਕੁੱਲ ਜੋੜ | 1107 | 741 | 366 |

ਇਨ੍ਹਾਂ ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ, ਪਦ ਉੱਨਤੀਆਂ ਅਤੇ ਬਦਲੀਆਂ ਦੀ ਵਿਧੀ ਰਾਹੀਂ ਭਰਨ ਦੇ ਯਤਨ ਕੀਤੇ ਜਾਣਗੇ।

**ਡਾਕਟਰ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦਾ ਮੁੱਖ ਏਜੰਡਾ ਐਜੂਕੇਸ਼ਨ ਨੂੰ ਬਿਹਤਰ ਤੋਂ ਬਿਹਤਰੀਨ ਕਰਨਾ ਸੀ, ਅਤਿਉੱਤਮ ਕਰਨਾ ਸੀ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਦੋ ਸਾਲ ਹੋ ਗਏ ਹਨ ਤੇ ਡਿਪਟੀ ਸਪੀਕਰ ਸਾਹਿਬ ਦਾ ਹਲਕਾ ਵੀ ਮੇਰੇ ਨਾਲ ਹੀ ਲੱਗਦਾ ਹੈ, ਸਾਡਾ ਦੋਨਾਂ ਦਾ ਐਡਜੁਆਇਨਿੰਗ ਹਲਕਾ ਹੈ। ਸਰ, ਸਿਰਫ ਦੋ ਬਲਾਕਾਂ- ਕੋਟ ਫਤੂਹੀ ਤੇ ਮਾਲਪੁਰ ਦੀ ਹੀ ਗੱਲ ਕੀਤੀ ਜਾਵੇ ਤਾਂ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਉੱਥੇ ਘੱਟ ਤੋਂ ਘੱਟ 26 ਸਕੂਲ ਟੀਚਰਲੈੱਸ ਹਨ। ਸਾਡੇ ਚਾਰ ਬਲਾਕ ਹਨ ਉਨ੍ਹਾਂ ਵਿੱਚੋਂ 39 ਸਕੂਲਾਂ ਵਿੱਚ ਸਿੰਗਲ ਟੀਚਰ ਹਨ। ਮੈਂ ਮੰਤਰੀ ਸਾਹਿਬ ਨੂੰ ਆਪ ਜੀ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਕੀ ਉਪਰਾਲੇ ਕਰ ਰਹੇ ਹੋ ਤੇ ਇਸ ਸਬੰਧੀ ਕਿਹੜੀ ਪਾਲਿਸੀ ਬਣਾਈ ਜਾਵੇਗੀ ਕਿ ਸਾਡੇ ਬਲਾਕਾਂ ਵਿੱਚ ਟੀਚਰ ਰਹਿ ਸਕਣ ਅਤੇ ਕੰਮ ਕਰ ਸਕਣ ਕਿਉਂਕਿ ਦੋ ਸਾਲਾਂ ਵਿੱਚ ਤਾਂ ਕੁਝ ਨਹੀਂ ਹੋਇਆ ਹੈ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਚਲੋ ਇਹ ਸਾਡੀ ਸਰਕਾਰ ਤੋਂ ਉਮੀਦ ਵੀ ਰੱਖਦੇ ਹਨ ਕਿਉਂਕਿ ਜੇ ਪਹਿਲਾਂ ਇਹ ਕੋਸ਼ਿਸ਼ ਕੀਤੀ ਹੁੰਦੀ ਤਾਂ ਇਹ ਹਾਲ ਨਾ ਹੁੰਦਾ। ਅੱਜ ਮੈਂ ਹਲਕੇ ਚੱਬੇਵਾਲ ਦਾ ਡਾਟਾ ਰਿਸਰਚ ਕਰਵਾਇਆ ਤਾਂ there were less than 50% before 2022, 2022 ਤੋਂ ਪਹਿਲਾਂ 50% ਤੋਂ ਘੱਟ ਟੀਚਰ ਸੀ ਤੇ ਅੱਜ ਉਹ ਆਂਕੜਾ 70% ਪਲੱਸ ਹੋ ਗਿਆ ਹੈ। (ਥੰਪਿੰਗ)

**ਮਾਣਯੋਗ ਸਪੀਕਰ**: ਤੁਹਾਨੂੰ ਬਹੁਤ ਵਧਾਈ।

**ਮੰਤਰੀ:** ਸਰ, ਇਹ ਹਜ਼ਾਰਾਂ ਦੀਆਂ ਗਿਣਤੀਆਂ ਦੀਆਂ ਭਰਤੀਆਂ ਹਨ ਜਿਨ੍ਹਾਂ ਵਿੱਚ ਕੋਈ ਨਾ ਕੋਈ ਇਸ਼ੂ ਆ ਜਾਂਦਾ ਹੈ। ਮੈਂ ਕੱਲ੍ਹ ਵੀ ਹਾਊਸ ਨੂੰ ਦੱਸਿਆ ਸੀ ਕਿ ਇਸ ਵਕਤ ਦੋ ਭਰਤੀਆਂ ਦਾ ਕੰਮ ਚੱਲ ਰਿਹਾ ਹੈ। 2364 ਅਸਾਮੀਆਂ ਦੀ ਪਿਛਲੀ ਸਰਕਾਰ ਦੀ ਭਰਤੀ ਹੈ ਜੋ ਕਿ ਡੈੱਡ ਪਈ ਸੀ ਤੇ ਅਸੀਂ ਡਬਲ ਬੈਂਚ ਤੋਂ ਬਹਾਲ ਕਰਵਾ ਕੇ ਲਿਆਏ ਹਾਂ । ਦੂਜੀ ਭਰਤੀ, 5944 ਅਸਾਮੀਆਂ ਦੀ ਭਰਤੀ ਲਈ ਐਗਜ਼ਾਮ ਹੋ ਚੁੱਕਿਆ ਹੈ, ਰਿਜ਼ਲਟ ਬਣ ਚੁੱਕਿਆ ਹੈ ਸਿਰਫ ਕੁਝ ਕਲੈਰੀਫਿਕੇਸ਼ਨਜ਼ ਕਰਕੇ ਇਸ ਦੀ ਚਾਰ ਅਪ੍ਰੈਲ ਦੀ ਤਰੀਕ ਪਈ ਹੋਈ ਹੈ। ਉਮੀਦ ਹੈ ਕਿ ਇਸ ਦੇ ਵੀ ਆਰਡਰ ਆ ਜਾਣਗੇ। ਮਾਣਯੋਗ ਡਿਪਟੀ ਸਪੀਕਰ ਸਾਹਿਬ ਬੈਠੇ ਹਨ, ਇਹ ਵੀ ਇਸ ਗੱਲ ਦੀ ਹਾਮੀ ਭਰਨਗੇ ਕਿ ਅਸੀਂ ਮੈਕਸੀਮਮ ਟੀਚਰਜ਼ ਕੰਡੀ ਇਲਾਕੇ ਵਿੱਚ ਭੇਜ ਰਹੇ ਹਾਂ। 4161 ਪੋਸਟਾਂ ਵਿੱਚੋਂ ਵੀ 22 ਟੀਚਰਜ਼ ਚੱਬੇਵਾਲ ਗਏ ਹਨ। ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਮਾਣਯੋਗ ਵਿਧਾਇਕ ਸਾਹਿਬ ਦੇ ਹਲਕੇ ਦੀ ਜੇ ਡਿਟੇਲ ਲੈਣੀ ਹੈ ਤਾਂ ਇੱਕ ਇੱਕ ਸਕੂਲ ਦੀ ਮੇਰੇ ਕੋਲ ਡਿਟੇਲ ਹੈ। 13 ਕਰੋੜ 56 ਲੱਖ ਰੁਪਏ ਵਿੱਚੋਂ ਢਾਈ ਕਰੋੜ ਰੁਪਏ ਸਿਰਫ ਬਾਊਂਡਰੀ ਵਾਲਾਂ ਲਈ ਹੈ ਕਿਉਂਕਿ ਸਕੂਲਾਂ ਦੀ ਚਾਰ ਦੀਵਾਰੀਆਂ ਨਹੀਂ

ਸੀ। (ਵਿਘਨ) ਮੈਂ ਤੁਹਾਡਾ ਹੀ ਜਵਾਬ ਦੇ ਰਿਹਾ ਹਾਂ, ਤੁਸੀਂ ਵੇਰਵੇ ਸਹਿਤ ਜਵਾਬ ਮੰਗਿਆ ਹੈ, ਹੁਣ ਵੇਰਵਾ ਤਾਂ ਸੁਣ ਲਓ।

**ਮਾਣਯੋਗ ਸਪੀਕਰ**: ਉਨ੍ਹਾਂ ਨੂੰ ਬੋਲ ਲੈਣ ਦਿਓ। ਮੰਤਰੀ ਜੀ ਜਵਾਬ ਦੇ ਰਹੇ ਹਨ।

**ਡਾਕਟਰ ਰਾਜ ਕੁਮਾਰ**: ਮੈਂ ਵੇਰਵਾ ਸਿਰਫ ਪੋਸਟਾਂ ਦਾ ਮੰਗਿਆ ਹੈ ਮੈਂ ਇਹ ਨਹੀਂ ਪੁੱਛਿਆ ਹੈ ਕਿ ਚਾਰ ਦੀਵਾਰੀ ਹੋਈ ਹੈ ਜਾਂ ਨਹੀਂ।

**1025/mehak/Shubham jain**

**1030/Sukhpiar Singh**

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਡਾਕਟਰ ਰਾਜ ਕੁਮਾਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਇੱਕ ਮਿੰਟ, ਐਮ.ਐਲ.ਏ. ਸਾਹਿਬ, ਡਾਕਟਰ ਰਾਜ ਕੁਮਾਰ ਜੀ ਤੁਸੀਂ ਬੈਠੋ। ਮੰਤਰੀ ਜੀ, ਤੁਸੀਂ ਆਪਣਾ ਜਵਾਬ ਜਾਰੀ ਰੱਖੋ ਜੀ। (ਵਿਘਨ, ਸ਼ੋਰ) ਕਿਰਪਾ ਕਰਕੇ ਚੇਅਰ ਨੂੰ ਐਡਰੈਸ ਕੀਤਾ ਜਾਵੇ ਅਤੇ ਹਾਊਸ ਦਾ ਡੈਕੋਰਮ ਬਣਾ ਕੇ ਰੱਖਿਆ ਜਾਵੇ। Let him complete his answer. ਉਸ ਤੋਂ ਬਾਅਦ ਦੇਖਦੇ ਹਾਂ ਕਿ ਤੁਹਾਨੂੰ ਕੀ ਚਾਹੀਦਾ ਹੈ।

**ਮੰਤਰੀ:** ਸਰ, ਮੈਂ ਪੂਰੇ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ, as soon as ਇਹ ਸਾਡੀਆਂ ਦੋ ਭਰਤੀਆਂ ਆਖਰੀ ਪੜਾਅ ਤੇ ਹਨ, ਪੰਜਾਬ ਵਿੱਚ ਕੋਈ ਵੀ ਸਕੂਲ ਸਿੰਗਲ ਟੀਚਰ ਜਾਂ ਟੀਚਰਲੈੱਸ ਨਹੀਂ ਹੋਵੇਗਾ। ਸਰ, ਤਕਰੀਬਨ 10 ਹਜ਼ਾਰ ਟੀਚਰ 24 ਮਹੀਨਿਆਂ ਤੋਂ ਘੱਟ ਸਮੇਂ ਵਿੱਚ ਭਰਤੀ ਹੋਏ ਹਨ। ਇਹ ਸਿਸਟਮ ਵਿੱਚ add-on ਹੋਏ ਹਨ। ਇਸ ਤੋਂ ਇਲਾਵਾ ਜਿਵੇਂ ਮਾਣਯੋਗ ਵਿਧਾਇਕ ਸਾਹਿਬ ਨੇ ਪੁੱਛਿਆ ਹੈ। ਸਰ, ਮਾਸਟਰ ਕਾਡਰ ਦੀ 2019 ਦੀ ਰਿੱਟ ਲੱਗੀ ਹੋਈ ਸੀ, ਉਸ ਤੇ ਸਟੇਅ ਸੀ, ਪ੍ਰਮੋਸ਼ਨਾਂ ਨਹੀਂ ਕਰ ਸਕਦੇ ਸੀ। ਸਰ, ਅਸੀਂ ਇੱਕ-ਇੱਕ ਕੋਰਟ ਕੇਸ ਦਾ ਹੱਲ ਕਰਵਾ ਰਹੇ ਹਾਂ ਜੀ। ਉਸ ਨੂੰ ਹੱਲ ਕਰਵਾ ਕੇ ਕੋਰਟ ਨੇ ਕਿਹਾ ਹੈ ਕਿ ਇਸ ਨੂੰ ਰੱਦ ਕਰ ਦਿਉ, ਦੁਬਾਰਾ ਬਣਾਓ। ਉਸ ਦਾ 15.2.2023 ਨੂੰ ਫੈਸਲਾ ਆਇਆ ਹੈ। ਉਹ 40 ਹਜ਼ਾਰ ਬੰਦਿਆਂ ਦੀ ਸੀਨੀਆਰਤਾ ਸੂਚੀ ਹੈ, ਵਾਰ-ਵਾਰ ਕੋਈ ਨਾ ਕੋਈ ਓਬਜੈਕਸ਼ਨ ਕਰਦਾ ਹੈ। ਜਿਸ ਦਿਨ ਉਹ ਕੰਪਲੀਟ ਹੁੰਦੀ ਹੈ, ਪ੍ਰਮੋਸ਼ਨਾਂ ਹੋਣਗੀਆਂ। ਜਦੋਂ ਤੱਕ ਪ੍ਰਮੋਸ਼ਨਾਂ ਨਹੀਂ ਹੁੰਦੀਆਂ ਨਵੀਂ ਰਿਕਰੂਟਮੈਂਟ ਨਹੀਂ ਆ ਸਕਦੀ, ਪੋਸਟਾਂ ਦਾ ਪਤਾ ਨਹੀਂ।

ਸਰ, ਅਸੀਂ ਦਿਨ ਰਾਤ ਕੰਮ ਕਰ ਰਹੇ ਹਾਂ, ਸਾਡੇ ਮਹਿਕਮੇ ਦੇ ਸਾਰੇ ਅਧਿਕਾਰੀ/ਕਰਮਚਾਰੀ ਦਿਨ ਰਾਤ ਮਿਹਨਤ ਕਰ ਰਹੇ ਹਨ। ਪੰਜਾਬ ਲਈ ਸਿੱਖਿਆ ਸਭ ਤੋਂ ਅਹਿਮ ਹੈ। ਮੈਨੂੰ ਖੁਸ਼ੀ ਹੈ ਕਿ ਵੱਧ ਤੋਂ ਵੱਧ ਸਵਾਲ ਲੱਗਣ, ਮੈਂ ਤਾਂ ਹੁਣ ਵੀ ਕਹਿੰਦਾ ਹਾਂ ਕਿ ਇਹ ਕਦੇ ਵੀ ਅਪਰੋਚ ਕਰਨ ਜੀ, we are committed. ਅਸੀਂ ਪੰਜਾਬ ਦੇ ਹਰ ਇੱਕ ਸਕੂਲ ਲਈ ਜ਼ਿੰਮੇਵਾਰ ਹਾਂ। ਮੇਰੀ ਇਸ ਵਿੱਚ ਕੋਈ ਪਾਰਟੀਬਾਜ਼ੀ ਨਹੀਂ ਹੈ, ਨਾ ਤੁਹਾਡੇ ਤੇ ਦੋਸ਼ ਹੈ। ਇਹ ਪੰਜਾਬ ਦੇ ਭਵਿੱਖ ਦੀ ਗੱਲ ਹੈ। ਸਰ, ਇਹ ਤਾਂ ਬੜੇ ਅਫਸੋਸ ਦੀ ਗੱਲ ਹੈ ਕਿ ਇਸ ਮਹਿਕਮੇ ਨੂੰ ਧਰਨਿਆਂ ਵਾਲਾ ਮਹਿਕਮਾ ਸਮਝਿਆ ਗਿਆ। ਮੈਂ ਤਾਂ ਹਰ ਪਲ ਗੁਰੂ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇੰਨਾ ਪਾਵਨ ਪਵਿੱਤਰ ਮਹਿਕਮਾ ਮੈਨੂੰ ਮਿਲਿਆ ਹੈ। ਇਸ ਵਿੱਚ ਯਕੀਨ ਮੰਨਿਓ there is no politics on it, we are committed to it. ਤੁਸੀਂ ਮੇਰੇ ਕੋਲ ਆ ਜਾਇਓ, ਜਿਹੜੇ 26 ਸਕੂਲ ਹਨ, ਅਸੀਂ ਦੋਵੇਂ ਬੈਠ ਕੇ ਹੱਲ ਕਰਾਂਗੇ ਕਿਉਂਕਿ ਆਸ ਪਾਸ ਦੇ ਸਕੂਲਾਂ ਲਈ ਤੁਹਾਡੀ ਮਦਦ ਦੀ ਲੋੜ ਪਵੇਗੀ। ਅਗਰ ਮੈਂ ਐਡਜਸਟਮੈਂਟ ਕਰਾਂਗਾ ਤਾਂ ਨਾਲ ਹੀ ਪਾਲੀਟੀਕਲ ਪ੍ਰੈਸ਼ਰ ਪੈ ਜਾਵੇਗਾ ਕਿ ਕਿਉਂ ਬਦਲੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਤੁਸੀਂ ਆਓ, ਆਪਾਂ ਵਰਕ ਆਊਟ ਕਰਾਂਗੇ, ਅੱਜ ਬੈਠਣਾ ਹੈ ਤਾਂ ਅਸੀਂ ਹੁਣੇ ਕੁਐਸ਼ਚਨ ਆਵਰ ਤੋਂ ਬਾਅਦ ਬੈਠ ਜਾਂਦੇ ਹਾਂ। ਸਰ, ਇਹ ਸਕੂਲਾਂ ਦਾ ਮਸਲਾ ਹੈ। ਜੇਕਰ ਕੋਈ ਆਪੋਜ਼ੀਸ਼ਨ ਪਾਰਟੀ ਵਾਲਾ ਵੀ ਹੈ ਜਾਂ ਕੋਈ ਵੀ ਆਵੇ, we are committed. ਇਹ ਸੀ.ਐਮ. ਸਾਹਿਬ ਦੀਆਂ ਹਦਾਇਤਾਂ ਹਨ ਕਿ ਅਸੀਂ ਸਕੂਲਾਂ ਲਈ ਬੈੱਸਟ ਕਰਨਾ ਹੈ।

**ਡਾਕਟਰ ਰਾਜ ਕੁਮਾਰ:** ਮੰਤਰੀ ਜੀ, ਤੁਸੀਂ ਮੇਰੇ ਸਵਾਲ ਦੇ ਅੱਧੇ ਹਿੱਸੇ ਦਾ ਜਵਾਬ ਨਹੀਂ ਦਿੱਤਾ ਕਿਉਂਕਿ ਮੈਂ ਇਹ ਪੁੱਛਿਆ ਸੀ ਕਿ ਇਹ ਡਰਾਈ ਬਲਾਕਸ ਹਨ। ਇੱਥੇ ਟੀਚਰ ਬਹੁਤ ਘੱਟ ਟਿਕਦੇ ਹਨ, ਟੀਚਰ ਦੂਰੋਂ ਐਪੁਆਇੰਟ ਹੁੰਦੇ ਹਨ। ਕੀ ਤੁਸੀਂ ਇਸ ਦੇ ਲਈ ਕੋਈ ਪਾਲਿਸੀ ਬਣਾਓਗੇ ਤਾਂ ਕਿ ਟੀਚਰ ਚੱਬੇਵਾਲ ਅਤੇ ਗੜ੍ਹਸ਼ੰਕਰ ਏਰੀਆ ਵਿੱਚ ਰਹਿਣ ਤਾਂ ਕਿ ਇੱਥੇ ਦੇ ਸਕੂਲ ਐਜੂਕੇਸ਼ਨ ਪੱਖੋਂ ਬਿਹਤਰ ਹੋਣ। ਕੀ ਇਸ ਬਾਰੇ ਪਾਲਿਸੀ ਬਣਾਓਗੇ?

**ਮੰਤਰੀ:** ਸਰ, ਆਲਰੇਡੀ ਪਾਲਿਸੀ is there in place, ਹੁੰਦਾ ਕੀ ਹੈ ਕਿ ਜਿੰਨੀ ਨਵੀਂ ਭਰਤੀ ਹੈ, ਅਸੀਂ ਬਾਰਡਰ ਬਲਾਕ ਜਾਂ ਡਿਸਐਡਵਾਂਟੇਜ ਏਰੀਆ ਕਹਿੰਦੇ ਹਾਂ, ਜਿੱਥੇ ਟੀਚਰਜ਼ ਦੀ ਕਮੀ ਹੈ, ਉੱਥੇ ਹੀ ਪਾਸਟਿੰਗ ਕਰਦੇ ਹਾਂ। ਮੈਂ ਫਿਰ ਆਪ ਜੀ ਰਾਹੀਂ ਪੂਰੇ ਸਦਨ ਵਿੱਚ ਹਰੇਕ ਵਿਧਾਇਕ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਪਲੀਜ਼ ਟਰਾਂਸਫਰਸ ਦੀ ਰਿਕੁਐਸਟ ਨਾ ਲੈ ਕੇ ਆਇਆ ਕਰੋ। ਅਸੀਂ ਉੱਥੇ ਟੀਚਰ ਭੇਜਦੇ ਹਾਂ, ਜਿੱਥੇ ਲੋੜ ਹੈ। ਇਹ ਮੇਰੀ ਇਸ ਹਾਊਸ ਨੂੰ ਬੇਨਤੀ ਹੈ। ਹਾਊਸ ਸਾਥ ਦੇਵੇਗਾ ਤਾਂ ਅਸੀਂ ਮੈਕਸੀਮਮ ਜਿੰਨਾ ਡਿਸਐਡਵਾਂਟੇਜ ਏਰੀਆ ਹੈ ਅਤੇ ਇਸ ਵੇਲੇ ਸਾਰਾ ਕੁਝ ਲਾਈਵ ਚੱਲ ਰਿਹਾ ਹੈ। ਪੰਜਾਬ ਵਿੱਚ ਟੀਚਰਜ਼ ਦੀ ਟਰਾਂਸਫਰ ਪਾਲਿਸੀ ਇਸ ਤਰ੍ਹਾਂ ਦੀ ਹੈ ਕਿ ਉਸ ਵਿੱਚ ਚੇਂਜਿਜ਼ ਕਰ ਦਿੱਤੇ ਗਏ। ਇਹ ਮਹਿਕਮਾ ਕਿਉਂਕਿ female dominated ਹੈ। ਜੇਕਰ ਉਹ widow, divorce, ਹੋ ਜਾਵੇ, ਕੋਈ ਸੀਰੀਅਸ ਬਿਮਾਰੀ ਹੋ ਜਾਵੇ। ਆਨਲਾਈਨ ਪੋਰਟਲ ਸਾਲ ਵਿੱਚ ਇੱਕ

ਮਹੀਨਾ ਹੀ ਖੁੱਲ੍ਹਦਾ ਸੀ। ਪ੍ਰਮਾਤਮਾ ਨਾ ਕਰੇ ਪਰ ਹੋ ਸਕਦਾ ਹੈ ਕਿ ਕੋਈ ਇਸ ਤਰ੍ਹਾਂ ਟੀਚਰ ਹੋਵੇ ਜਿਸ ਨੂੰ ਡਾਕਟਰ ਨੇ ਕਿਹਾ ਹੋਵੇ ਕਿ ਤੈਨੂੰ ਕੈਂਸਰ ਹੈ, ਤੇਰੇ ਕੋਲ ਛੇ ਮਹੀਨੇ ਹਨ ਪਰ ਉਸ ਦਾ ਪੋਰਟਲ ਤਾਂ ਸਾਲ ਨਹੀਂ ਖੁੱਲ੍ਹੇਗਾ। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕਹਿ ਦਿੱਤਾ ਕਿ ਇਹ ਪੋਰਟਲ ਹਰ ਮਹੀਨੇ ਖੁੱਲ੍ਹੇਗਾ। ਜੇਕਰ ਕੋਈ ਬਲਾਈਂਡ ਹੈ, ਕੋਈ ਹੈਂਡੀਕੈਪਡ, ਕੋਈ divorce, ਕੋਈ widow ਹੈ, ਕੋਈ ਵੀ ਲੋੜਵੰਦ ਹੈ, ਕਿਸੇ ਦਾ ਬੱਚਾ ਬਿਮਾਰ ਹੈ ਤਾਂ ਉਸ ਦੀ ਟਰਾਂਸਫਰ ਆਪਣੇ ਆਪ ਹੋ ਜਾਣੀ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਟਰਾਂਸਫਰ ਪਾਲਿਸੀ ਇਸ ਤਰ੍ਹਾਂ ਦੀ ਹੈ ਕਿ ਜਿਵੇਂ ਜਿਵੇਂ ਟੀਚਰ ਦੀ ਸਰਵਿਸ ਵਿੱਚ ਵਾਧਾ ਹੁੰਦਾ ਜਾਵੇਗਾ ਉਵੇਂ ਹੀ ਉਹ ਆਪਣੇ ਘਰ ਦੇ ਨਜ਼ਦੀਕ ਆਉਂਦਾ ਜਾਵੇਗਾ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਐਮ.ਐਲ.ਏ. ਸਾਹਿਬ, ਠੀਕ ਹੈ। ਹੁਣ ਅਸੀਂ ਅੱਗੇ ਵੀ ਚਲੀਏ। ਦੂਜੇ ਸਾਥੀਆਂ ਦੇ ਪ੍ਰਸ਼ਨ ਰਹਿ ਜਾਣਗੇ।

**ਡਾਕਟਰ ਰਾਜ ਕੁਮਾਰ:** ਸਰ, ਕਾਈਂਡਲੀ ਦੂਜੀ ਸਪਲੀਮੈਂਟਰੀ ਜੀ।

**ਮਾਣਯੋਗ ਸਪੀਕਰ:** ਜੀ, ਇਹ ਤੁਹਾਡੀ ਦੂਜੀ ਨਹੀਂ, ਇਹ ਤੁਹਾਡੀ ਚੌਥੀ ਸਪਲੀਮੈਂਟਰੀ ਹੈ।

**ਡਾਕਟਰ ਰਾਜ ਕੁਮਾਰ:** ਮੰਤਰੀ ਸਾਹਿਬ, ਧੰਨਵਾਦ ਕਰਨ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਜੋ ਹਾਲਾਤ ਪਹਿਲਾਂ ਸੀ, ਉਹੀ ਹਾਲਾਤ ਅੱਜ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ earliest ਕਦੋਂ ਸਾਡੇ ਸਕੂਲਾਂ ਵਿੱਚ ਟੀਚਰ ਪੂਰੇ ਹੋਣਗੇ, if not 36%, 40%.

**ਮਾਣਯੋਗ ਸਪੀਕਰ:** ਠੀਕ ਹੈ ਜੀ, ਧੰਨਵਾਦ। (ਵਿਘਨ, ਸ਼ੋਰ) ਤੁਸੀਂ ਬੈਠੋ, ਬੈਠੋ।

---

**1030/Sukhpiar Singh/ Harjinder singh**

**1035/Manika Rani**

## ਸਾਂਝੀ ਜ਼ਮੀਨ ਦੀ ਵੰਡ ਬਾਰੇ ਨੀਤੀ ਬਣਾਉਣਾ

***1024. ਸ੍ਰੀਮਤੀ ਨਰਿੰਦਰ ਕੌਰ ਭਰਾਜ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਜਿਨ੍ਹਾਂ ਲੋਕਾਂ ਕੋਲ ਸਾਂਝੀ ਜ਼ਮੀਨ ਹੈ, ਉਨ੍ਹਾਂ ਦੀ ਸਾਂਝੀ ਜ਼ਮੀਨ ਦੀ ਵੰਡ ਸਾਰੇ ਭਰਾਵਾਂ ਦੀ ਸਹਿਮਤੀ ਨਾ ਬਣਨ ਕਾਰਨ ਜ਼ਮੀਨ ਤਕਸੀਮ ਨਹੀਂ ਕੀਤੀ ਜਾ ਸਕਦੀ; ਜੇਕਰ ਅਜਿਹਾ ਹੈ ਤਾਂ ਕੀ ਇਸ ਸਮੱਸਿਆ ਦੇ ਹੱਲ ਲਈ ਕੋਈ ਨੀਤੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਤਾਂ ਕਿ 50% ਤੋਂ ਵੱਧ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਅਨੁਸਾਰ ਜ਼ਮੀਨ ਨੂੰ ਤਕਸੀਮ ਕੀਤਾ ਜਾ ਸਕੇ; ਵੇਰਵੇ ਸਹਿਤ ਦੱਸਿਆ ਜਾਵੇ?

**Sh. Bram Shankar:** "No Sir" As per the existing policy of partition, in case where the co-sharer(s) of land have disagreed to carried out partition of land, that land can be partitioned by filing an application in the court of Competent Revenue Officer (Tehsildar/Naib-Tehsildar) by the concerned co-sharer(s).

Apart from the existing policy regarding Partition of land, no proposal to frame any other policy is under consideration of the Government.

ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਿਨਾਂ ਪਰਿਵਾਰਕ ਸਹਿਮਤੀ ਤੋਂ ਕੋਈ ਇਸ ਤਰ੍ਹਾਂ ਦਾ ਕਾਨੂੰਨ ਜਾਂ ਤਜਵੀਜ਼ ਨਹੀਂ ਹੈ ਕਿ ਜਿਸ ਦੀ ਵੰਡ ਹੋ ਸਕੇ। ਲੇਕਿਨ ਇਸ ਦੇ ਨਾਲ ਨਾਲ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਮਾਲ ਮਹਿਕਮੇ ਨੂੰ ਨਿਰਦੇਸ਼ ਦਿੱਤਾ ਸੀ। ਕਿਉਂਕਿ ਬਹੁਤ ਸਾਰੀ ਪਰਿਵਾਰਕ ਵੰਡ ਟਾਈਮ ਸਿਰ ਨਹੀਂ ਹੋ ਪਾਉਂਦੀ। ਲੇਕਿਨ ਇੱਕ ਵੈਬਸਾਈਟ ਬਣਾਇਆ ਗਿਆ, ਪੋਰਟਲ ਬਣਾਇਆ ਗਿਆ, ਜਿਸ ਵਿੱਚ ਅਗਰ ਪਰਿਵਾਰਕ ਮੈਂਬਰ ਆਪਸ ਵਿੱਚ ਸਹਿਮਤ ਹਨ, ਉਹ ਉਸ ਪੋਰਟਲ ਤੇ ਜਾ ਕੇ, ਉਹ ਆਪਣੀ ਵੰਡ ਦਾ ਵੇਰਵਾ ਪਾ ਸਕਦੇ ਹਨ। ਅਜਿਹਾ ਕਰਨ ਨਾਲ ਉਨ੍ਹਾਂ ਦੀ ਜ਼ਮੀਨ ਦੀ ਤਕਸੀਮ ਹੋ ਜਾਵੇਗੀ। ਇਹ ਸਾਰਾ ਪ੍ਰਬੰਧ ਮੁੱਖ ਮੰਤਰੀ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕੀਤਾ ਗਿਆ ਹੈ। ਲੇਕਿਨ ਕਾਨੂੰਨ ਦੇ ਅਧੀਨ ਆਉਂਦੀਆਂ ਚੀਜ਼ਾਂ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ੍ਰੀਮਤੀ ਨਰਿੰਦਰ ਕੌਰ ਭਰਾਜ:** ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਲੇਕਿਨ ਪੋਰਟਲ ਤੇ ਜਾ ਕੇ ਤਹਿਸੀਲਦਾਰ, ਨਾਇਬ ਤਹਿਸੀਲਦਾਰ ਕੋਲ ਆਪਣੀ ਐਪਲੀਕੇਸ਼ਨ ਦਰਜ ਕਰਵਾ ਸਕਦੇ ਹਨ। ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਐਪਲੀਕੇਸ਼ਨਜ਼ ਲੋਕ ਲਗਾਉਂਦੇ ਹਨ ਅਤੇ ਸਾਲਾਂਬੱਧੀ ਉਥੇ ਖੱਜਲ ਖੁਆਰ ਵੀ ਹੁੰਦੇ ਹਨ। ਇਸ ਦੇ ਨਾਲ ਕੁਰੱਪਸ਼ਨ ਦਾ ਸ਼ਿਕਾਰ ਵੀ

ਹੁੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਅਤੇ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਸ ਤਰ੍ਹਾਂ ਦੀ ਕੋਈ ਤਜਵੀਜ਼ ਬਣਾਈ ਜਾਵੇ। ਫਿਰ ਚਾਹੇ ਉਹ ਜ਼ਮੀਨ ਸੈਲਫ acquired ਹੋਵੇ, ਚਾਹੇ ਜ਼ਮੀਨ ਵਿਰਾਸਤ ਦੇ ਵਿੱਚ ਮਿਲੀ ਹੋਵੇ। ਇਸ ਲਈ ਕੋਈ ਟਾਈਮਬਾਊਂਡ ਜਾਂ ਸਮਾਬੱਧ ਪਾਲਿਸੀ ਬਣਾਈ ਜਾਵੇ ਤਾਂ ਕਿ ਇੰਤਕਾਲ ਤੋਂ ਬਾਅਦ ਜ਼ਮੀਨ ਦੀ ਤਕਸੀਮ ਹੋ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।

ਇਸ ਨਾਲ ਲੋਕ ਖੱਜਲ ਖੁਆਰ ਹੋਣ ਤੋਂ ਬਚ ਜਾਣਗੇ। ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਤਕਰੀਬਨ ਦਸ ਪਿੰਡ ਹਨ, ਜਿਨ੍ਹਾਂ ਦੀ ਜ਼ਮੀਨ ਜੰਮੂ-ਕੱਟੜਾ ਐਕਸਪ੍ਰੈਸ ਵੇਅ ਦੇ ਵਿੱਚ ਆ ਗਈ ਹੈ ਅਤੇ ਉਨ੍ਹਾਂ ਦੇ ਘਰ ਵੀ ਵਿੱਚ ਆ ਗਏ ਹਨ। ਅੱਜ ਰੋਡ ਵੀ ਬਣ ਚੁੱਕਿਆ ਹੈ ਪਰ ਉਨ੍ਹਾਂ ਦੀ ਤਕਸੀਮ ਨਾ ਹੋਣ ਕਾਰਨ ਉਹ ਬੇਘਰੇ ਹੋਏ ਬੈਠੇ ਹਨ। ਜਿਹੜੇ ਐਨ.ਆਰ.ਆਈ. ਭਰਾ ਬਾਹਰਲੇ ਮੁਲਕਾਂ ਵਿੱਚ ਬੈਠੇ ਹਨ, ਉਨ੍ਹਾਂ ਦੀਆਂ ਜ਼ਮੀਨਾਂ ਪਰਿਵਾਰਕ ਮੈਂਬਰਾਂ ਵੱਲੋਂ ਦੱਬੀਆਂ ਜਾ ਰਹੀਆਂ ਹਨ।

**ਮਾਣਯੋਗ ਸਪੀਕਰ:** ਬੀਬਾ ਜੀ, ਤੁਸੀਂ ਸਵਾਲ ਪੁੱਛੋ।

**ਸ਼੍ਰੀਮਤੀ ਨਰਿੰਦਰ ਕੌਰ ਭਰਾਜ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਟਾਈਮ ਬਾਊਂਡ, ਸਮਾਬੱਧ ਤਜਵੀਜ਼ ਜਾਂ ਪਾਲਿਸੀ ਲਿਆਂਦੀ ਜਾ ਸਕਦੀ ਹੈ ਜਾਂ ਨਹੀਂ?

**ਮਾਣਯੋਗ ਸਪੀਕਰ:** ਮੰਤਰੀ ਜੀ,ਕੀ ਕੋਈ ਐਨ.ਆਰ.ਆਈ. ਸਪੈਸੇਫਿਕ ਪਾਲਿਸੀ ਹੋ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਵੈਬਸਾਈਟ ਔਰ ਪੋਰਟਲ ਬਣਾਇਆ ਗਿਆ ਹੈ, ਉਸ ਉੱਤੇ ਪਰਿਵਾਰਕ ਮੈਂਬਰ ਖੁਦ ਜਾ ਕੇ ਦਰਜ ਕਰਵਾ ਸਕਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਉਸ ਵਿੱਚ ਸਹਿਮਤੀ ਜ਼ਰੂਰੀ ਹੈ। ਕਿਉਂਕਿ ਇਸ ਗੱਲ ਨੂੰ ਤਾਂ ਸਾਰਾ ਹਾਊਸ ਹੀ ਜਾਣਦਾ ਹੈ ਕਿ ਬਿਨਾਂ ਸਹਿਮਤੀ ਤੋਂ ਤਾਂ ਡਵੀਜ਼ਨ ਨਹੀਂ ਹੋ ਸਕਦੀ ਹੈ। ਇਸ ਲਈ ਸਹਿਮਤੀ ਜ਼ਰੂਰੀ ਹੈ। ਉਸ ਵਿੱਚ ਕਿਸੇ ਨੂੰ ਕੋਈ ਪਰੇਸ਼ਾਨੀ ਨਹੀਂ ਆ ਰਹੀ ਹੈ। ਜੇਕਰ ਕਿਸੇ ਪਰਟੀਕੂਲਰ ਕੇਸ ਵਿੱਚ ਪਰੇਸ਼ਾਨੀ ਆ ਰਹੀ ਹੈ ਤਾਂ ਮਾਣਯੋਗ ਮੈਂਬਰ ਸਾਹਿਬਾਨ ਮੇਰੀ ਨਾਲੇਜ ਵਿੱਚ ਲਿਆ ਸਕਦੇ ਹਨ ਜਾਂ ਵਟਸਐਪ ਉੱਤੇ ਵੀ ਅਸੀਂ ਇੱਕ ਨੰਬਰ 8184900002 ਜਾਰੀ ਕੀਤਾ ਹੈ। ਅਗਰ ਕਿਸੇ ਨੂੰ ਪਰੇਸ਼ਾਨੀ ਹੈ ਤਾਂ ਉਹ ਵਟਸਐਪ ਨੰਬਰ ਤੇ ਵੀ ਪਾ ਸਕਦੇ ਹਨ। 21 ਦਿਨਾਂ ਦੇ ਅੰਦਰ ਅੰਦਰ ਜਵਾਬ ਚਲਾ

ਜਾਂਦਾ ਹੈ। ਇਨ੍ਹਾਂ ਸਾਰੀਆਂ ਤਜਵੀਜ਼ਾਂ ਤੇ ਸਰਕਾਰ ਨੇ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਹੈ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਮਾਣਯੋਗ ਡਾਕਟਰ ਸੁਖਵਿੰਦਰ ਕੁਮਾਰ ਸੁਖੀ ਜੀ ਨੇ ਬੰਗਾ ਤਹਿਸੀਲ ਦੀ ਉਸ ਦਿਨ ਗੱਲ ਕੀਤੀ ਸੀ। ਜੇਕਰ ਕਿਸੇ ਨੂੰ ਤਹਿਸੀਲ ਵਿੱਚ ਜਾ ਕੇ ਪਰੇਸ਼ਾਨੀ ਆਉਂਦੀ ਹੈ ਤਾਂ ਅਸੀਂ ਵਟਸਐਪ ਨੰਬਰ ਜਾਰੀ ਕੀਤਾ ਹੈ, ਜੇਕਰ ਮਾਣਯੋਗ ਮੈਂਬਰ ਜਾਂ ਕਿਸੇ ਆਮ ਨਾਗਰਿਕ ਨੂੰ ਕੋਈ ਅਫਸਰ ਪਰੇਸ਼ਾਨ ਕਰਦਾ ਹੈ ਤਾਂ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਉਸ ਦਿਨ ਗੱਲ ਕੀਤੀ ਗਈ ਸੀ ਕਿ ਪੈਸੇ ਮੰਗੇ ਜਾਂਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਲੋਕ ਕਈ ਵਾਰੀ ਸਟੈਂਪ ਡਿਊਟੀ ਲਈ ਜਾਂ ਆਪਣੀ ਜ਼ਮੀਨ ਨੂੰ ਪਿੱਛੇ ਦਿਖਾਉਣ ਲਈ ਢੰਗ ਤਰੀਕੇ ਲੱਭ ਲੈਂਦੇ ਹਨ। ਉਹ ਸਟੈਂਪ ਡਿਊਟੀ ਨਹੀਂ ਲਗਾਉਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਜੇਕਰ ਕਿਸੇ ਨੂੰ ਪਰੇਸ਼ਾਨੀ ਆਉਂਦੀ ਹੈ ਤਾਂ ਮੈਂ ਡਿਪਾਰਟਮੈਂਟ ਦੇ ਮੰਤਰੀ ਹੋਣ ਤੇ ਨਾਤੇ ਇਸ ਦੀ ਜ਼ਿੰਮੇਵਾਰੀ ਚੁੱਕਦਾ ਹਾਂ। ਸੀ.ਐਮ. ਸਾਹਿਬ ਖੁਦ ਹੁਸ਼ਿਆਰਪੁਰ ਤਹਿਸੀਲ ਵਿੱਚ ਜਾ ਕੇ ਵਿਜ਼ਟ ਕਰਕੇ ਆਏ ਹਨ।

**1040/Gurpreet kaur**

ਉਨ੍ਹਾਂ ਉੱਥੇ ਜਾ ਕੇ ਖੁਦ ਚੈੱਕ ਕੀਤਾ। ਮੇਰਾ ਵਿਧਾਨ ਸਭਾ ਹਲਕਾ ਸੀ। ਉੱਥੇ ਬਿਨਾਂ ਕਿਸੇ ਨੂੰ ਦੱਸਿਆਂ ਸੀ.ਐਮ. ਸਾਹਿਬ ਨੇ ਵਿਜ਼ਿਟ ਕੀਤਾ ਸੀ। ਇਸੇ ਤਰ੍ਹਾਂ ਮਾਲ ਵਿਭਾਗ ਵੱਲੋਂ ਪਿੱਛੇ ਜਿਹੇ ਦੋ ਕੈਂਪ ਲਗਾਏ ਗਏ। ਜਿੱਥੇ ਜਲੰਧਰ ਵਿੱਚ ਜਨਮਾਲ ਅਦਾਲਤ ਲਗਾਈ ਗਈ। ਇਹ ਲੁਧਿਆਣੇ ਵਿੱਚ ਲਗਾਈ ਗਈ ਸੀ। ਮੈਂ ਵੀ ਵਿੱਚ ਬੈਠਾ ਸੀ। ਉੱਥੇ ਤਕਰੀਬਨ 2 ਹਜਾਰ ਤੋਂ ਜ਼ਿਆਦਾ ਲੋਕ ਆ ਕੇ ਸਾਨੂੰ ਮਿਲੇ ਸਨ। ਉਦੋਂ ਇੱਕ ਦਿਨ ਵਿੱਚ 1000 ਦੇ ਲਗਭਗ ਇੰਤਕਾਲ ਹੋਇਆ ਸੀ। ਉਸ ਤੋਂ ਬਾਅਦ ਮਾਣਯੋਗ ਸੀ.ਐਮ. ਸਾਹਿਬ ਦੇ ਦਿਸ਼ਾ ਨਿਰਦੇਸ਼ ਦੇ ਉੱਤੇ ਦੋ ਵਾਰ ਕੈਂਪ ਲਗਾਏ ਗਏ। ਇੱਕ ਛੁੱਟੀ ਵਾਲੇ ਦਿਨ ਸ਼ਨੀਵਾਰ ਨੂੰ ਲਗਾਇਆ ਗਿਆ। 31 ਹਜਾਰ ਤੋਂ ਜ਼ਿਆਦਾ ਇੰਤਕਾਲ ਇੱਕ ਦਿਨ ਵਿੱਚ ਦਰਜ ਹੋਏ। ਮੈਂ ਸੱਤ ਤੋਂ ਜ਼ਿਆਦਾ ਤਹਿਸੀਲਾਂ ਵਿਜ਼ਿਟ ਕੀਤੀਆਂ। ਮੈਂ ਲੋਕਾਂ ਨੂੰ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਬਾਰੇ ਪੁੱਛਿਆ। ਉਨ੍ਹਾਂ ਦੀਆਂ ਜੋ ਵੀ ਪ੍ਰੇਸ਼ਾਨੀਆਂ ਹਨ ਉਹ ਮੈਨੂੰ ਰਿਟਨ ਵਿੱਚ ਦੇਣ ਲਈ ਕਿਹਾ ਗਿਆ। ਫਿਰ ਕੰਮ ਨਾ ਕਰਨ ਵਾਲੇ ਅਫਸਰ ਦੇ ਖਿਲਾਫ ਕਾਰਵਾਈ ਵੀ ਕੀਤੀ ਜਾਵੇਗੀ। ਦੂਜਾ ਕੈਂਪ ਫਿਰ ਲਗਾਇਆ ਗਿਆ ਸੀ। ਜਿਸ ਵਿੱਚ ਇੱਕ ਦਿਨ ਵਿੱਚ 51 ਹਜਾਰ ਤੋਂ ਜ਼ਿਆਦਾ ਇੰਤਕਾਲ ਹੋਏ। ਇੱਥੇ ਦੱਸਣਯੋਗ ਗੱਲ ਇਹ ਹੈ ਕਿ ਉੱਥੇ 10-10, 20-20 ਸਾਲ ਪੁਰਾਣੇ ਇੰਤਕਾਲ ਵੀ ਦਰਜ ਕੀਤੇ ਗਏ। ਇਸ ਨਾਲ ਸਰਕਾਰ ਦੀ ਕੰਮ ਕਰਨ ਦੀ ਪਾਰਦਰਸ਼ਤਾ ਜ਼ਾਹਿਰ ਹੁੰਦੀ ਹੈ। ਦੂਜੀ ਗੱਲ। ਅੱਜ ਇੱਥੇ ਮਾਣਯੋਗ ਅਰੁਣਾ ਚੌਧਰੀ, ਭੈਣ ਜੀ ਮੌਜੂਦ ਨਹੀਂ ਹਨ। ਇਨ੍ਹਾਂ ਨੇ ਪਰਸੋਂ ਗੱਲ ਕੀਤੀ ਸੀ.... (ਵਿਘਨ)

**ਮਾਣਯੋਗ ਸਪੀਕਰ:** ਮੰਤਰੀ ਜੀ, ਬੈਠੋ।

**ਮੰਤਰੀ:** ਮੈਂ ਆਪਣੀ ਥੋੜ੍ਹੀ ਜਿਹੀ ਗੱਲ ਕੰਪਲੀਟ ਕਰ ਦੇਵਾਂ।

**ਮਾਣਯੋਗ ਸਪੀਕਰ:** ਤੁਹਾਡੇ ਕੋਲ ਬਾਅਦ ਵਿੱਚ ਬਹੁਤ ਸਮਾਂ ਹੋਵੇਗਾ। (ਵਿਘਨ) ਮੰਤਰੀ ਜੀ ਬੈਠੋ। ਮੇਰੀ ਗੱਲ ਸੁਣੋ। ਮੈਂ ਇੱਕ ਬੇਨਤੀ ਕਰਦਾ ਹਾਂ ਕਿ ਕੁਐਸਚਨ ਆਵਰ ਵਿੱਚ ਲਗਭਗ ਸਾਰੇ ਮੈਂਬਰਾਂ ਦੇ ਕੁਐਸਚਨ ਲੱਗੇ ਹੁੰਦੇ ਹਨ। ਅਸੀਂ ਬਹੁਤ ਬਰੀਫ ਜਵਾਬ ਦਿਆ ਕਰੀਏ ਤਾਂ ਕਿ ਸਾਰੇ ਮੈਂਬਰਾਂ ਦੇ ਕੁਐਸਚਨ ਹੋ ਜਾਣ। ਇਹ ਪੰਜਾਬੀਆਂ ਦੇ ਕੁਐਸਚਨ ਹਨ। ਜੇਕਰ ਅਸੀਂ ਭਾਸ਼ਣਬਾਜ਼ੀ ਵਿੱਚ ਪੈ ਜਾਵਾਂਗੇ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਹਾਂ ਜੀ ਇਆਲੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਜਿਹੜੀਆਂ ਜ਼ਮੀਨਾਂ ਜੰਮੂ-ਕੱਟੜਾ ਹਾਈਵੇਅ ਲਈ ਐਕੁਆਇਰ ਹੋਈਆਂ ਹਨ ਉਸ ਵਿੱਚ ਮੁਸ਼ਤਰਕਾ ਖਾਤੇ ਵੀ ਹਨ। ਜਿਵੇਂ ਦੋ ਭਰਾਵਾਂ ਦੀ ਇੱਕ ਜਗ੍ਹਾ ਜ਼ਮੀਨ ਸਾਂਝੀ ਹੈ ਅਤੇ ਦੂਜੀ ਜਗ੍ਹਾ ਵੀ ਸਾਂਝੀ ਹੈ, ਜਿੱਥੇ ਵੀ ਜਗ੍ਹਾ ਅਕੁਆਇਰ ਹੋ ਗਈ ਤਾਂ ਉਨ੍ਹਾਂ ਦੋਨਾਂ ਨੂੰ ਪੈਸੇ ਮਿਲ ਗਏ। ਇੱਕ ਭਰਾ ਨੇ ਪੈਸੇ ਵੀ ਲੈ ਲਏ ਅਤੇ ਪਰਲੇ ਪਾਸੇ ਕਬਜ਼ਾ ਵੀ ਨਹੀਂ ਛੱਡ ਰਿਹਾ। ਇਸ ਤਰ੍ਹਾਂ ਦੇ ਕਾਫੀ ਕੇਸ ਆਏ ਹਨ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤੇ ਕੋਈ ਫੈਸਲਾ ਲੈ ਰਹੀ ਹੈ ਜਿਹੜੇ ਬੰਦੇ ਪੈਸੇ ਵੀ ਲੈ ਗਏ ਅਤੇ ਕਬਜ਼ਾ ਵੀ ਨਹੀਂ ਛੱਡ ਰਹੇ ਇਸ ਦੇ ਲਈ ਅਸੀਂ ਕਾਫੀ ਪੈਰਵਾਈਆਂ ਕੀਤੀਆਂ ਹਨ। ਇਸ ਬਾਰ ਕੋਈ ਠੋਸ ਨੀਤੀ ਬਣਾ ਕੇ ਲੋਕਾਂ ਦਾ ਮਸਲਾ ਹੱਲ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਇਆਲੀ ਸਾਹਿਬ, ਇਹ ਤੁਹਾਡਾ ਵੱਖਰਾ ਸਵਾਲ ਬਣਦਾ ਹੈ। ਸਵਾਲ ਤੁਹਾਡਾ ਜਾਇਜ਼ ਹੈ। ਧੰਨਵਾਦ ਜੀ। ਹੁਣ ਅਗਲੇ ਸਵਾਲ ਤੇ ਚੱਲਦੇ ਹਾਂ। ਨਹੀਂ ਤਾਂ ਬਾਕੀ ਮੈਂਬਰਾਂ ਦੇ ਸਵਾਲ ਰਹਿ ਜਾਣਗੇ।

----------------------

## ਪੋਸਤ ਦੀ ਖੇਤੀ ਕਰਨਾ

***1029. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਸੰਥੈਟਿਕ ਡਰੱਗਜ਼ ਨੂੰ ਠੱਲ੍ਹ ਪਾਉਣ ਲਈ ਪੰਜਾਬ ਵਿੱਚ ਪੋਸਤ ਦੀ ਖੇਤੀ ਕਰਨ ਦਾ ਵਿਚਾਰ ਰੱਖਦੀ ਹੈ। ਜੇਕਰ ਰੱਖਦੀ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਨਹੀਂ ਜੀ, ਸਰਕਾਰ ਸਿੰਥੈਟਿਕ ਨਸ਼ਿਆਂ ਦੀ ਰੋਕਥਾਮ ਲਈ ਪੋਸਤ ਦੀ ਕਾਸ਼ਤ ਸ਼ੁਰੂ ਕਰਨ ਦਾ ਕੋਈ ਇਰਾਦਾ ਨਹੀਂ ਰੱਖਦੀ।

**ਮਾਣਯੋਗ ਸਪੀਕਰ:** ਵਾਹ ਜੀ ਵਾਹ, ਕਿਆ ਬਾਤ ਹੈ। (ਹਾਸਾ) ਮੰਤਰੀ ਜੀ, ਮੈਨੂੰ ਵੀ ਇੱਕ ਗੱਲ ਦੱਸਿਓ ਕਿ ਪਹਿਲਾਂ ਪੰਜਾਬ ਵਿੱਚ ਅਫੀਮ ਦੇ ਠੇਕੇ ਹੋਇਆ ਕਰਦੇ ਸਨ। ਇਹ ਪਤਾ ਕਰਕੇ ਦੱਸਿਓ ਕਿ ਇਹ ਬੰਦ ਕਿਉਂ ਕੀਤੇ ਗਏ।

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਇੱਕ ਸਵਾਲ ਕੀਤਾ ਜਿਸ ਨਾਲ ਸਭ ਦੇ ਚਿਹਰੇ ਖਿੜ੍ਹ ਗਏ ਹਨ। ਮੈਂ ਵੀ ਉਸ ਉਮਰ ਵੱਲ ਚੱਲਿਆ ਜਾ ਰਿਹਾ ਹਾਂ ਜਿੱਥੇ ਸ਼ਾਇਦ ਇਸ ਦੀ ਲੋੜ ਪੈ ਜਾਂਦੀ ਹੈ। ਵੈਸੇ, ਸਵਾਲ ਮੁਤਾਬਿਕ ਇਸ ਦਾ ਜਵਾਬ ਹੈ ਕਿ ਸਰਕਾਰ ਹਾਲੇ ਅਜਿਹਾ ਕੋਈ ਇਰਾਦਾ ਨਹੀਂ ਰੱਖਦੀ ਕਿਉਂਕਿ ਇਹ ਵੀ ਇੱਕ ਨਸ਼ਾ ਹੈ। ਇਸ ਲਈ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਹਰਮੀਤ ਜੀ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ:** ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਡਰੱਗ ਨਸ਼ੇ ਕਰਕੇ ਆਈ.ਵੀ.ਐਫ. ਸੈਂਟਰ, ਸਮੈਕ, ਗੋਲੀਆਂ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ।

**1040/Gurpreet kaur/BS khokhar**

**1045/Rajneet Kaur**

ਨਸ਼ਾ ਸਾਲ 2007 ਤੋਂ ਪਹਿਲਾਂ ਪੰਜਾਬ ਵਿੱਚ ਆਉਣਾ ਸ਼ੁਰੂ ਹੋਇਆ। ਅੱਜ ਪੰਜਾਬ ਵਿੱਚ ਇਹ ਹਾਲਾਤ ਹੋ ਗਏ ਹਨ ਕਿ 136 ਸੈਂਟਰ ਪੰਜਾਬ ਵਿੱਚ ਖੁੱਲ੍ਹ ਗਏ ਹਨ। ਜਦਕਿ ਪਹਿਲਾਂ ਪੁਰਾਣੇ ਲੋਕ ਨਸ਼ਾ ਵੀ ਕਰਦੇ ਸੀ ਅਤੇ ਉਹ ਆਪਣੇ ਘਰੇਲੂ ਕੰਮ ਵੀ ਕਰਦੇ ਸੀ, ਖੇਤੀ ਕਰਦੇ ਸੀ। ਪਰ ਉਨ੍ਹਾਂ ਬਾਰੇ ਕੋਈ ਵੀ ਬੰਦਾ ਇਹ ਨਹੀਂ ਕਹਿ ਸਕਦਾ ਕਿ ਉਨ੍ਹਾਂ ਵਿੱਚੋਂ ਕੋਈ ਵੀ ਭੁੱਕੀ ਖਾ ਕੇ ਮਰ ਗਿਆ ਜਾਂ ਅਫੀਮ ਖਾ ਕੇ ਮਰ ਗਿਆ। ਮੈਂ ਪਿੱਛੇ ਨਾ ਜਾਂਦਾ ਹੋਇਆ ਇਹ ਕਹਾਂਗਾ ਕਿ ਸਾਲ 2020 ਤੋਂ ਲੈ ਕੇ 31 ਮਾਰਚ, 2023 ਤੱਕ 266 ਮੌਤਾਂ ਇਸ ਨਸ਼ੇ ਨਾਲ ਹੋਈਆਂ ਹਨ। ਇਸ ਤੋਂ ਬਾਅਦ 01 ਮਾਰਚ, 2023 ਤੋਂ ਲੈ ਕੇ ਹੁਣ ਤੱਕ 159 ਮੌਤਾਂ ਹੋਈਆਂ ਹਨ। ਜਿਹੜੇ ਬਾਹਰਲੇ ਮੁਲਕ ਹਨ, ਉਹ ਆਪਣੇ ਨਾਲੋਂ ਤੇਜ਼ ਹਨ, ਉਨ੍ਹਾਂ ਵਿੱਚ ਨਸ਼ੇ ਦੀ ਖੇਤੀ ਲੀਗਲ ਹੈ। ਆਪਾਂ ਨੂੰ ਵੀ ਆਪਣੇ ਪੰਜਾਬ ਦੀ ਜਵਾਨੀ ਬਚਾਉਣ ਵਾਸਤੇ ਇਹ ਕਰਨਾ ਚਾਹੀਦਾ ਹੈ। ਸਾਰਾ ਮੁਲਕ ਸਮੈਕਾਂ ਦੇ ਪਿੱਛੇ ਤੁਰ ਪਿਆ ਹੈ। ਦਿਨ ਬਦਿਨ ਇੰਨੇ ਸੈਂਟਰ ਖੁੱਲ੍ਹ ਗਏ ਹਨ ਕਿ ਇਸ ਨਾਲ ਆਉਣ ਵਾਲੀ ਪੀੜ੍ਹੀ ਸਾਡੀ ਖਤਮ ਹੋ ਜਾਵੇਗੀ। ਪੋਸਤ ਦੀ ਖੇਤੀ ਜਿਹੜੀ ਹੈ, ਇਹ ਕੁਦਰਤੀ ਨਸ਼ਾ ਹੈ। ਇਹ ਖੇਤੀ ਰਾਜਸਥਾਨ, ਮੱਧ ਪ੍ਰਦੇਸ਼ ਵਿੱਚ ਹੋ ਰਹੀ ਹੈ, ਹਰੇਕ ਥਾਂ ਹੋ ਰਹੀ ਹੈ। ਹਿਮਾਚਲ ਪ੍ਰਦੇਸ਼ ਵੀ ਇਸ ਨੂੰ ਸ਼ੁਰੂ ਕਰਨ ਜਾ ਰਿਹਾ ਹੈ। ਬਾਹਰਲਿਆਂ ਮੁਲਕਾਂ ਵਿੱਚ ਵੀ ਇਹ ਹੋ ਰਿਹਾ ਹੈ।

ਇਸ ਨਾਲ ਪੰਜਾਬ ਦਾ ਰੈਵੇਨਿਊ ਵੀ ਵਧੇਗਾ, ਇਸ ਤੇ ਕਿਸੇ ਨੂੰ ਇਤਰਾਜ਼ ਨਹੀਂ ਕਰਨਾ ਚਾਹੀਦਾ। ਭਾਵੇਂ ਵਿਰੋਧੀ ਧਿਰ ਵਾਲੇ ਵੀ ਹਨ, ਇਸ ਵਿਸ਼ੇ ਬਾਰੇ ਇਨ੍ਹਾਂ ਨੂੰ ਵੀ ਗੱਲਾਂ ਕਰਨ ਨੂੰ ਜੀਅ ਕਰਦਾ ਹੈ, ਪਰ ਇਹ ਡਰਦੇ ਹਨ ਕਿ ਕਿਤੇ ਮੇਰੇ ਤੇ ਤਵਾ ਨਾ ਲੱਗ ਜਾਵੇ। ਇਸ ਚਰਚਾ ਤੇ ਅੰਦਰੋ ਅੰਦਰੀ ਸਾਰੇ ਖੁਸ਼ ਹਨ, ਭਾਵੇਂ ਕੋਈ ਅਫਸਰ ਵੀ ਹਨ, ਸਾਰੇ ਹੀ ਕਿਤੇ ਨਾ ਕਿਤੇ ਇਸ ਵੱਲ ਧਿਆਨ ਰੱਖਦੇ ਹਨ। ਮੇਰੀ ਬੇਨਤੀ ਹੈ ਕਿ ਜੇ ਅਜੇ ਇਸ ਦੀ ਤਜਵੀਜ਼ ਨਹੀਂ ਤਾਂ ਘੱਟ ਤੋਂ ਘੱਟ ਠੇਕੇ ਜ਼ਰੂਰ ਖੋਲ੍ਹੇ ਜਾਣ ਤਾਂ ਕਿ ਸਾਡੀ ਜਵਾਨੀ ਸਿੰਥੈਟਿਕ ਨਸ਼ਿਆਂ ਤੋਂ ਬਚ ਸਕੇ।

**ਮਾਣਯੋਗ ਸਪੀਕਰ :** ਹਾਂ ਜੀ, ਅਵਤਾਰ ਸਿੰਘ ਜੂਨੀਅਰ। ਕੁਝ ਕਹਿਣਾ ਚਾਹੁੰਦੇ ਹੋ?

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਕੱਲ੍ਹ ਇਸ ਪਵਿੱਤਰ ਹਾਊਸ ਨੇ ਬਜਟ ਪਾਸ ਕੀਤਾ। ਸਰ, ਇਸ ਵਿੱਚ ਜਿਹੜਾ ਕੈਪੀਟਲ ਆਊਟਲੇਅ ਹੈ, ਜਿਸ ਨਾਲ ਆਪਾਂ ਸੜਕਾਂ ਬਣਾਉਣੀਆਂ ਹਨ, ਹਸਪਤਾਲ ਬਣਾਉਣੇ ਹਨ, ਸਕੂਲ ਬਣਾਉਣੇ ਹਨ। ਇਸ ਵਿੱਚ ਪਿਛਲੇ ਸਾਲ ਨਾਲੋਂ ਜਿਹੜਾ ਬਜਟਿਡ ਸੀ, 38 ਪ੍ਰਤੀਸ਼ਤ ਘੱਟ... (ਵਿਘਨ) ਸਰ, ਹੁਣ ਤਾਂ ਮੈਂ ਪਿਆਰ ਨਾਲ ਹੀ ਬੋਲ ਰਿਹਾ ਹਾਂ।

**ਮਾਣਯੋਗ ਸਪੀਕਰ :** ਇੱਕ ਮੇਰੀ ਗੱਲ ਸੁਣ ਲਓ। (ਵਿਘਨ, ਸ਼ੋਰ) ਚਲੋ ਬੈਠੋ। ਮੇਰੀ ਗੱਲ ਸੁਣ ਲਓ। ਤੁਹਾਡੇ ਸਾਥੀਆਂ ਦੇ ਪੰਜਾਬ ਦੇ ਲੋਕਾਂ ਨਾਲ ਸਬੰਧਿਤ ਸਮੱਸਿਆਵਾਂ ਦੇ ਪ੍ਰਤੀ ਕੁਐਸ਼ਚਨ ਲੱਗੇ ਹੋਏ ਹਨ। ਜੇਕਰ ਆਪਾਂ ਹੀ ਇਹ ਸਮਾਂ ਲੈ ਲਵਾਂਗੇ ਤਾਂ ਉਨ੍ਹਾਂ ਦੇ ਸਵਾਲਾਂ ਦਾ ਕੀ ਬਣੇਗਾ? ਚਲੋ ਅੱਗੇ ਚੱਲੋ ਜੀ।

------------

## ਕੰਪਨੀ ਬਾਗ (ਰਾਮ ਬਾਗ) ਦਾ ਹਿੱਸਾ ਪ੍ਰਾਈਵੇਟ ਪਾਰਟੀ ਨੂੰ ਤਬਦੀਲ ਕਰਨਾ

***1011. ਕੁੰਵਰ ਵਿਜੈ ਪ੍ਰਤਾਪ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੰਪਨੀ ਬਾਗ (ਰਾਮ ਬਾਗ) ਦਾ ਇੱਕ ਹਿੱਸਾ ਇੱਕ ਪ੍ਰਾਈਵੇਟ ਪਾਰਟੀ ਨੂੰ ਕਿਵੇਂ ਅਤੇ ਕਿੰਨਾ ਹਾਲਾਤਾਂ ਵਿਚ ਤਬਦੀਲ ਕੀਤਾ ਗਿਆ;

(ਅ) ਕੀ ਪ੍ਰਾਈਵੇਟ ਪਾਰਟੀ ਦੇ ਨਾਲ ਸਮਝੌਤਾ ਕਰਨ ਤੋਂ ਪਹਿਲਾਂ ਟੈਂਡਰ ਜਾਂ ਕਿਸੇ ਦੀ ਸੂਚਨਾ ਜਾਰੀ ਕੀਤੀ ਗਈ ਸੀ;

(ੲ) ਕੀ ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਅਜਿਹੇ ਸਮਝੌਤੇ ਤੇ ਹਸਤਾਖਰ ਕਰਨ ਦੇ ਸਮੱਰਥ ਹੈ;

(ਸ) ਸਮਝੌਤੇ ਦੀ ਕਾਪੀ ਅਤੇ ਬਾਕੀ ਦਸਤਾਵੇਜ਼ ਮੁਹੱਈਆ ਕਰਵਾਏ ਜਾਣ?

**ਸਰਦਾਰ ਬਲਕਾਰ ਸਿੰਘ** : ਸ਼੍ਰੀਮਾਨ ਜੀ, (ੳ) ਨਹੀਂ ਜੀ, ਕੰਪਨੀ ਬਾਗ (ਰਾਮ ਬਾਗ) ਦਾ ਕੋਵੀ ਵੀ ਹਿੱਸਾ ਕਿਸੇ ਪ੍ਰਾਈਵੇਟ ਕੰਪਨੀ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਹੈ, ਸਿਰਫ ਕੰਪਨੀ ਬਾਗ (ਰਾਮ ਬਾਗ) ਵਿਖੇ ਚਿਲਡਰਨ ਪਾਰਕ, ਜੂਆ ਏਰੀਆ, ਫਾਊਨਟੇਨ ਅਤੇ ਮਿਊਜ਼ੀਕਲ ਫਾਊਨਟੇਨ ਨੂੰ 11 ਸਾਲ ਲਈ ਆਪਰੇਸ਼ਨ ਅਤੇ ਮੇਨਟੀਨੇਸ ਕਰਨ ਲਈ ਜੁਲਾਈ, 2016 ਨੂੰ ਪ੍ਰਾਈਵੇਟ ਕੰਪਨੀ ਨੂੰ ਲੀਜ਼ ਤੇ ਦੇਣ ਦਾ ਇਕਰਾਰਨਾਮਾ ਕੀਤਾ ਗਿਆ ਸੀ।

(ਅ) ਹਾਂ ਜੀ, ਸਮਝੌਤਾ ਕਰਨ ਤੋ ਪਹਿਲਾਂ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਵੱਲੋਂ ਇਸ ਕੰਮ ਦਾ ਜੂਨ, 2016 ਵਿੱਚ Expression of Interest ਕਾਲ ਕਰਕੇ ਹੀ ਪ੍ਰਾਈਵੇਟ ਕੰਪਨੀ ਨਾਲ ਇਕਰਾਰਨਾਮਾ ਕੀਤਾ ਗਿਆ ਹੈ।

(ੲ) ਹਾਂ ਜੀ,

(ਸ) ਐਗਰੀਮੈਂਟ ਦੀ ਕਾਪੀ, ਟੈਂਡਰ ਕਾਲ ਕਰਨ ਦਾ ਨੋਟਿਸ ਅਤੇ ਵਰਕ ਆਰਡਰ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ। (ਐਡਿਟਿੰਗ ਸਟੇਜ ਤੇ ਇਸ ਦੀ ਫੋਟੋ ਨੱਥੀ ਕਰਨੀ ਹੈ।)

ਮਾਣਯੋਗ ਸਪੀਕਰ ਸਾਹਿਬ, ਇਸ ਤੋਂ ਇਲਾਵਾ ਜੇ ਕੋਈ ਮੈਂਬਰ ਸਾਹਿਬ ਨੇ ਡਿਸਕਸ ਕਰਨ ਹੈ ਤਾਂ ਮੈਂ ਮੈਂਬਰ ਸਾਹਿਬ ਨਾਲ ਪਰਸਨਲੀ ਡਿਸਕਸ ਕਰ ਲਵਾਂਗਾ।

**1045/Rajneet Kaur/BS khokhar**

**1050/Kuldeep kaur**

**ਕੁੰਵਰ ਵਿਜੈ ਪ੍ਰਤਾਪ ਸਿੰਘ:** ਮਾਣਯੋਗ ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਕੀ ਟਰਾਂਸਫਰ ਕੀਤਾ ਗਿਆ ਹੈ ਕਿ ਨਹੀਂ? ਜਵਾਬ ਆਇਆ ਹੈ ਕਿ ਨਹੀਂ। ਸਰ, ਇੱਕ ਲੀਜ਼ ਹੁੰਦਾ ਹੈ, ਇੱਕ ਟਰਾਂਸਫਰ ਵੀ ਹੁੰਦਾ ਹੈ। ਚਾਹੇ 11 ਸਾਲ ਲਈ ਟਰਾਂਸਫਰ ਕੀਤਾ ਗਿਆ ਹੈ, ਉਹ ਲੀਜ਼ ਫਿਰ ਵਧਾਉਂਦੇ ਜਾਂਦੇ ਹਨ। ਮੈਂ ਇਹ ਪੁੱਛਿਆ ਹੈ ਕਿ ਇਸ ਦੀ ਤਜਵੀਜ਼ ਕੀ ਸੀ, ਇਸ ਦੀ ਲੋੜ ਕੀ ਸੀ? ਮਾਣਯੋਗ ਸਪੀਕਰ ਸਾਹਿਬ, ਕੀ ਇਹ ਜੋ ਪਾਰਟੀ ਹੈ, ਇਨ੍ਹਾਂ ਲੋਕਾਂ ਨੇ ਅੰਮ੍ਰਿਤਸਰ ਦੇ ਸਰਕਟ ਹਾਊਸ ਨੂੰ ਵੀ ਲੀਜ਼ ਤੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਉਦੋਂ ਆਸਵਾਸ਼ਨ ਦਿੱਤਾ ਸੀ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇਗੀ ਲੇਕਿਨ

ਅਜੇ ਤੱਕ ਕੋਈ ਇਨਕੁਆਇਰੀ ਨਹੀਂ ਹੋਈ। ਇਹ ਉਹੀ ਲੋਕ ਹਨ। ਇਹੀ ਲੋਕ ਅੰਮ੍ਰਿਤਸਰ ਦੇ ਮਕਬੂਲ ਰੋਡ ਦਾ ਕਮਰਸ਼ੀਲਾਈਜ਼ੇਸ਼ਨ ਕਰਵਾ ਰਹੇ ਹਨ। ਮਾਣਯੋਗ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੰਮ੍ਰਿਤਸਰ ਦੇ ਲੋਕਾਂ ਨੂੰ ਸਾਹ ਲੈਣ ਦਾ ਹੱਕ ਹੈ ਕਿ ਨਹੀਂ? ਕੀ ਆਪਣੀ ਸਰਕਾਰ ਆਉਣ ਤੋਂ ਬਾਅਦ ਵੀ ਮਾਫੀਆ ਦਾ ਰਾਜ ਇਸੇ ਤਰੀਕੇ ਨਾਲ ਬਣਿਆ ਰਹੇਗਾ? ਕੀ ਇਸ ਦੇ ਉੱਤੇ ਕੋਈ ਲਗਾਮ ਲਗਾਈ ਜਾਵੇਗੀ?

**ਮੰਤਰੀ:** ਸਰ, ਬਿਲਕੁਲ ਠੀਕ ਹੋਵੇਗਾ। ਕਿਸੇ ਵੀ ਪੁਲੀਟਿਕਲ ਪ੍ਰੈਸ਼ਰ ਹੇਠ ਕੋਈ ਵੀ ਇਸ ਤਰ੍ਹਾਂ ਦਾ ਕੰਮ ਨਹੀਂ ਹੋਵੇਗਾ। ਜੋ, ਮੈਂਬਰ ਸਾਹਿਬ ਨੇ ਕਿਹਾ ਹੈ, ਬਿਲਕੁਲ ਸਹੀ ਹੋਵੇਗਾ।

--------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 925**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

--------

**ਮਾਣਯੋਗ ਸਪੀਕਰ:** ਸਰਦਾਰ ਜਗਦੀਪ ਸਿੰਘ ਕਾਕਾ ਬਰਾੜ ਇੱਕ ਮਿੰਟ ਜੀ। ਲੋਕ ਨਿਰਮਾਣ ਮੰਤਰੀ, ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਹਰਭਜਨ ਸਿੰਘ (ਲੋਕ ਨਿਰਮਾਣ (ਭ ਤੇ ਮ) ਮੰਤਰੀ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਵੀ ਕੋਈ ਸਵਾਲ ਆਉਂਦਾ ਹੈ ਤਾਂ ਜੇਕਰ ਸਬੰਧਿਤ ਮੈਂਬਰ ਜਿਨ੍ਹਾਂ ਨੇ ਸਵਾਲ ਪੁੱਛਿਆ ਹੁੰਦਾ ਹੈ, ਜੇਕਰ ਉਹ ਕਿਸੇ ਕਾਰਨ ਕਰਕੇ ਹਾਜ਼ਰ ਨਹੀਂ ਹੁੰਦੇ ਜਿਸ ਕਾਰਨ ਉਸ ਹਲਕੇ ਦੇ ਲੋਕ ਬੜੀ ਬੇਸਬਰੀ ਨਾਲ ਸਵਾਲ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ, ਉਸ ਦਾ ਜਵਾਬ ਨਹੀਂ ਦਿੱਤਾ ਜਾਂਦਾ। ਸੋ, ਜਿਸ ਤਰ੍ਹਾਂ ਹਾਊਸ ਵਿੱਚ ਜਦੋਂ ਸਬੰਧਿਤ ਮੰਤਰੀ ਹਾਜ਼ਰ ਨਹੀਂ ਹੁੰਦੇ ਤਾਂ ਦੂਸਰੇ ਮੰਤਰੀ ਵੱਲੋਂ ਉਸ ਸਵਾਲ ਦਾ ਜਵਾਬ ਦੇ ਦਿੱਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਠੀਕ ਹੋਵੇਗਾ ਕਿ ਜੇਕਰ ਸਵਾਲ ਨਾਲ ਸਬੰਧਿਤ ਮੈਂਬਰ ਕਿਸੇ ਕਾਰਨ ਕਰਕੇ ਸਦਨ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਹ ਵੀ ਆਪਣੇ ਸਵਾਲ ਕਿਸੇ ਹੋਰ ਮੈਂਬਰ ਨੂੰ ਟਰਾਂਸਫਰ ਕਰਕੇ ਜਾਇਆ ਕਰਨ ਤਾਂ ਕਿ ਉਸ ਤੇ ਬਾਕੀ ਮੈਂਬਰ ਸਾਹਿਬਾਨ ਸਪਲੀਮੈਂਟਰੀ ਲੈ ਲੈਣ ਤੇ ਹਲਕੇ ਦੇ ਲੋਕਾਂ ਨੂੰ ਜਵਾਬ ਵੀ ਮਿਲ ਸਕੇ।

**ਮਾਣਯੋਗ ਸਪੀਕਰ:** ਆਪਾਂ ਰੂਲ ਚੈੱਕ ਕਰ ਲਵਾਂਗੇ।

--------

## ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਰੋਡ ਤੇ ਪਿੰਡ ਵੜਿੰਗ ਦੇ ਨੇੜੇ ਸਥਿਤ ਟੋਲ ਪਲਾਜ਼ੇ ਸਬੰਧੀ

***973. ਸਰਦਾਰ ਜਗਦੀਪ ਸਿੰਘ ਕਾਕਾ ਬਰਾੜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਰੋਡ ਤੇ ਸਥਿਤ ਟੋਲ ਪਲਾਜ਼ੇ ਨੂੰ ਕਿਸ ਸਾਲ ਵਿੱਚ ਸਰਕਾਰ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ; ਟੋਲ ਕੰਪਨੀ ਵੱਲੋਂ ਇਸ ਸੜਕ ਦਾ ਨਿਰਮਾਣ ਕਿਸ ਕਿਸ ਸਮੇਂ ਕੀਤਾ ਗਿਆ ਸੀ, ਕੀ ਇਸ ਟੋਲ ਕੰਪਨੀ ਨੂੰ ਕੰਮ ਪੂਰਾ ਕਰਨ ਦਾ ਸਰਟੀਫਿਕੇਟ ਸਰਕਾਰ ਵੱਲੋਂ ਜਾਰੀ ਕੀਤਾ ਜਾ ਚੁੱਕਾ ਹੈ; ਕੀ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਜੋ ਕਿ ਕੋਟਕਪੂਰਾ ਮੁਕਤਸਰ ਰੋਡ ਦੇ ਵਿਚਕਾਰ ਆਉਂਦੀਆਂ ਹਨ, ਉੱਪਰ ਨਵਾਂ ਪੁਲ ਬਣਾਉਣ ਦਾ ਕੰਮ ਕੰਟਰੈਕਟ ਵਿੱਚ ਲਿਖਿਆ ਗਿਆ ਹੈ; ਕੀ ਇਸ ਕੰਪਨੀ ਨਾਲ ਸਰਕਾਰ ਦੀਆਂ ਕੀ ਕੰਟਰੈਕਟ ਸ਼ਰਤਾਂ ਸਨ; ਕੀ ਇਹ ਕੰਪਨੀ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਦੀ ਹੈ; ਜੇਕਰ ਨਹੀਂ ਕਰਦੀ ਤਾਂ ਇਸ ਦੌਰਾਨ ਸਰਕਾਰ ਵੱਲੋਂ ਇਸ ਕੰਪਨੀ ਉੱਤੇ ਕੀ ਐਕਸ਼ਨ ਲਿਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ।

ਸਰ, ਜਿਸ ਸਮੇਂ ਤੋਂ ਇਹ ਟੋਲ ਪਲਾਜ਼ਾ ਲੱਗਿਆ ਹੈ, ਇਸ ਨੇ ਕੰਟਰੈਕਟ ਦੀ ਕੋਈ ਵੀ ਸ਼ਰਤ ਪੂਰੀ ਨਹੀਂ ਕੀਤੀ ਹੈ। ਇਸ ਟੋਲ ਪਲਾਜ਼ੇ ਕਾਰਨ ਮੁਕਤਸਰ ਸ਼ਹਿਰ ਨੂੰ ਕੋਟਕਪੂਰਾ ਜਾਣ ਵਾਲੀ ਬੱਸ ਦਾ ਹਾਦਸਾ ਵੀ ਹੋ ਚੁੱਕਾ ਹੈ ਜਿਸ ਵਿੱਚ 9 ਜਾਨਾਂ ਜਾ ਚੁੱਕੀਆਂ ਹਨ। ਅੱਜ ਵੀ ਉਹ ਟੋਲ ਪਲਾਜ਼ਾ ਉਸ ਤਰ੍ਹਾਂ ਹੀ ਬਰਕਰਾਰ ਹੈ ਅਤੇ ਉਸ ਨੇ ਆਪਣੀ ਕੋਈ ਸ਼ਰਤ ਪੂਰੀ ਨਹੀਂ ਕੀਤੀ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਟੋਲ ਪਲਾਜ਼ੇ ਦੀਆਂ ਸ਼ਰਤਾਂ ਨੂੰ ਉਜਾਗਰ ਕੀਤਾ ਜਾਵੇ ਅਤੇ ਨਾਲ ਹੀ ਜੇਕਰ ਉਹ ਸ਼ਰਤਾਂ ਪੂਰੀਆਂ ਨਹੀਂ ਕਰਦਾ ਤਾਂ ਕਿਰਪਾ ਕਰਕੇ ਉਸ ਨੂੰ ਬੰਦ ਕੀਤਾ ਜਾਵੇ।

**ਸਰਦਾਰ ਹਰਭਜਨ ਸਿੰਘ:** ਮਾਣਯੋਗ ਸਪੀਕਰ ਸਾਹਿਬ, ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਸੜਕ ਦੀ ਉਸਾਰੀ ਬੀ.ਓ.ਟੀ. ਐਗਰੀਮੈਂਟ ਮਿਤੀ 14-12-2012 ਰਾਹੀਂ ਕੀਤੀ ਗਈ ਸੀ, ਜਿਸ ਵਿੱਚ ਪਿੰਡ ਵੜਿੰਗ ਵਿੱਚ ਟੋਲ ਪਲਾਜ਼ਾ ਸ਼ਾਮਿਲ ਸੀ। ਟੋਲ ਏਜੰਸੀ ਵੱਲੋਂ ਇਹ ਕੰਮ ਮਿਤੀ 03-05-2014 ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਮਿਤੀ 13-09-2017 ਨੂੰ ਮੁਕੰਮਲ ਕੀਤਾ ਗਿਆ ਸੀ। ਮਹਿਕਮੇ ਵੱਲੋਂ ਪ੍ਰੋਵੀਜ਼ਨਲ ਕੰਪਲੀਸ਼ਨ ਸਰਟੀਫਿਕੇਟ ਮਿਤੀ 13-09-2017 ਨੂੰ ਜਾਰੀ ਕੀਤਾ ਗਿਆ ਸੀ ਅਤੇ ਟੋਲ ਪਲਾਜ਼ਾ ਮਿਤੀ 13-09-2017 ਤੋਂ ਚਲਾਇਆ ਗਿਆ ਸੀ। ਸਰਹਿੰਦ ਫੀਡਰ ਅਤੇ ਰਾਜਸਥਾਨ ਫੀਡਰ ਨਹਿਰਾਂ ਉੱਪਰ ਮੌਜੂਦਾ ਪੁਲਾਂ ਦੇ ਨਾਲ 2 ਨਵੇਂ ਪੁਲਾਂ ਦੀ ਉਸਾਰੀ ਦਾ ਕੰਮ ਪ੍ਰਸਤਾਵਿਤ ਸੀ, ਜਦਕਿ ਮੌਜੂਦਾ ਪੁਲਾਂ ਨੂੰ ਟਰੈਫਿਕ ਦੀ ਵਰਤੋਂ ਲਈ ਬਰਕਰਾਰ ਰੱਖਿਆ ਗਿਆ ਸੀ। ਇਨ੍ਹਾਂ ਪੁਲਾਂ ਦੀ ਉਸਾਰੀ ਦਾ ਕੰਮ ਟੋਲ ਏਜੰਸੀ ਦੇ ਡਿਫਾਲਟ ਕਾਰਨ ਬਕਾਇਆ ਰਹਿੰਦਾ ਹੈ। ਟੋਲ ਏਜੰਸੀ ਉੱਪਰ ਮਹਿਕਮੇ ਵੱਲੋਂ ਮਿਤੀ 15-02-2024 ਤੱਕ ਤਕਰੀਬਨ 8.23 ਕਰੋੜ ਰੁਪਏ ਦੀ ਪੈਨੇਲਟੀ ਲਗਾਈ

ਗਈ ਹੈ। ਟੋਲ ਏਜੰਸੀ ਵੱਲੋਂ ਲਗਾਈ ਗਈ ਪੈਨੇਲਟੀ ਨੂੰ ਕਮਰਸ਼ੀਅਲ ਕੋਰਟ, ਚੰਡੀਗੜ੍ਹ ਵਿੱਚ ਚੈਲੰਜ ਕੀਤਾ ਗਿਆ ਹੈ ਅਤੇ ਇਹ ਮੁੱਦਾ ਮਾਣਯੋਗ ਅਦਾਲਤ ਦੇ ਫੈਸਲੇ ਲਈ ਪੈਡਿੰਗ ਹੈ। ਇਸ ਕੇਸ ਦੀ ਅਗਲੀ ਸੁਣਵਾਈ ਮਿੰਤੀ 18-05-2024 ਨੂੰ ਨਿਸ਼ਚਿਤ ਹੈ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ:** ਮੰਤਰੀ ਸਾਹਿਬ, ਧੰਨਵਾਦ ਜੀ ਪਰ ਮੈਂ ਬੇਨਤੀ ਕਰਾਂਗਾ ਕਿ ਇਸ ਉੱਪਰ ਤੁਸੀਂ ਆਪ ਵੀ ਪੂਰਾ ਧਿਆਨ ਦੇਵੋ ਤਾਂ ਕਿ ਅੱਗੇ ਤੋਂ ਉੱਥੇ ਕਿਸੇ ਹਾਦਸੇ ਕਾਰਨ ਕੋਈ ਜਾਨਾਂ ਨਾ ਜਾ ਸਕਣ। ਪਿੱਛੇ ਜਿਹੇ ਮੁਕਤਸਰ ਏਰੀਏ ਵਿੱਚ ਹੋਏ ਬੱਸ ਹਾਦਸੇ ਵਿੱਚ ਜਾਨਾਂ ਗਈਆਂ ਹਨ। ਇਹ ਸਿਰਫ ਟੋਲ ਪਲਾਜ਼ਾ ਦੇ ਸਹੀ ਕੰਮ ਨਾ ਕਰਨ ਦੀ ਵਜ੍ਹਾ ਕਰਕੇ ਗਈਆਂ ਹਨ।

**1050/Kuldeep kaur/Rajneesh kumar**

**1055/Pawan sharma**

**ਮਾਣਯੋਗ ਸਪੀਕਰ**: ਤੁਸੀਂ ਉਨ੍ਹਾਂ ਦਾ ਜਵਾਬ ਦੇਣਾ ਚਾਹੁੰਦੇ ਹੋ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮੰਤਰੀ:** ਸਰ, ਇਨ੍ਹਾਂ ਦਾ ਸਵਾਲ ਵੀ ਆ ਲੈਣ ਦਿਉ।

**ਮਾਣਯੋਗ ਸਪੀਕਰ**: ਅੱਛਾ, ਇਹ ਸਵਾਲ ਵੀ ਨਾਲ ਹੀ ਲੈਣਾ ਹੈ। ਉਹ ਮਸਲਾ ਇਨ੍ਹਾਂ ਦੇ ਪਿੰਡ ਦਾ ਹੀ ਹੈ। ਹਾਂ ਜੀ, ਰਾਜਾ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ**: ਮੈਂ ਮੰਤਰੀ ਸਾਹਿਬ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਟੋਲ ਪਲਾਜ਼ਾ ਹੈ, ਤੁਸੀਂ ਕਿਹਾ ਹੈ ਕਿ ਅਸੀਂ ਉਨ੍ਹਾਂ ਤੇ ਪੈਨਲਟੀ ਪਾ ਦਿੱਤੀ ਹੈ ਅਤੇ ਨਾਲ ਹੀ ਨਾਲ ਤਰੀਖਾਂ ਵਿੱਚ ਦੱਸ ਦਿੱਤੀਆਂ ਹਨ ਕਿ ਹਾਈ ਕੋਰਟ ਵਿੱਚ ਇਹ ਮਾਮਲਾ ਪੈਂਡਿੰਗ ਹੈ। ਅਸੀਂ ਗੱਲ ਕਰਦੇ ਹਾਂ ਕਿ ਉਹ ਸਾਰੇ ਟੋਲ ਪਲਾਜ਼ੇ, ਜਿੱਥੇ ਇਹੋ ਜਿਹੀ ਅਣਦੇਖੀ ਸੀ ਚਾਹੇ ਉਹ ਸਾਡੀ ਸਰਕਾਰ ਵੇਲੇ/ਸਾਡੇ ਸਮੇਂ ਸੀ (ਕਿਉਂਕਿ ਇਹ ਗੱਲ ਫਿਰ ਆ ਜਾਣੀ ਹੈ, ਇਸ ਲਈ ਮੈਂ ਆਪ ਹੀ ਕਹਿ ਦਿੰਦਾ ਹਾਂ) ਜਾਂ ਉਸ ਤੋਂ ਪਹਿਲਾਂ ਸੀ, ਉਨ੍ਹਾਂ ਨੇ ਪੁਲ ਨਹੀਂ ਬਣਾਏ ਲੇਕਿਨ ਜਿਹੜਾ ਟੋਲ ਹੈ, ਉਹ ਲੈਂਦੇ ਰਹੇ। ਅਸੀਂ ਕੇਵਲ ਬਕਾਇਆ ਕੱਢ ਦਿੱਤਾ ਕਿ ਤੁਹਾਡੇ ਕੋਲੋਂ 8 ਕਰੋੜ ਰੁਪਏ ਲੈਣੇ ਹਨ ਪਰ ਅਮੂਮਨ ਜਿਹੜੀ practice ਹੈ, ਉਹ ਇਹ ਹੈ ਕਿ ਉਹ ਕੇਸ ਕੋਰਟ ਚਲੇ ਜਾਂਦੇ ਹਨ,

ਗੌਰਮਿੰਟ ਉਹ ਕੇਸ ਜ਼ਿਆਦਾ ਹਾਰ ਜਾਂਦੀ ਹੈ ਕਿਉਂਕਿ ਅੰਦਰ ਸਾਰਾ ਕੁਝ ਰਲ ਮਿਲ ਜਾਂਦਾ ਹੈ। ਪਰ ਹੋ ਸਕਦਾ ਹੈ ਕਿ ਤੁਸੀਂ 8 ਕਰੋੜ ਰੁਪਏ ਵਸੂਲ ਕਰ ਲਵੋ, ਮੈਂ ਤੁਹਾਡੀ ਨੀਅਤ ਤੇ ਕੋਈ ਸ਼ੱਕ ਨਹੀਂ ਕਰ ਰਿਹਾ ਪਰ ਨਾਲ ਨਾਲ criminal proceeding ਕਿਉਂ ਨਹੀਂ ਚਲਾਉਂਦੇ। ਇੱਥੇ ਥੋੜ੍ਹੀ ਗੱਲ ਹੋ ਜਾਵੇ ਤਾਂ ਤੁਸੀਂ ਕਹਿੰਦੇ ਹੋ ਕਿ ਪਰਚਾ ਦਿਉ ਅਤੇ ਇਸ ਨੂੰ ਅੰਦਰ ਦੇ ਦਿਉ। ਕਿਰਪਾ ਕਰਕੇ ਜਿਨ੍ਹਾਂ ਨੇ ਡਿਪਾਰਟਮੈਂਟ ਨੂੰ ਗੁਮਰਾਹ ਕੀਤਾ, ਦੋ ਪੁਲ ਬਣਾਉਣੇ ਸੀ ਪਰ ਆਮ ਲੋਕਾਂ ਤੋਂ ਟੋਲ ਵਸੂਲਦੇ ਰਹੇ, ਜਿਹੜਾ ਟੋਲ ਪਲਾਜ਼ਾ ਸਾਡੇ ਪਿੰਡ ਲੱਗਿਆ ਹੈ, ਉਨ੍ਹਾਂ ਤੋਂ 8 ਕਰੋੜ ਰੁਪਏ ਦੀ ਰਿਕਵਰੀ ਦੇ ਨਾਲ ਨਾਲ 420/467/471 ਆਈ.ਪੀ.ਸੀ. ਤਹਿਤ ਪਰਚਾ ਦਰਜ ਕਰੋ। ਐਮ.ਐਲ.ਏ. ਤੇ ਤਾਂ ਇੱਕ ਮਿੰਟ ਵਿੱਚ ਹੀ ਪਰਚਾ ਦੇ ਦਿੰਦੇ ਹੋ। ਇਨ੍ਹਾਂ ਤੇ ਵੀ ਪਰਚਾ ਦੇ ਦਿਉ ਅਤੇ ਕੋਰਟ ਫੈਸਲਾ ਕਰ ਦੇਵੇਗੀ। ਜੋ ਹੋਵੇਗਾ, ਵੇਖਿਆ ਜਾਵੇਗਾ। ਕੀ ਤੁਸੀਂ ਉਨ੍ਹਾਂ ਤੇ criminal proceeding ਚਲਾਉਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਦੋਂ ਇਹ ਐਗਰੀਮੈਂਟ ਸਾਲ 2012 ਜਾਂ ਸਾਲ 2017 ਵਿੱਚ ਹੋਏ ਸਨ ਤਾਂ ਸਤੰਬਰ 2017 ਵਿੱਚ ਉਨ੍ਹਾਂ ਨੂੰ completion certificate ਦੇ ਦਿੱਤਾ ਗਿਆ ਸੀ। ਉਸ ਵੇਲੇ ਇਹ ਚੀਜ਼ ਦੇਖਣੀ ਚਾਹੀਦੀ ਸੀ ਕੀ ਉਨ੍ਹਾਂ ਨੇ ਆਪਣਾ ਕੰਮ ਪੂਰਾ ਕੀਤਾ ਹੈ ਜਾਂ ਨਹੀਂ ਕੀਤਾ ਹੈ? ਬਾਕੀ ਮਾਣਯੋਗ ਮੈਂਬਰ ਸਾਹਿਬ ਦੀ ਗੱਲ ਜਿਹੜੀ ਗੱਲ ਪਰਚਾ ਦਰਜ ਕਰਵਾਉਣ ਸਬੰਧੀ ਹੈ, ਉਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਐਗਰੀਮੈਂਟ ਵਿੱਚ ਲਿਖਿਆ ਹੈ, ਉਸ ਸਬੰਧੀ ਹੀ ਕਾਰਵਾਈ ਹੋਣੀ ਹੈ। ਐਗਰੀਮੈਂਟ ਸਾਡੇ ਵੱਲੋਂ ਨਹੀਂ ਲਿਖਿਆ ਗਿਆ ਹੈ ਨਾ ਹੀ ਅਸੀਂ ਕੀਤਾ ਹੈ। ਐਗਰੀਮੈਂਟ ਪਹਿਲਾਂ ਤੋਂ ਹੀ ਕੀਤਾ ਹੋਇਆ ਹੈ rather ਤੁਹਾਡੇ ਵੇਲੇ ਹੋਇਆ ਹੈ। ਉਸ ਕੰਪਨੀ ਨੂੰ ਕੰਪਲੀਸ਼ਨ ਸਰਟੀਫਿਕੇਟ ਵੀ ਤੁਹਾਡੇ ਸਮੇਂ ਹੀ ਦਿੱਤਾ ਗਿਆ ਹੈ। ਜੋ ਪ੍ਰੋਵੀਜ਼ਨ ਅਨੁਸਾਰ penalty ਬਣਦੀ ਹੈ, ਉਹ ਅਸੀਂ penalty ਉਨ੍ਹਾਂ ਤੇ ਲਗਾਈ ਹੈ। ਹੁਣ ਜਦੋਂ ਕੋਈ penalty ਨੂੰ ਕੋਰਟ ਵਿੱਚ ਚੈਲੰਜ ਕਰਦਾ ਹੈ ਤਾਂ ਅਸੀਂ ਕੋਰਟ ਵਿੱਚ ਉਸ ਦਾ ਜਵਾਬ ਦੇ ਰਹੇ ਹਾਂ। ਅਸੀਂ forcefully ਉਸ ਕੇਸ ਨੂੰ ਕੋਰਟ ਵਿੱਚ ਲੜਾਂਗੇ ਅਤੇ present ਕਰਾਂਗੇ। ਮੈਂ ਤੁਹਾਨੂੰ ਦੱਸਿਆ ਹੈ ਕਿ 18.05.2024 ਉਸ ਕੇਸ ਦੀ ਅਗਲੀ ਪੇਸ਼ੀ ਹੈ। ਉਸ ਵਿੱਚ ਸਾਡੇ ਵੱਲੋਂ ਪੂਰਾ ਸਰਕਾਰੀ ਪੱਖ ਪੇਸ਼ ਕੀਤਾ ਜਾਵੇਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ।

----------------------

## ਰਿਟਾਇਰਡ ਪੈਨਸ਼ਨਰ ਪ੍ਰੋਫੈਸਰਾਂ ਦੀ ਮੁੜ ਬਹਾਲੀ ਤੇ ਰੋਕ ਲਗਾਉਣਾ

***953. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ਸਕੂਲ ਇੱਕ ਇੱਕ ਅਤੇ ਦੋ ਦੋ ਟੀਚਰ ਨਾਲ ਚੱਲ ਰਹੇ ਹਨ। ਜਿੱਥੇ ਕਿ ਮੇਰਾ ਸ਼ਾਹਕੋਟ ਇੱਕ ਤਹਿਸੀਲ ਹੈ, ਐਸ.ਡੀ.ਐਮ. ਆਫਿਸ ਹੈ, ਉਥੇ ਦੇ ਸਕੂਲ ਵਿੱਚ ਦੋ ਟੀਚਰ ਹੀ ਹਨ। ਉਸ ਨੂੰ ਪਲੱਸ ਟੂ ਤੱਕ ਅਪਗ੍ਰੇਡ ਕੀਤਾ ਗਿਆ ਸੀ ਪ੍ਰੰਤੂ ਉਹ 8ਵੀਂ ਕਲਾਸ ਤੱਕ ਹੀ ਰਹਿ ਗਿਆ। ਮੁੜ ਕੇ ਜਦੋਂ ਦੁਬਾਰਾ ਨਵੀਂ ਸਰਕਾਰ ਬਣੀ ਤਾਂ ਉਹ ਜਿਹੜੇ ਸਕੂਲ ਅਪਗ੍ਰੇਡ ਹੋਏ ਸੀ, ਉਨ੍ਹਾਂ ਨੂੰ ਦੁਬਾਰਾ ਮਾਨਤਾ ਨਹੀਂ ਦਿੱਤੀ ਗਈ। ਜਿਸ ਕਾਰਨ ਉਥੇ ਦੇ ਬੱਚੇ ਬੜਾ ਸਫ਼ਰ ਕਰ ਰਹੇ ਹਨ। ਅਸੀਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਸਕੂਲਾਂ ਵਿੱਚ ਟੀਚਰ ਪੂਰੇ ਕੀਤੇ ਜਾਣ ਅਤੇ ਜਿਹੜੇ ਸਕੂਲ ਅਪਗ੍ਰੇਡ ਕੀਤੇ ਸੀ, ਉਨ੍ਹਾਂ ਵਿੱਚ ਦੁਬਾਰਾ ਵੱਡੀਆਂ ਕਲਾਸਾਂ ਚਾਲੂ ਕੀਤੀਆਂ ਜਾਣ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ):** ਧੰਨਵਾਦ ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ ਬਠਿੰਡੇ ਸ਼ਹਿਰ ਦੇ ਬਹੁਤ ਹੀ ਮਹੱਤਵਪੂਰਨ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਲ 2014 ਵਿੱਚ ਉਸ ਸਮੇਂ ਦੀ SAD ਦੀ ਸਰਕਾਰ ਨੇ ਉਥੇ ਕੂੜਾ ਪ੍ਰਬੰਧਨ ਪਲਾਂਟ ਬਣਵਾਇਆ ਸੀ ਅਤੇ ਬਠਿੰਡੇ ਨੂੰ ਬਹੁਤ ਵੱਡਾ ਪ੍ਰਾਜੈਕਟ ਦੇਣ ਬਾਰੇ ਪ੍ਰਚਾਰ ਕੀਤਾ ਗਿਆ ਸੀ। ਉਸ ਪਲਾਂਟ ਨੂੰ 36 ਏਕੜ, ਜਿਹੜੀ ਬਹੁਤ ਕੀਮਤੀ ਜਗ੍ਹਾ ਹੈ, ਜਿਸ ਦੇ ਦੁਆਲੇ ਬਹੁਤ ਵੱਡੀ 50,000 ਦੀ ਅਬਾਦੀ ਹੈ, ਜਿਸ ਵਿੱਚ ਭਾਈ ਮਤੀ ਦਾਸ ਨਗਰ, ਜੋਗਾ ਨਗਰ, ਨਛੱਤਰ ਨਗਰ, ਗਣਪਤੀ ਕਲੋਨੀ, ਸ਼ੀਸ਼ ਮਹੱਲ , ਸਿਵਲ ਹਸਪਤਾਲ ਦਾ ਏਰੀਆ, ਮਾਡਲ ਟਾਊਨ।

**1110/Karamjit kaur/Shubham jain**

**1115/harpreet singh**

ਉਹ ਪਲਾਂਟ ਇਸ ਤਰ੍ਹਾਂ ਦੇ ਇਲਾਕਿਆਂ ਦੇ ਵਿਚਾਲੇ ਹੈ। ਉੱਥੋਂ ਕਾਰਬਨਡਾਈਆਕਸਾਈਡ, ਸਲਫਰਡਾਈਆਕਸਾਈਡ, ਨਾਈਟਰੋਜਨ ਆਕਸਾਈਡ, ਅਮੋਨੀਆ ਅਤੇ ਮੀਥੇਨ ਗੈਸਾਂ ਨਿਕਲਦੀਆਂ ਹਨ, ਜਿਨ੍ਹਾਂ ਦੀ ਬਹੁਤ ਜ਼ਿਆਦਾ ਮੁਸ਼ਕ ਆਸ ਪਾਸ ਦੇ ਇਲਾਕਿਆਂ ਵਿਚ ਫੈਲਦੀ ਹੈ। ਲੋਕਾਂ ਨੇ ਇਹ ਪਲਾਂਟ ਲੱਗਣ ਵੇਲੇ ਵੀ ਇਸ ਦਾ ਵਿਰੋਧ ਕੀਤਾ ਅਤੇ ਹੁਣ ਵੀ ਕਰ ਰਹੇ ਹਨ। ਸੋ, ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੇਕਰ 36 ਏਕੜ ਜਗ੍ਹਾ ਖਾਲੀ ਕਰਵਾ ਕੇ ਇਸ ਪਲਾਂਟ ਨੂੰ ਕਿਤੇ ਹੋਰ ਸ਼ਿਫਟ ਕਰ ਦਿੱਤਾ ਜਾਵੇ ਤਾਂ ਇਹ 36 ਏਕੜ ਦੀ 200 ਕਰੋੜ ਦੀ ਜਗ੍ਹਾ ਕਾਰਪੋਰੇਸ਼ਨ ਨੂੰ ਮਿਲ ਜਾਵੇਗੀ। ਬਾਹਰ ਕਿਤੇ ਵੀ 15-16 ਕਰੋੜ ਵਿਚ ਇਸ ਤੋਂ ਵੀ ਵੱਧ ਜਗ੍ਹਾ ਲੈ ਕੇ ਪਲਾਂਟ ਸ਼ਿਫ਼ਟ ਕੀਤਾ ਜਾ ਸਕਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਪਲਾਂਟ ਨੂੰ ਅਬਾਦੀਆਂ ਤੋਂ ਬਾਹਰ ਕੱਢ ਕੇ ਕਿਤੇ ਹੋਰ ਸ਼ਿਫਟ ਕਰਨ ਦੀ ਪ੍ਰਪੋਜ਼ਲ ਬਣਾਈ ਜਾਵੇ।

**ਸਰਦਾਰ ਫੌਜਾ ਸਿੰਘ (ਗੁਰੂ ਹਰਸਹਾਏ)** : ਸਪੀਕਰ ਸਾਹਿਬ, 117 ਵਿਧਾਨ ਸਭਾ ਹਲਕੇ ਹਨ ਅਤੇ ਸਭ ਦੀਆਂ ਸਮੱਸਿਆਵਾਂ ਇਕੋ ਜਿਹੀਆਂ ਹਨ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਕ ਮਸਲਾ ਇਹ ਹੈ ਕਿ ਪੰਜਾਬ ਦਾ ਬਾਸ਼ਿੰਦਾ ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਵਿਚ ਜ਼ਮੀਨ ਨਹੀਂ ਖਰੀਦ ਸਕਦਾ।ਸਾਰੇ ਵਿਧਾਨਕਾਰ ਸਾਥੀਆਂ ਨੂੰ ਬੇਨਤੀ ਹੈ ਕਿ ਕੋਈ ਅਜਿਹਾ ਬਿਲ ਪਾਸ ਕੀਤਾ ਜਾਵੇ ਕਿ ਜਿਹੜਾ ਰਾਜ ਸਾਡੇ ਬਾਸ਼ਿੰਦਿਆਂ ਨੂੰ ਜ਼ਮੀਨ ਖਰੀਦਣ ਦਾ ਆਗਿਆ ਨਹੀਂ ਦਿੰਦਾ, ਅਸੀਂ ਕਿਉਂ ਉਨ੍ਹਾਂ ਲਈ ਆਪਣੇ ਰਾਹ ਖੁੱਲੇ ਰੱਖੀਏ।ਮੈਂ ਕੋਈ ਉਨ੍ਹਾਂ ਦਾ ਦੁਸ਼ਮਣ ਨਹੀਂ ਹਾਂ ਪਰ ਪੰਜਾਬੀਆਂ ਨਾਲ ਇਸ ਤਰ੍ਹਾਂ ਦਾ ਵਿਤਕਰਾ ਕਿਉਂ ਹੋ ਰਿਹਾ ਹੈ। ਦੂਜਾ ਸਪੀਕਰ ਸਾਹਿਬ, ਤੁਸੀਂ ਪੁੱਛਿਆ ਸੀ ਕਿ ਪੋਸਤ ਵਾਲਾ ਕੰਮ ਕਦੋਂ ਬੰਦ ਹੋਇਆ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮਰਹੂਮ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਜਦੋਂ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਸੀ ਤਾਂ ਉਨ੍ਹਾਂ ਨੇ ਉਸ ਵੇਲੇ ਦੇ ਰਾਸ਼ਟਰਪਤੀ ਤੋਂ ਸਪੈਸ਼ਲ ਨੋਟੀਫਿਕੇਸ਼ਨ ਕਰਵਾ ਕੇ ਇਹ ਖੇਤੀ ਬੰਦ ਕਰਵਾਈ ਸੀ।ਇਕ ਹੋਰ ਮਸਲਾ ਹੈ ਕਿ ਪਾਕਿਸਤਾਨ ਦੇ ਬਾਰਡਰ ਨਾਲ ਸਿਰਫ਼ ਮੇਰਾ ਹਲਕਾ ਹੀ ਨਹੀਂ ਲਗਦਾ ਸਗੋਂ ਜੰਮੂ ਤੋਂ ਲੈ ਕੇ ਗੁਜਰਾਤ ਤੱਕ ਲਗਦਾ ਹੈ। ਬਾਰਡਰ ਤੇ ਰਹਿਣ ਵਾਲੇ ਲੋਕਾਂ ਦੀ ਬਹੁਤ ਵੱਡੀ ਸਮੱਸਿਆ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਕੱਚੀਆਂ ਕੀਤੀਆਂ ਗਈਆਂ ਹਨ ਪਰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਸੋ, ਉੱਥੇ ਰਹਿੰਦੇ ਲੋਕਾਂ ਨੂੰ ਖਾਸ ਕਰਕੇ ਨੌਜੁਆਨਾਂ ਨੂੰ ਕੋਈ ਸਪੈਸ਼ਲ ਰਿਜ਼ਰਵੇਸ਼ਨ ਦਿੱਤੀ ਜਾਵੇ ਜੀ। ਬਾਰਡਰ ਦੇ ਨੇੜੇ 4-5 ਕਿਲੋਮੀਟਰ ਦਾ ਕੋਈ ਏਰੀਆ ਨਿਰਧਾਰਤ ਕਰਕੇ ਇਹ ਰਿਜ਼ਰਵੇਸ਼ਨ ਦਿੱਤੀ ਜਾਵੇ ਤਾਂ ਜੋ ਉਹ ਲੋਕ ਵੀ ਇਹ ਮਹਿਸੂਸ ਕਰ ਸਕਣ ਕਿ ਅਸੀਂ ਭਾਰਤ ਦਾ ਹਿੱਸਾ ਹਾਂ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ)**: ਸਤਿਕਾਰਯੋਗ ਸਪੀਕਰ ਸਾਹਿਬ, ਵੈਸੇ ਤਾਂ ਮੈਨੂੰ ਲਗਦਾ ਸੀ ਕਿ ਅੱਜ ਸੁੱਚੇ ਮੂੰਹ ਹੀ ਘਰ ਜਾਣਾ ਪਵੇਗਾ ਪਰ ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜਦੋਂ ਅਸੀਂ ਸਰਹਿੰਦ ਫੀਡਰ ਦੇਖਦੇ ਹਾਂ ਕਿ ਸਾਨੂੰ ਬਹੁਤ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਾਡੇ ਪੰਜਾਬ ਨੂੰ ਨਹਿਰਾਂ ਦਾ ਪਾਣੀ ਮਿਲ ਰਿਹਾ ਹੈ। ਮੈਂ ਪੁਆਧ ਦੇ ਸਭ ਤੋਂ ਗਰੀਬ ਇਲਾਕੇ ਡੇਰਾਬੱਸੀ ਤੋਂ ਆਉਂਦਾ ਹਾਂ। ਉੱਥੇ ਸਾਡੇ ਪੀਣ ਯੋਗ ਪਾਣੀ ਨਹੀਂ ਰਿਹਾ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੀ ਕਦੇ ਸਾਡੇ ਹਲਕੇ ਵੱਲ ਵੀ ਨਹਿਰਾਂ ਦਾ ਮੂੰਹ ਹੋਵੇਗਾ। ਮੈਨੂੰ ਖੁਸ਼ੀ ਹੋਈ ਜਦੋਂ ਮੁੱਖ ਮੰਤਰੀ ਜੀ ਨੇ ਨਹਿਰਾਂ ਦੇ ਪ੍ਰਪੋਜ਼ਲ ਦੀ ਗੱਲ ਕੀਤੀ, ਬਹੁਤ ਚੰਗਾ ਲੱਗਿਆ, ਦਿਲ ਬਾਗੋ ਬਾਗ ਹੋਇਆ। ਸਪੀਕਰ ਸਾਹਿਬ, ਜਦੋਂ ਮੈਂ ਤੁਹਾਡੇ ਹਲਕੇ ਕੋਟਕਪੂਰਾ ਕੋਲੋਂ ਲੰਘਦਾ ਹਾਂ ਕਿਉਂਕਿ ਮੇਰੀ ਭੈਣ ਉੱਥੇ ਹੈ ਤਾਂ ਰਾਸਤੇ ਵਿਚ ਮੈਂ ਨਹਿਰਾਂ ਤੇ ਬੈਠ ਜਾਂਦਾ ਹਾਂ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ 1 ਹਜ਼ਾਰ ਤੋਂ ਲੈ ਕੇ 1300 ਫੁੱਟ ਤੱਕ ਪਾਣੀ ਦਾ ਲੈਵਲ ਚਲਿਆ ਗਿਆ ਹੈ। ਕਿਸਾਨਾਂ ਦੀਆਂ ਮੋਟਰਾਂ ਬੰਦ ਹੋ ਗਈਆਂ ਹਨ। 25-30 ਹਾਰਸ ਪਾਵਰ ਦੀਆਂ ਸਾਰੀਆਂ ਮੋਟਰਾਂ ਬੰਦ ਪਈਆਂ ਹਨ। ਸਾਡੀ ਸਰਕਾਰ ਨੇ ਬਹੁਤ ਵਧੀਆ

ਫੈਸਲਾ ਲੈ ਕੇ ਟੇਲਾਂ ਤੱਕ ਪਾਣੀ ਪਹੁੰਚਾਇਆ ਹੈ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੀ ਮੇਰੇ ਹਲਕੇ ਵਿਚ ਯਹਾਂ ਬੀ ਮਾਨੂੰ ਕਦੇ ਪਾਣੀ ਮਿਲੇਗਾ। ਇਹੀ ਮੇਰੀ ਬੇਨਤੀ ਹੈ। ਮੈਂ ਪਿਛਲੇ ਵਾਰ ਵੀ ਪੱਲਾ ਅੱਡ ਕੇ ਪਾਣੀ ਮੰਗਿਆ ਸੀ, ਅਸੀਂ ਨੋਟ ਨਹੀਂ ਮੰਗਦੇ। ਪਹਿਲਾਂ ਲੁਧਿਆਣੇ ਤੋਂ ਬਾਅਦ ਡੇਰਾਬਸੀ ਇੰਡਸਟਰੀ ਪੱਖੋਂ ਦੂਜੇ ਨੰਬਰ ਤੇ ਆਉਂਦਾ ਸੀ ਪਰ ਅੱਜ ਅਸੀਂ ਚੌਥੇ ਨੰਬਰ ਤੇ ਚਲੇ ਗਏ ਹਾਂ। ਸਪੀਕਰ ਸਾਹਿਬ, ਜਿਹੜੀ ਇੱਥੇ ਪੋਸਤ ਅਤੇ ਅਫ਼ੀਮ ਦੀ ਗੱਲ ਕੀਤੀ ਗਈ ਹੈ, ਸਾਡੇ ਪੁਰਾਣੇ ਬਜ਼ੁਰਗਾਂ ਦਾ ਧਿਆਨ ਕਰ ਲਿਓ। ਮੇਰੇ ਦਾਦਾ ਜੀ 108 ਸਾਲ ਦੇ ਹੋ ਕੇ ਗੁਜ਼ਰੇ ਹਨ ਪਰ ਉਹ ਅਫ਼ੀਮ ਨਹੀਂ ਖਾਂਦੇ ਸੀ। ਇਸ ਗੱਲ ਦਾ ਧਿਆਨ ਕਰ ਲਿਓ ਜੀ। ਬਹੁਤ ਧੰਨਵਾਦ ਜੀ।

**1115/harpreet singh/Shubham jain**

**1120/amandeep kaur**

**ਮਾਣਯੋਗ ਸਪੀਕਰ:** ਮੈਂ ਸਮਝਦਾ ਹਾਂ ਕਿ ਹੁਣ ਬੀਬੀਆਂ ਨੂੰ ਮੌਕਾ ਦੇਈਏ। ਜਿੰਨੀਆਂ ਬੀਬੀਆਂ ਸਦਨ ਦੇ ਵਿੱਚ ਹਾਜ਼ਰ ਹਨ, ਉਹ 2-2 ਮਿੰਟ ਬੋਲਣਗੀਆਂ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਵੈਸੇ ਤਾਂ ਮੈਂ ਇਸ ਗੱਲ ਦਾ ਵੀ ਤੁਹਾਡਾ ਧੰਨਵਾਦ ਕਰਾਂਗੀ ਕਿ ਜਦੋਂ ਅਸੀਂ ਪਿਛਲੇ 5 ਸਾਲਾਂ ਵਿੱਚ ਜ਼ੀਰੋ ਆਵਰ ਵਿੱਚ ਬੋਲਣਾ ਹੁੰਦਾ ਸੀ ਤਾਂ ਜ਼ੀਰੋ ਆਵਰ ਸਿਰਫ 15 ਮਿੰਟਾਂ ਦਾ ਹੀ ਹੁੰਦਾ ਸੀ। ਪਰ ਤੁਸੀਂ ਇਸ ਨੂੰ ਵਧਾ ਕੇ ਬਹੁਤ ਵੱਡਾ ਕੀਤਾ ਹੋਇਆ ਹੈ। ਹੁਣ ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲਦਾ ਹੈ। ਇਹ ਬਹੁਤ ਵਧੀਆ ਗੱਲ ਹੈ, ਇਸ ਲਈ ਤੁਹਾਡਾ ਬਹੁਤ ਧੰਨਵਾਦ ਹੈ।

ਮੈਂ ਇੱਕ ਬੜੇ ਅਹਿਮ ਮਸਲੇ ਤੇ ਗੱਲ ਕਰਨਾ ਚਾਹੁੰਦੀ ਹਾਂ। ਮੈਂ ਆਪਣੇ ਹਲਕੇ ਤਲਵੰਡੀ ਸਾਬੋ ਦੀ ਗੱਲ ਕਰਨ ਲੱਗੀ ਹੈ। ਮੇਰੇ ਹਲਕੇ ਵਿੱਚ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰਨ ਹੋ ਰਹੀ ਹੈ ਜੋ ਕਿ ਆਪਣੇ-ਆਪ ਵਿੱਚ ਇੱਕ ਬਹੁਤ ਵੱਡਾ ਪ੍ਰੋਜੈਕਟ ਹੈ। ਜਦੋਂ ਉਹ ਰਿਫਾਇਨਰੀ ਬਣੀ ਉਦੋਂ ਉਸ ਨੇ ਕਮਿਟ ਕੀਤਾ ਸੀ ਕਿ 2% ਐਜ਼ ਏ ਸੀ.ਐਸ.ਆਰ ਤਲਵੰਡੀ ਸਾਬੋ ਦੀ ਡਿਵੈਲਪਮੈਂਟ ਤੇ ਲਗਾਇਆ ਜਾਏਗਾ। ਪਰ ਅੱਜ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਪਿਛਲੇ 5 ਸਾਲ ਜਿਸ ਨੂੰ ਇੱਕ ਗੁੰਡਾ ਟੈਕਸ ਦੇ ਅੱਡੇ ਵੱਜੋ ਵਸੂਲਿਆ ਜਾਂਦਾ ਸੀ ਅਤੇ ਜਿੱਥੋਂ ਰੱਜ ਕੇ ਜਿਹੜੀ ਵਿਰੋਧੀ ਧਿਰ, ਆਮ ਆਦਮੀ ਪਾਰਟੀ ਨੂੰ ਹੀ ਬਦਨਾਮ ਕੀਤਾ ਜਾਂਦਾ ਸੀ। ਜਿੱਥੇ ਰਿਫਾਇਨਰੀ ਦਾ ਹੱਕ ਬਣਦਾ ਸੀ ਕਿ ਲੋਕਲ ਜਿਨਾਂ ਨੇ ਛੋਟੇ ਛੋਟੇ ਕੰਮ ਕਰਨੇ ਹਨ, ਕਿਸੇ ਨੇ ਸਿਕਿਓਰਿਟੀ ਵਿੱਚ ਜਾਣਾ, ਕਿਸੇ ਨੇ ਹੋਰ ਕੋਈ ਲੋਕਲ ਕੰਮ ਕਰਨਾ ਉਥੇ ਲੋਕਾਂ ਨੂੰ ਤਰਜੀਹ ਦਿੰਦੇ ਹੋਏ, ਉਨ੍ਹਾਂ ਨੂੰ ਇਨਵਾਲਵ ਕਰਨਾ ਸੀ। ਪਰ ਅਫਸੋਸ ਹੈ

ਕਿ ਅੱਜ ਵੀ ਰਿਫਾਇਨਰੀ ਜਿਹੜੀ ਹੈ, ਮੈਂ ਤਾਂ ਇੱਥੋਂ ਤੱਕ ਗੱਲ ਕਰਾਂਗੀ ਕਿ ਜੇ 2% ਸੀ.ਐਸ.ਆਰ ਪਰਾਪਰ ਤਰੀਕੇ ਨਾਲ ਤਲਵੰਡੀ ਸਾਬੋ ਤੇ ਲੱਗ ਜਾਂਦਾ ਤਾਂ ਫਿਰ ਜਿਹੜੇ ਫੰਡਜ਼ ਪੰਜਾਬ ਗੌਰਮਿੰਟ ਵੱਲੋਂ ਅਲਾਟ ਕੀਤੇ ਜਾਂਦੇ ਹਨ, ਉਨ੍ਹਾਂ ਦੀ ਵੀ ਲੋੜ ਨਾ ਪੈਂਦੀ। ਸੋ ਮੇਰੀ ਗੁਜ਼ਾਰਿਸ ਹੈ ਕਿ ਇਸ ਤੇ ਆਪਾਂ ਸਾਰੇ ਜਾਣੇ ਇੱਕਠੇ ਹੋ ਕੇ ਕੰਮ ਕਰੀਏ ਤੇ ਸੀ.ਐਸ.ਆਰ ਦਾ ਪਿਛਲੇ 15 ਸਾਲਾਂ ਦਾ ਹਿਸਾਬ ਸਾਨੂੰ ਦਿੱਤਾ ਜਾਵੇ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਸਪੀਕਰ ਸਾਹਿਬ, ਧੰਨਵਾਦ। ਮੈਂ ਜਿਹੜੀ ਮਾਣਯੋਗ ਸੀ.ਐਮ ਸਾਹਿਬ ਵੱਲੋਂ ਜੋ ਸਕੀਮ "ਔਰਤਾਂ ਵਾਸਤੇ ਪਹਿਲਾਂ ਲਾਗੂ ਕੀਤੀ ਗਈ ਹੈ, ਮੈਂ ਥੋੜ੍ਹਾ ਜਿਹਾ ਉਸ ਦੀ ਡਿਟੇਲ ਵਿੱਚ ਜਾਣਾ ਚਾਹੁੰਦੀ ਹਾਂ। ਪਿੰਡਾਂ ਦੇ ਵਿੱਚ ਜਿਹੜੀਆਂ 65% ਔਰਤਾਂ ਵਸਦੀਆਂ ਹਨ, ਉਨ੍ਹਾਂ ਦੇ ਟੈਲੈਂਟ ਨੂੰ ਬਿਲਕੁਲ ਨਹੀਂ ਵਰਤਿਆ ਜਾ ਰਿਹਾ ਹੈ। ਸਾਡੀਆਂ ਮਾਵਾਂ, ਸਾਡੀਆਂ ਦਾਦੀਆਂ, ਸਾਡੀਆਂ ਨੂੰਹਾਂ, ਧੀਆਂ, ਜਿੰਨਾਂ ਦੇ ਹੱਥਾਂ ਦੇ ਵਿੱਚ ਸਵਰਗ ਵਰਗੀਆਂ ਬਨਣ ਵਾਲੀਆਂ ਚੀਜ਼ਾਂ ਦਾ ਖਜ਼ਾਨਾ ਹੈ, ਪਹਿਲ ਦੇ ਤਹਿਤ ਮਾਣਯੋਗ ਸੀ.ਐਮ ਸਾਹਿਬ ਨੇ ਸਕੂਲ ਦੀਆਂ ਯੂਨੀਫਾਰਮਾਂ ਉਨ੍ਹਾਂ ਦੇ ਹਵਾਲੇ ਕੀਤੀਆਂ। ਸਿਰਫ ਸਰਕਾਰੀ ਸਕੂਲਾਂ ਦੀ ਹੀ ਯੂਨੀਫਾਰਮਜ਼ ਕਿਉਂ, ਪ੍ਰਾਈਵੇਟ ਸਕੂਲਾਂ ਦੀਆਂ ਯੂਨੀਫਾਰਮਾਂ ਕਿਉਂ ਨਹੀਂ ਪਹਿਲ ਦੇ ਤਹਿਤ ਉਨ੍ਹਾਂ ਦੇ ਹਵਾਲੇ ਕੀਤੀਆਂ ਅਤੇ ਨਾਲ ਦੀ ਨਾਲ ਅੱਗੋਂ ਜਿਹੜੇ ਬੱਚੇ ਸਕੂਲਾਂ ਦੇ ਸਵੈਟਰ ਪਾਉਂਦੇ ਹਨ, ਮੌਜੇ ਪਾਉਂਦੇ ਹਨ, ਉਹ ਕਿਉਂ ਨਹੀਂ ਪਹਿਲ ਦੇ ਤਹਿਤ ਉਨ੍ਹਾਂ ਦੇ ਹਵਾਲੇ ਕੀਤੀਆਂ। ਅਸੀਂ ਬਚਪਨ ਤੋਂ ਆਪਣੇ ਮਾਂ-ਬਾਪ ਦੀਆਂ, ਆਪਣੀਆਂ ਦਾਦੀਆਂ ਦੇ ਹੱਥਾਂ ਦਾ ਸਮਾਨ ਬਣਿਆ ਹੋਇਆ ਪਾਉਂਦੇ ਰਹੇ ਹਾਂ। ਇਸ ਤੋਂ ਇਲਾਵਾ ਸਹਿਕਾਰਤਾ ਦੇ ਤਹਿਤ ਹਰ ਪਿੰਡ ਦੀਆਂ ਔਰਤਾਂ ਨੂੰ ਜੋੜ ਕੇ ਘਰ ਘਰ ਇੰਡਸਟਰੀ ਕਿਉਂ ਨਹੀਂ। ਹਰਿਆਣਾ ਦਾ ਆਚਾਰ ਪਚਰੰਗਾ ਸਾਰੀ ਦੁਨੀਆਂ ਯੂਜ਼ ਕਰੀ ਜਾਂਦੀ ਹੈ, ਕੀ ਗੱਲ, ਸਾਡੀਆਂ ਮਾਵਾਂ ਭੈਣਾਂ, ਧੀਆਂ, ਸਾਡੀਆਂ ਬੀਬੀਆਂ ਤੋਂ ਵੱਧ ਵਧੀਆ ਆਚਾਰ/ਚੱਟਣੀਆਂ ਕੌਣ ਬਣਾ ਸਕਦਾ ਹੈ। ਮੈਂ ਇਹ ਸਮਝਦੀ ਹਾਂ ਕਿ ਸਹਿਕਾਰਤਾ ਨੂੰ ਹੁਲਾਰਾ ਦੇਣ ਵਾਸਤੇ ਹਰ ਘਰ ਦੇ ਵਿੱਚ ਰੁਜ਼ਗਾਰ ਜੇ ਕੋਈ ਮਹਿਕਮਾ ਦੇ ਸਕਦਾ ਹੈ, ਉਹ ਸਹਿਕਾਰਤਾ ਹੈ। ਪੇਂਡੂੰ ਸੁਸਾਇਟੀਆਂ ਇਸ ਤਹਿਤ ਹਰ ਇੱਕ ਕੰਮ ਕਰਨ ਵਾਲੀ ਔਰਤ ਨੂੰ ਰਜਿਸਟਰ ਕਰਕੇ ਕਿਉਂ ਨਹੀਂ ਉਨ੍ਹਾਂ ਕੋਲੋਂ ਆਚਾਰ ਚਟਣੀਆਂ ਬਣਵਾਉਂਦੀਆਂ ਜਿਹੜੀਆਂ ਕਿ ਮਾਰਕਫੈੱਡ ਖਰੀਦੇ। ਮਾਰਕਫੈੱਡ ਨੂੰ ਆਪਣੀ ਇੰਡਸਟਰੀ ਲਗਾਉਣ ਦੀ ਜ਼ਰੂਰਤ ਨਹੀਂ ਹੈ। ਮਾਰਕਫੈੱਡ ਜਿਹੜਾ ਹੈ ਉਹ ਪਿੰਡਾਂ ਦੀਆਂ ਔਰਤਾਂ ਦੇ ਬਣਾਏ ਹੋਏ ਸਾਮਾਨ ਨੂੰ ਖਰੀਦੇ। ਅਸੀਂ ਵੱਡੇ ਵੱਡੇ ਮਾਲ ਵਿੱਚ ਜਾਂਦੇ ਹਾਂ ਤਾਂ ਛੋਟਾ ਜਿਹਾ ਸਕਾਰਫ ਵੀ 1000 ਪੌਂਡ ਵਿੱਚ ਮਿਲਦਾ ਹੈ, ਉਹ ਸਾਡੀਆਂ ਔਰਤਾਂ 100 ਰੁਪਏ ਵਿੱਚ ਬਣਾ ਦਿੰਦੀਆਂ ਹਨ।

**1120/amandeep kaur/ Harjinder singh**

**1125/Tarlochan Singh**

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਪਹਿਲਾਂ ਇੱਕ ਸੈਕੰਡ ਦੀ ਗੱਲ ਕਰਾਂਗੀ ਫਿਰ ਬਾਅਦ ਵਿੱਚ ਮੈਂ ਆਪਣੀ ਗੱਲ ਕਰਾਂਗੀ।

ਕੱਲ੍ਹ ਵੁਮੈਨਜ਼ ਡੇਅ ਦੀ ਛੁੱਟੀ ਹੈ। ਬੀਬਾ ਜੀ ਨੇ ਜਿਹੜੇ ਮਸਲੇ ਚੁੱਕੇ ਹਨ, ਉਹ ਬਹੁਤ ਵਧੀਆ ਹਨ।

**ਮਾਣਯੋਗ ਸਪੀਕਰ** : ਵੁਮੈਨਜ਼ ਡੇਅ ਨੂੰ ਸਮਰਪਿਤ ਕਰਕੇ ਹੀ ਕੀਤਾ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਧੰਨਵਾਦ ਜੀ। ਕੱਲ੍ਹ ਦੇ ਦਿਨ ਲਈ ਆਪਾਂ ਤਹੱਈਆ ਕਰੀਏ ਕਿ ਔਰਤਾਂ ਤੇ ਹੋਣ ਵਾਲੇ ਅੱਤਿਆਚਾਰਾਂ ਦੀ ਸਖਤੀ ਨਾਲ ਰੋਕਥਾਮ ਕਰਾਂਗੇ। ਜੋ ਇਨ੍ਹਾਂ ਨੇ ਪ੍ਰੋਡਕਟਸ ਬਾਰੇ ਕਿਹਾ ਹੈ, ਉਹ ਵੀ ਕੰਮ ਕਰਾਂਗੇ।

ਸਪੀਕਰ ਸਾਹਿਬ, ਮੈਂ ਮਾਣਯੋਗ ਸਿਹਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਪੰਜਾਬ ਵਿੱਚ ਵਧ ਰਹੇ ਤੰਬਾਕੂ ਪਦਾਰਥਾਂ ਵੱਲ ਧਿਆਨ ਦਿੱਤਾ ਜਾਵੇ। ਪੰਜਾਬ ਵਿੱਚ 13.4% ਬਾਲਗ ਅਤੇ 5.7% ਸਕੂਲ ਜਾਣ ਵਾਲੇ ਬੱਚੇ ਤੰਬਾਕੂ ਦੀ ਵਰਤੋਂ ਕਰਦੇ ਹਨ। ਪੰਜਾਬ ਵਿੱਚ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੀ ਇੰਨੀ ਜ਼ਿਆਦਾ ਸੰਖਿਆ ਦਾ ਸਭ ਤੋਂ ਵੱਡਾ ਕਾਰਨ ਤੰਬਾਕੂ ਪਦਾਰਥਾਂ ਦੀ ਸੌਖੀ ਪਹੁੰਚ ਹੈ। ਅਸੀਂ ਪੰਜਾਬ ਵਿੱਚ ਸ਼ਰੇਆਮ ਮੌਤ ਵਿਕਦੀ ਦੇਖ ਰਹੇ ਹਾਂ। ਸਾਨੂੰ ਆਉਣ ਵਾਲੀਆਂ ਨਸਲਾਂ ਨੂੰ ਇਸ ਤੋਂ ਬਚਾਉਣ ਦੀ ਲੋੜ ਹੈ ਅਤੇ ਇਹ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਜ਼ਰੂਰਤ ਹੈ। ਸਾਡੀ ਜਨਸੰਖਿਆ ਕਿਤੇ ਤਬਾਹੀ ਵੱਲ ਨਾ ਵਧ ਜਾਵੇ। 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਤੰਬਾਕੂ ਵੇਚ ਰਹੇ ਹਨ ਅਤੇ ਖਰੀਦ ਰਹੇ ਹਨ। ਧਾਰਮਿਕ ਸਥਾਨਾਂ ਦੇ ਆਲੇ ਦੁਆਲੇ ਤੰਬਾਕੂ ਪਦਾਰਥਾਂ ਦੀ ਵਿਕਰੀ ਤੇ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਅਜਿਹੀ ਧਰਤੀ ਹੈ ਜਿੱਥੇ ਤੰਬਾਕੂ ਸ਼ੋਭਾ ਨਹੀਂ ਦਿੰਦਾ। ਸਿੱਖਾਂ, ਗੁਰੂਆਂ ਪੀਰਾਂ ਦੀ ਧਰਤੀ ਤੇ ਸਿਗਰਟ ਬੀੜੀਆਂ ਫੂਕੀਆਂ ਜਾਂਦੀਆਂ ਚੰਗੀਆਂ ਨਹੀਂ ਲੱਗਦੀਆਂ। ਅਸੀਂ ਤੰਬਾਕੂ ਨਾਲ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦ ਨਹੀਂ ਹੋਣ ਦੇ ਸਕਦੇ। ਇਸ ਲਈ ਸਾਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।

ਸਪੀਕਰ ਸਾਹਿਬ, ਸਿਗਰਟ ਅਤੇ ਅਦਰ ਤੰਬਾਕੂ ਪ੍ਰਾਡੈਕਟਸ ਐਕਟ, 2003 ਅਧੀਨ ਪਬਲਿਕ ਪਲੇਸਿਜ਼ ਤੇ ਨੋ ਸਮੋਕਿੰਗ ਸਾਇਨ ਲੱਗਣੇ ਚਾਹੀਦੇ ਹਨ ਅਤੇ ਸਮੋਕਿੰਗ ਜ਼ੋਨ ਨਹੀਂ ਹੋਣਾ ਚਾਹੀਦਾ।

**ਮਾਣਯੋਗ ਸਪੀਕਰ** : ਡਾਕਟਰ ਅਮਨਦੀਪ ਕੌਰ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਰ, ਇੱਕ ਮਿੰਟ।

**ਮਾਣਯੋਗ ਸਪੀਕਰ** : ਨਹੀਂ ਜੀ। ਦੋ ਮਿੰਟ ਦਾ ਮਤਲਬ ਦੋ ਮਿੰਟ। ਬਹਿ ਜਾਉ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ** : ਠੀਕ ਹੈ ਸਰ।

**ਮਾਣਯੋਗ ਸਪੀਕਰ** : ਡਾਕਟਰ ਅਮਨਦੀਪ ਕੌਰ ਜੀ। ਸ੍ਰੀਮਤੀ ਨੀਨਾ ਮਿੱਤਲ ਜੀ do you want to speak?

**ਸ੍ਰੀਮਤੀ ਨੀਨਾ ਮਿੱਤਲ (ਰਾਜਪੁਰਾ)** : ਹਾਂ ਜੀ, ਸਪੀਕਰ ਸਾਹਿਬ। ਬਹੁਤ ਬਹੁਤ ਧੰਨਵਾਦ ਕਿ ਤੁਸੀਂ ਕੱਲ੍ਹ ਵੂਮੈਨਜ਼ ਡੇਅ ਦੀ ਥਾਂ ਅੱਜ ਹੀ ਸਾਨੂੰ ਮੌਕਾ ਦੇ ਦਿੱਤਾ ਹੈ। ਮੇਰੀ ਬੇਨਤੀ ਹੈ ਕਿ 117 ਵਿੱਚੋਂ ਅਸੀਂ 13 ਕੁ ਤਾਂ ਹਾਂ, ਸਾਨੂੰ ਸਿਰਫ ਵੂਮੈਨਜ਼ ਡੇਅ ਤੇ ਹੀ ਨਹੀਂ, ਅੱਗੇ ਪਿੱਛੇ ਵੀ ਮੌਕਾ ਦੇ ਦਿਆ ਕਰੋ ਜੀ।

ਸਰ ਮੇਰਾ ਅੱਜ ਦਾ ਮੁੱਦਾ ਸਾਡੇ ਸਾਰਿਆਂ ਲਈ ਹੀ ਹੈ ਜੋ ਕਿ ਸ਼ਹਿਰੀ ਖੇਤਰ ਨਾਲ ਜੁੜਿਆ ਹੋਇਆ ਹੈ। ਮਿਉਂਸਪਲ ਕਮੇਟੀਆਂ ਵਿੱਚ ਜਿਹੜੇ ਮਤੇ ਪਾਸ ਕੀਤੇ ਜਾਂਦੇ ਹਨ, ਜਦੋਂ ਹੀ ਅਸੀਂ ਮਤਾ ਪਾਸ ਕਰਦੇ ਹਾਂ ਪਬਲਿਕ ਸਾਡੇ ਮਗਰ ਉਦੋਂ ਹੀ ਹੋ ਜਾਂਦੀ ਹੈ ਕਿ ਮਤਾ ਪਾਸ ਹੋ ਗਿਆ ਤੇ ਹੁਣ ਸਾਡਾ ਕੰਮ ਕਰਵਾਉ। ਪਰ ਇਸ ਨੂੰ ਪ੍ਰਵਾਨ ਹੋਣ ਨੂੰ 3-3, 4-4 ਮਹੀਨਿਆਂ ਤੱਕ ਦਾ ਸਮਾਂ ਲੱਗ ਜਾਂਦਾ ਹੈ। ਮੈਨੂੰ ਸਾਡੇ ਮੰਤਰੀ ਸਾਹਿਬ ਤੇ ਮਾਣ ਹੈ ਕਿ ਜਿਹੜਾ ਵੀ ਮਤਾ ਮੰਤਰੀ ਸਾਹਿਬ ਕੋਲ ਚਲਾ ਜਾਂਦਾ ਹੈ, ਇਹ ਉਸੇ ਵਕਤ ਹੀ ਕਲੀਅਰ ਕਰ ਦਿੰਦੇ ਹਨ ਪਰ ਹੇਠਲੇ ਪ੍ਰਾਸੈਸ ਵਿੱਚ ਹੀ 3-3, 4-4 ਮਹੀਨੇ ਅਣਦੇਖੀ ਕੀਤੀ ਜਾਂਦੀ ਹੈ, ਉਸ ਲਈ ਕੋਈ ਕਾਨੂੰਨ ਬਣਾਇਆ ਜਾਵੇ। ਚਾਹੇ 21 ਦਿਨਾਂ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ ਪਰ 21 ਦਿਨਾਂ ਵਿੱਚ ਇਹ ਮਤੇ ਪਾਸ ਹੋ ਕੇ ਨਹੀਂ ਆਉਂਦੇ ਅਤੇ ਲਟਕਦੇ ਰਹਿੰਦੇ ਹਨ ਅਤੇ ਲੋਕ ਬਹੁਤ ਪਰੇਸ਼ਾਨ ਹੁੰਦੇ ਹਨ।

ਮੈਂ ਪਹਿਲਾਂ ਵੀ ਇਹ ਗੱਲ ਕੀਤੀ ਸੀ ਕਿ ਜਿਹੜੇ ਈ.ਓ. ਹੁੰਦੇ ਹਨ, ਉਨ੍ਹਾਂ ਦੀ ਥੋੜ੍ਹੀ ਜਿਹੀ ਪਾਵਰ ਵਧਾਈ ਜਾਵੇ। ਉਦਾਹਰਣ ਲਈ ਜੇਕਰ ਕੋਈ ਟਿਊਬਵੈੱਲ ਖਰਾਬ ਹੋ ਜਾਵੇ ਤਾਂ ਉਨ੍ਹਾਂ ਕੋਲ ਪਾਵਰ ਨਹੀਂ ਹੈ ਕਿ ਉਹ ਟਿਊਬਵੈੱਲ ਠੀਕ ਕਰਵਾ ਸਕਣ। ਇਸ ਲਈ ਵੀ ਮਤਾ ਪਾਸ ਕਰਕੇ ਅੱਗੇ ਤੋਂ ਪਰਮਿਸ਼ਨ ਮੰਗੀ ਜਾਂਦੀ ਹੈ ਅਤੇ 2-2, 3-3 ਮਹੀਨੇ ਲੱਗ ਜਾਂਦੇ ਹਨ ਪਰ ਲੋਕ ਪਾਣੀ ਤੋਂ ਬਿਨਾ ਕਿਵੇਂ ਰਹਿ ਸਕਦੇ ਹਨ। ਬੇਨਤੀ ਹੈ ਕਿ ਇਨ੍ਹਾਂ ਮੁੱਦਿਆਂ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ।

**ਸ੍ਰੀਮਤੀ ਰਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਤੁਸੀਂ ਮੈਨੂੰ ਵੂਮੈਨਜ਼ ਡੇਅ ਤੋਂ ਪਹਿਲਾਂ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਹਲਕਾ

ਲੁਧਿਆਣਾ ਦੱਖਣੀ ਹੈ ਜਿਹੜਾ ਕਿ ਇੰਡਸਟਰੀਅਲ ਹੱਬ ਹੈ। ਇਸ ਨਾਅਤੇ ਮੈਂ ਤੁਹਾਡੇ ਜ਼ਰੀਏ ਮੈਂ ਹਾਊਸ ਨੂੰ ਅਪੀਲ ਕਰਦੀ ਹਾਂ ਕਿ ਜਿਹੜੀਆਂ ਮਾਵਾਂ ਨੌਕਰੀ ਕਰਦੀਆਂ ਹਨ, ਉਨ੍ਹਾਂ ਦੇ ਛੋਟੇ ਬੱਚੇ-ਬੱਚੀਆਂ ਅਪਰਾਧ ਦਾ ਸ਼ਿਕਾਰ ਬਣਦੀਆਂ ਹਨ, ਉਨ੍ਹਾਂ ਲਈ ਸਰਕਾਰੀ ਪੀ.ਜੀ. ਜਾਂ ਕਿੰਡਰਗਾਰਟਨ ਬਣਾਏ ਜਾਣ, ਜਿੱਥੇ ਉਹ ਆਪਣੀਆਂ ਬੱਚੀਆਂ ਨੂੰ ਛੱਡ ਕੇ ਡਿਊਟੀ ਕਰ ਸਕਣ।

**1125/Tarlochan Singh/ Harjinder singh**

**1130/mehak**

**ਸ੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਅੱਜ ਮੈਨੂੰ ਦੂਜੀ ਵਾਰੀ ਮੌਕਾ ਮਿਲ ਗਿਆ ਹੈ। ਸਪੀਕਰ ਸਾਹਿਬ, ਜਿਹੜੇ ਸਾਡੇ ਅਸਿਸਟੈਂਟ ਪ੍ਰੋਫੈਸਰ ਜਾਂ ਪਾਰਟ ਟਾਈਮ ਪ੍ਰੋਫੈਸਰ ਹਨ ਜਿਨ੍ਹਾਂ ਤੋਂ ਪੜ੍ਹ ਕੇ ਅਸੀਂ ਇਸ ਜਗ੍ਹਾ ਤੇ ਆਏ ਹਾਂ, ਉਨ੍ਹਾਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਭਰਤੀਆਂ ਨਹੀਂ ਹੋਈਆਂ ਸਨ। ਹਾਲਾਂਕਿ ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ 612 ਦੀ ਭਰਤੀ ਕੱਢੀ ਹੈ ਅਤੇ 37 ਤੋਂ 45 ਸਾਲ ਵਿੱਚ ਉਮਰ ਹੱਦ ਦੀ ਛੋਟ ਵੀ ਦਿੱਤੀ ਹੈ। ਪਰ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਉਮਰ ਹੱਦ ਵਿੱਚ ਵੀ ਬਹੁਤ ਸਾਰੇ ਪ੍ਰੋਫੈਸਰ ਨਹੀਂ ਆ ਰਹੇ ਹਨ ਜਿਨ੍ਹਾਂ ਦੀ ਰਿਟਾਇਰਮੈਂਟ ਦਾ ਸਮਾਂ ਨੇੜੇ ਆ ਚੁੱਕਾ ਹੈ। ਮੈਂ ਹਾਊਸ ਵਿੱਚ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਉਨ੍ਹਾਂ ਵਾਸਤੇ ਇੱਕ ਸਪੈਸੀਫਿਕ ਡਾਇੰਗ ਕਾਡਰ ਬਣਾ ਕੇ ਉਨ੍ਹਾਂ ਨੂੰ ਸਿਕਿਉਰ ਕਰ ਲਿਆ ਜਾਵੇ ਤਾਂ ਜੋ ਉਹ ਆਪਣਾ ਆਉਣ ਵਾਲਾ ਭਵਿੱਖ ਵਧੀਆ ਤਰੀਕੇ ਨਾਲ ਬਤੀਤ ਕਰ ਸਕਣ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਲੇਡੀਜ਼ ਸਾਰੀਆਂ ਹੋ ਗਈਆਂ ਹਨ, ਮੇਰਾ ਖਿਆਲ ਹੈ ਕਿ ਦੋ ਮੈਂਬਰ ਗੈਰ ਹਾਜ਼ਰ ਹਨ। ਡਾ. ਰਾਜ ਕੁਮਾਰ ਜੀ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.):** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਜਦੋਂ ਤੁਸੀਂ ਵਿਰੋਧੀ ਧਿਰ ਵਿੱਚ ਸੀ ਤੇ ਸਾਡਾ ਤੁਹਾਡੇ ਨਾਲ ਬੜਾ ਪਿਆਰ ਰਿਹਾ। ਅਸੀਂ ਕਾਨਫਰੰਸ ਵੀ ਇਕੱਠੇ ਅਟੈਂਡ ਕਰਦੇ ਰਹੇ, ਚਾਹ ਦੁੱਧ ਇਕੱਠੇ ਪੀਂਦੇ ਰਹੇ , ਖਾਣਾ ਪੀਣਾ ਇਕੱਠੇ ਖਾਂਦੇ ਰਹੇ ਪਰ ਸਪੀਕਰ ਸਾਹਿਬ, ਮੈਨੂੰ ਤੁਹਾਡੇ ਨਾਲ ਕੱਲ੍ਹ ਦਾ ਗਿਲਾ ਹੈ ਕਿਉਂਕਿ ਅਸੀਂ ਸਾਰੇ ਤੁਹਾਡੇ ਆਫਿਸ ਵਿੱਚ ਗਏ ਕਿ ਆਮ ਬਜਟ ਦੀ ਬਹਿਸ ਹੈ ਤੇ ਕਿਰਪਾ ਕਰਕੇ ਸਾਨੂੰ ਥੋੜ੍ਹਾ ਸਮਾਂ ਜ਼ਰੂਰ ਦਿੱਤਾ ਜਾਵੇ ਤੇ ਆਪ ਜੀ ਨੇ ਵਾਅਦਾ ਵੀ ਕੀਤਾ। ਅਸੀਂ ਕਹਿੰਦੇ ਹਾਂ ਕਿ ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨਸ ਵਿੱਚ ਤਾਂ ਗੜਬੜ ਹੋ ਸਕਦੀ ਹੈ ਪਰ ਜਿਹੜੀ ਤੁਸੀਂ ਕੱਲ੍ਹ ਵਾਅਦਾਖਿਲਾਫੀ ਕੀਤੀ ਉਸ ਦਾ ਸਾਨੂੰ

ਬਹੁਤ ਦੁੱਖ ਹੋਇਆ ਕਿਉਂਕਿ ਜੇ ਅਸੀਂ ਵੀ ਉਸ ਬਹਿਸ ਦਾ ਹਿੱਸਾ ਬਣਦੇ ਤਾਂ ਉਹ ਬਜਟ ਦੀ ਬਹਿਸ ਹੋਰ ਮੁਕੰਮਲ ਹੁੰਦੀ। ਪਰ ਇਸ ਤੋਂ ਵੀ ਜ਼ਿਆਦਾ ਸਭ ਤੋਂ ਵੱਡਾ ਗਿਲਾ ਹੈ ਕਿ ਲੀਡਰ ਆਫ ਦਿ ਹਾਊਸ ਨੇ ਕੱਲ੍ਹ ਸਾਡੀ ਗੈਰ ਹਾਜ਼ਰੀ ਵਿੱਚ ਇਹ ਗੱਲ ਕਹੀ ਕਿ ਵਿਰੋਧੀ ਧਿਰ ਦੇ ਕਾਂਗਰਸ ਦੇ ਐਮ.ਐਲ.ਏਜ਼ ਦੇ ਸੰਗਲ ਪਾਉਣੀ ਪੈਣੀ ਹੈ ਤੇ ਸ਼ੁਕਰ ਹੈ ਕਿ ਇਹ ਮੁਰਦਾਬਾਦ, ਮੁਰਦਾਬਾਦ ਕਰਕੇ ਚਲੇ ਜਾਂਦੇ ਹਨ ਕਿਤੇ ਡਲੇ ਨਹੀਂ ਮਾਰਦੇ ਹਨ। ਸੋ, ਇਸ ਤਰ੍ਹਾਂ ਦੇ ਕੁਮੈਂਟਸ ਮੈਂ ਸਮਝਦਾ ਹਾਂ ਕਿ ਇਹ ਵਿਰੋਧੀ ਧਿਰ ਦੇ ਮੈਂਬਰਜ਼ ਲਈ ਬਹੁਤ ਹੀ ਸ਼ਰਮਨਾਕ ਹਨ। ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਤੁਹਾਨੂੰ ਤਾਲਾ ਦਿੱਤਾ ਗਿਆ ਸੀ, ਪਤਾ ਨਹੀਂ ਤੁਸੀਂ ਤਾਲੇ ਦਾ ਕੀ ਕੀਤਾ ਪਰ ਜੋ ਪੰਜਾਬ ਦੇ ਹਾਲਾਤ ਹਨ ਤੇ ਜੋ ਲਾਅ ਐਂਡ ਆਰਡਰ ਦੀ ਸਥਿਤੀ ਹੈ, ਜੋ ਡਰੱਗਜ਼ ਦੀ ਸਥਿਤੀ ਹੈ, ਜਿਸ ਤਰ੍ਹਾਂ ਨਸ਼ਾ ਵਿਕ ਰਿਹਾ ਹੈ ਮੈਨੂੰ ਇਸ ਗੱਲ ਦਾ ਫਿਕਰ ਹੈ। ਸਪੀਕਰ ਸਾਹਿਬ ਜਿਸ ਤਰ੍ਹਾਂ ਸੀ.ਐਮ. ਸਾਹਿਬ ਨੇ ਤੁਹਾਨੂੰ ਤਾਲਾ ਦਿੱਤਾ ਸੀ, ਮੈਂ ਅੱਜ ਤੁਹਾਨੂੰ ਸੰਗਲ ਦੇਣ ਆਇਆ ਹਾਂ। **(ਵਿਘਨ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਡਾਕਟਰ ਰਾਜ ਕੁਮਾਰ ਚੱਬੇਵਾਲ ਦੀ ਇਸ ਗੱਲ ਤੇ ਆਪਣੀਆਂ ਸੀਟਾਂ ਤੇ ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਬੈਠੋ, ਤੁਸੀਂ ਬੈਠੋ। ਡਾਕਟਰ ਸਾਹਿਬ ਤੁਹਾਨੂੰ ਦੋ ਮਿੰਟ ਲੋਕਾਂ ਦੇ ਮੁੱਦੇ ਤੇ ਗੱਲ ਕਰਨ ਵਾਸਤੇ ਦਿੱਤੇ ਸੀ। ਡਾਕਟਰ ਸਾਹਿਬ, ਤੁਸੀਂ ਪੜ੍ਹੇ ਲਿਖੇ ਬੰਦੇ ਹੋ, ਤੁਸੀਂ ਬੈਠੋ, ਹੁਣ। ਬੈਠੋ ਜੀ ਬੈਠੋ, ਕੋਈ ਗੱਲ ਨਹੀਂ। (ਵਿਘਨ, ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਆਰਡਰ, ਬੈਠੋ ਜੀ ਬੈਠੋ, ਸਾਰੇ ਸਾਥੀ ਬੈਠੋ। ਸਾਰੇ ਸਾਥੀ ਬੈਠੋ। ਬੜੀ ਵਧੀਆ ਬਹਿਸ, ਬੜੀ ਵਧੀਆਂ ਡਿਸਕਸ਼ਨ ਚੱਲ ਰਹੀ ਸੀ। ਮੈਂ ਇੱਕ ਗੱਲ ਕਲੀਅਰ ਕਰ ਦਿੰਦਾ ਹਾਂ ਕਿ ਜਿਹੜੇ ਜਿਹੜੇ ਮਾਣਯੋਗ ਸਾਥੀ ਆਪਣੀਆਂ ਸੀਟਾਂ ਤੇ ਕੱਲ੍ਹ ਬੈਠੇ ਰਹੇ, ਉਨ੍ਹਾਂ ਸਾਰਿਆਂ ਨੂੰ ਕੱਲ੍ਹ ਡਿਸਕਸ਼ਨ ਦਾ ਮੌਕਾ ਦਿੱਤਾ ਗਿਆ ਸੀ। ਆਪਾਂ ਸਿਰਫ ਖਬਰਾਂ ਬਣਾਉਣ ਵਾਸਤੇ ਕੋਈ ਐਕਟੀਵਿਟੀ ਕਰਦੇ ਹਾਂ, ਇਹ ਪੰਜਾਬ ਦੇ ਲੋਕ ਵੀ ਜਾਣਦੇ ਹਨ। ਇਸ ਲਈ ਕਿਰਪਾ ਕਰਕੇ ਹੁਣ ਵੀ ਬੈਠ ਜਾਓ। ਤੁਸੀਂ ਹੁਣ ਵੀ ਬੈਠ ਜਾਓ। (ਵਿਘਨ) ਹੁਣ ਤੁਸੀਂ ਬੋਲਣਾ ਚਾਹੁੰਦੇ ਹੋ ਜਾਂ ਨਹੀਂ। ਬੈਠ ਜਾਓ। ਹੁਣ ਪਹਿਲਾਂ ਡਾਕਟਰ ਬੋਲਣਗੇ ਜੀ।

** Expunged as ordered by Hon'ble Speaker.

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਰ, ਪਿੰਡ ਖਟਕੜ ਕਲਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜੱਦੀ ਪਿੰਡ ਹੈ। ਉਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮਿਊਜ਼ੀਅਮ ਬਣਾਇਆ ਸੀ ਔਰ ਜਿੱਥੇ ਤੁਹਾਡੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਸਹੁੰ ਵੀ ਚੁੱਕੀ ਸੀ। ਹੁਣ ਇਹ ਮਿਊਜ਼ੀਅਮ ਪਿਛਲੇ ਦੋ ਸਾਲਾਂ ਵਿੱਚ ਕਦੇ ਚਾਰ-ਪੰਜ ਦਿਨਾਂ ਲਈ ਖੁੱਲ੍ਹ ਜਾਂਦਾ ਹੈ ਤੇ ਕਦੇ ਬੰਦ ਹੋ ਜਾਂਦਾ ਹੈ। ਉੱਥੇ ਨਾ ਤਾਂ ਪੱਕਾ ਸਟਾਫ ਹੈ ਜੋ ਉਸ ਨੂੰ ਮੇਨਟੇਨ ਕਰ ਸਕੇ ਨਾ ਹੀ ਉੱਥੇ ਕੋਈ ਬਿਜਲੀ ਦੇ ਬਿਲਾਂ ਦਾ ਵਾਲੀ ਵਾਰਸ ਹੈ ਕਿ ਉਹ ਬਿਲ ਕਿਸ ਨੇ ਦੇਣਾ ਹੈ। ਇਸੇ ਤਰ੍ਹਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਪਿੰਡ ਨੂੰ ਸਾਡਾ ਬੰਗਾ ਸ਼ਹਿਰ ਲੱਗਦਾ ਹੈ।

**1130/mehak/BS khokhar**

**1135/Sukhpiar Singh**

ਉੱਥੇ ਤੁਸੀਂ ਕਿਸੇ ਵੀ ਗਲੀ ਵਿੱਚ ਦੇਖ ਲਵੋ, ਸੀਵਰੇਜ ਦਾ ਇੰਨਾ ਮਾੜਾ ਹਾਲ ਹੈ ਕਿ ਉੱਥੇ ਗਲੀ-ਗਲੀ ਸੀਵਰੇਜ ਦਾ ਪਾਣੀ ਘੁੰਮਦਾ ਹੈ ਔਰ ਬੰਗਿਆਂ ਵਿੱਚ ਕੋਈ ਵੀ ਆਦਮੀ ਸਕੂਟਰ, ਕਾਰ ਤੋਂ ਬਿਨਾਂ ਪੈਦਲ ਨਹੀਂ ਜਾ ਸਕਦਾ ਕਿਉਂਕਿ ਪਹਿਲਾਂ ਉਸ ਨੂੰ ਆਪਣੇ ਜੁੱਤੇ ਲਬੇੜਨੇ ਪੈਂਦੇ ਹਨ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਮਿਊਜ਼ੀਅਮ ਅਤੇ ਬੰਗਾ ਸਿਟੀ ਦੇ ਸੀਵਰੇਜ ਨੂੰ ਵੀ ਠੀਕ ਕੀਤਾ ਜਾਵੇ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਆਪਾਂ ਸਾਰੇ ਕਿਸਾਨੀ ਮਸਲੇ ਤੇ ਇਕਜੁਟ ਹਾਂ ਅਤੇ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਵੀ ਕਰਦੇ ਹਾਂ। ਮਾਣਯੋਗ ਸਪੀਕਰ ਸਾਹਿਬ, ਕੱਲ੍ਹ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਕਿਸਾਨਾਂ ਨੂੰ ਸ਼ੰਭੂ ਬਾਰਡਰ ਤੇ ਜੋ ਹਰਿਆਣਾ ਦੀ ਪੁਲਿਸ ਵੱਲੋਂ ਰੋਕਿਆ ਗਿਆ ਹੈ, ਉਹ ਬਹੁਤ ਮਾੜੀ ਘਟਨਾ ਹੈ ਕਿਉਂਕਿ ਉਹ ਦਿੱਲੀ ਜਾ ਰਹੇ ਸੀ ਅਤੇ ਦਿੱਲੀ ਸਾਡੇ ਦੇਸ਼ ਦੀ ਰਾਜਧਾਨੀ ਹੈ। ਉੱਥੇ ਉਨ੍ਹਾਂ ਨੂੰ ਜਾਣ ਦੇਣਾ ਚਾਹੀਦਾ ਸੀ ਪਰ ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਗੱਲ ਜ਼ਰੂਰ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਦੀਆਂ ਵੱਖ ਵੱਖ ਜਥੇਬੰਦੀਆਂ, ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਚੰਡੀਗੜ੍ਹ ਅੰਦਰ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਦੇਣ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਮੁਹਾਲੀ ਅੰਦਰ ਰੋਕਿਆ ਜਾਂਦਾ ਹੈ। ਮੇਰੀ ਤੁਹਾਡੇ ਮਾਧਿਅਮ ਰਾਹੀਂ ਅਪੀਲ ਹੈ ਕਿ ਚੰਡੀਗੜ੍ਹ ਦੇ ਐਸ.ਐਸ.ਪੀ. ਪੰਜਾਬ ਕਾਡਰ ਦੇ ਹਨ। ਉਨ੍ਹਾਂ ਨਾਲ ਗੱਲ ਕਰਕੇ ਚੰਡੀਗੜ੍ਹ ਵਿੱਚ ਨਿਰਧਾਰਿਤ ਜਗ੍ਹਾ ਤੱਕ ਉਨ੍ਹਾਂ ਨੂੰ ਆਉਣ ਦੀ ਇਜਾਜ਼ਤ ਦਿੱਤੀ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਰਾਜਾ ਜੀ, ਮੈਂ ਇੱਕ ਬੇਨਤੀ ਕਰ ਚੁੱਕਿਆ ਹਾਂ ਕਿ ਆਪਾਂ ਡਾਕਟਰਜ਼ ਨੂੰ ਬੁਲਾਉਣਾ ਹੈ। ਕੀ ਤੁਸੀਂ ਅੰਗਰੇਜ਼ੀ ਵਿੱਚ ਸਮਝਦੇ ਹੋ। (ਵਿਘਨ, ਸ਼ੋਰ) ਆਪਾਂ ਬਹਿਸ ਬਾਅਦ ਵਿੱਚ ਕਰ ਲਵਾਂਗੇ। ਤੁਹਾਡੇ ਕਹਿਣ ਤੋਂ ਬਾਅਦ ਮੈਂ ਤੁਹਾਨੂੰ ਕੱਲ੍ਹ ਪੰਜ ਮਿੰਟ ਦਿੱਤੇ ਸੀ, ਤੁਸੀਂ ਫਿਰ ਨਹੀਂ ਰੱਜੇ। ਕੋਟਲੀ ਜੀ, ਤੁਸੀਂ ਵੀ ਬੈਠੋ, ਬੈਠੋ, ਬੈਠੋ। (ਵਿਘਨ, ਸ਼ੋਰ)

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਡਾਕਟਰਜ਼ ਨੂੰ ਬੁਲਾ ਕੇ ਫਿਰ ਟਾਈਮ ਦੇ ਦੇਵੋਗੇ?

**ਮਾਣਯੋਗ ਸਪੀਕਰ:** ਬਿਲਕੁਲ ਦੇ ਦੇਵਾਂਗੇ, ਬਿਲਕੁਲ ਦੇ ਦੇਵਾਂਗੇ। ਸੋ, ਜਿਹੜੀ ਕਿਸਾਨੀ ਅੰਦੋਲਨ ਦੀ ਗੱਲ ਹੈ। ਕਿਸਾਨ ਦੇਸ਼ ਦਾ ਅੰਨਦਾਤਾ ਹੈ, ਉਹ ਇਕੱਲੇ ਪੰਜਾਬ ਦਾ ਨਹੀਂ ਹੈ। ਜਿਹੜੀ ਤੁਸੀਂ ਜਥੇਬੰਦੀਆਂ ਦੀ ਗੱਲ ਕੀਤੀ ਹੈ, ਉਨ੍ਹਾਂ ਜਥੇਬੰਦੀਆਂ ਤੇ ਗੋਲੀ ਨਹੀਂ ਚਲਾਈ ਜਾਂਦੀ। ਜਦੋਂ ਮੈਂ ਰਾਜਪੁਰੇ ਜ਼ਖਮੀਆਂ ਦਾ ਪਤਾ ਲੈਣ ਗਿਆ ਸੀ, ਮੈਨੂੰ ਇੱਕ 10ਵੀਂ ਵਿੱਚ ਪੜ੍ਹਦਾ ਬੱਚਾ ਮਿਲਿਆ। ਉਸ ਦੀ ਬਾਂਹ ਵਿੱਚ ਗੋਲੀ ਲੱਗੀ ਹੋਈ ਸੀ (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਬਾਂਹ ਵਿੱਚੋਂ ਗੋਲੀ ਲੰਘੀ ਹੋਈ ਸੀ, ਮਤਲਬ ਇਸ ਤਰ੍ਹਾਂ ਤਾਂ ਤੁਸੀਂ ਦੁਸ਼ਮਣ ਦੇਸ਼ ਦੇ ਸਿਵਲੀਅਨਜ਼ ਨਾਲ ਵੀ ਨਹੀਂ ਕਰਦੇ। ਉਹ ਵੀ ਜੇ ਦੁਸ਼ਮਣ ਦੇਸ਼ ਦੀ ਬਰਾਬਰ ਸੈਨਾ ਹੋਵੇ ਫਿਰ ਇਸ ਤਰ੍ਹਾਂ ਦੀ ਹਰਕਤ ਕੀਤੀ ਜਾਂਦੀ ਹੈ। ਸੋ, ਇਸ ਨਾਲ ਦਿਲ ਟੁੱਟਿਆ ਹੈ। ਅੰਨਦਾਤੇ ਨਾਲ ਬਹੁਤ ਜ਼ਿਆਦਾ ਧੱਕਾ ਕੀਤਾ ਗਿਆ ਹੈ।

**ਡਾਕਟਰ ਵਿਜੈ ਸਿੰਗਲਾ (ਮਾਨਸਾ):** ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਧਿਆਨ ਵਪਾਰੀਆਂ ਦੀ ਇੱਕ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਜੋ ਪੈਸਟੀਸਾਈਡ, ਫਰਟੇਲਾਈਜ਼ਰ ਤੇ ਡੀਲਰ ਵਿਕਰੇਤਾ ਹਨ, ਉਹ ਸਰਕਾਰ ਤੋਂ ਬਕਾਇਦਾ ਲਾਇਸੰਸ ਲੈ ਕੇ ਮਨਜ਼ੂਰਸ਼ੁਦਾ ਪ੍ਰੋਡਕਟਸ ਵੇਚਦੇ ਹਨ। ਜਦੋਂ ਵੀ ਕੋਈ ਫਸਲਾਂ ਦਾ ਖਰਾਬਾ ਜਾਂ ਕੋਈ ਇਸ ਤਰ੍ਹਾਂ ਦਾ ਕਾਰਨ ਹੁੰਦਾ ਹੈ ਤਾਂ ਉਨ੍ਹਾਂ ਦੇ ਸੈਂਪਲ ਭਰੇ ਜਾਂਦੇ ਹਨ, ਉਹ ਭਰੇ ਵੀ ਜਾਣੇ ਚਾਹੀਦੇ ਹਨ ਲੇਕਿਨ ਉਹ ਐਕਸ਼ਨ ਡੀਲਰ, ਰਿਟੇਲਰ ਤੇ ਆਉਂਦਾ ਹੈ ਜਦੋਂ ਕਿ ਉਹ ਮੈਨੂਫੈਕਚਰਿੰਗ ਕੰਪਨੀ ਤੇ ਆਉਣਾ ਚਾਹੀਦਾ ਹੈ। ਪ੍ਰੋਡਕਟ ਤਾਂ ਸਿਰਫ ਕੋਰੀਅਰ ਹੁੰਦੇ ਹਨ, ਸੈਂਪਲ ਵੀ ਮੈਨੂਫੈਕਚਰਰ ਦੇ ਗੋਦਾਮ ਤੋਂ ਭਰਨਾ ਚਾਹੀਦਾ ਹੈ ਕਿਉਂਕਿ ਰਿਟੇਲਰ ਤਾਂ ਉਸ ਨੂੰ ਪ੍ਰੋਡਿਊਸ ਨਹੀਂ ਕਰਦਾ, ਉਹ ਤਾਂ ਸੇਲ ਕਰਦਾ ਹੈ। ਐਕਸ਼ਨ ਮੈਨੂਫੈਕਚਰਰ ਤੇ ਹੋਣਾ ਚਾਹੀਦਾ ਹੈ। ਇਸ ਤੋਂ ਬਿਨਾਂ ਮਾਣਯੋਗ ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ ਸਾਹਿਬ ਨੇ ਬੜਾ ਵਧੀਆ ਮੇਰਾ ਬਿਲ ਮੇਰਾ ਐਪ ਔਰ ਬਿਲ ਲਿਆਓ ਇਨਾਮ ਪਾਓ ਸਕੀਮ ਸ਼ੁਰੂ ਕੀਤੀ ਹੈ ਲੇਕਿਨ ਉਸ ਵਿੱਚ ਜਦੋਂ ਸਾਡੇ ਛੋਟੇ ਦੁਕਾਨਦਾਰ ਬਿਲ ਅਪਲੋਡ ਕਰਦੇ ਹਨ ਤਾਂ ਉਸ

ਵਿੱਚ ਕਈ ਚੀਜ਼ਾਂ ਨੂੰ ਸੈਗਰੀਗੇਟ ਨਹੀਂ ਕਰ ਪਾਉਂਦੇ ਕਿ ਸੀ.ਜੀ.ਐਸ.ਟੀ ਕਿੰਨਾ ਹੈ, ਜੀ.ਐਸ.ਟੀ ਕਿੰਨਾ ਹੈ। ਉਨ੍ਹਾਂ ਨੂੰ ਇਨਾਮ ਦੀ ਬਜਾਏ ਬਹੁਤ ਸਾਰਿਆਂ ਨੂੰ ਜੁਰਮਾਨਾ ਲੱਗਾ ਹੈ। ਉਨ੍ਹਾਂ ਦੀ ਅਵੇਅਰਨੈੱਸ ਵਾਸਤੇ ਕੋਈ ਕੈਂਪ ਲਗਾਉਣੇ ਚਾਹੀਦੇ ਹਨ ਤਾਂ ਕਿ ਛੋਟੇ ਦੁਕਾਨਦਾਰ ਸਾਰੇ ਅਵੇਅਰ ਹੋ ਸਕਣ ਅਤੇ ਭਵਿੱਖ ਵਿੱਚ ਐਪ ਤੇ ਬਿਲ ਸਹੀ ਤਰੀਕੇ ਨਾਲ ਅਪਲੋਡ ਕਰ ਸਕਣ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ):** ਮਿਹਰਬਾਨੀ, ਸਪੀਕਰ ਸਾਹਿਬ। ਤੁਸੀਂ ਡਾਕਟਰਜ਼ ਨੂੰ ਮੌਕਾ ਦਿੱਤਾ ਹੈ ਤਾਂ ਮੈਂ ਡਾਕਟਰਾਂ ਦੀ ਹੀ ਗੱਲ ਕਰਾਂਗਾ। ਜਦੋਂ ਵੀ ਕਦੇ ਹਸਪਤਾਲ ਵਿੱਚ ਕੋਈ ਹਾਦਸਾ ਹੁੰਦਾ ਹੈ ਅਤੇ ਡਾਕਟਰਾਂ ਦੇ ਅਗੇਂਸਟ violence ਹੁੰਦੀ ਹੈ।

**1135/Sukhpiar Singh/BS khokhar**

**1140/Manika Rani**

ਸਪੀਕਰ ਸਾਹਿਬ, ਹਸਪਤਾਲ ਵਿੱਚ ਡਾਕਟਰਾਂ ਨੂੰ ਮਾਰਿਆ-ਕੁੱਟਿਆ ਜਾਂਦਾ ਹੈ। ਔਰ ਪੰਜਾਬ ਤੇ ਰੱਬ ਦੀ ਮਿਹਰ ਰਹੀ ਹੈ ਪਰੰਤੂ ਬਾਕੀ ਹਿੰਦੋਸਤਾਨ ਦੇ ਹਿੱਸਿਆਂ ਵਿੱਚ ਡਾਕਟਰਾਂ ਦੀ ਮੌਤ ਵੀ ਹੋਈ ਹੈ। ਸੋ, ਮੈਂ ਇਹ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਾਨੂੰਨ ਬਣੇ ਹੋਏ ਹਨ ਪਰ ਲਾਗੂ ਨਹੀਂ ਹੁੰਦੇ। ਸੋ, ਸੀ.ਐਮ. ਆਫਿਸ ਤੋਂ ਕੋਈ ਨੋਟੀਫਿਕੇਸ਼ਨ ਜਾਵੇ ਜਾਂ ਕੋਈ ਐਡਮਨਿਸਟਰੇਟਿਵ ਲੈਵਲ ਤੇ, ਡ੍ਰਿਸਟ੍ਰਿਕਟ ਲੈਵਲ ਤੇ ਸਾਰੇ ਅਫਸਰਾਂ ਨੂੰ ਸੁਨੇਹਾ ਜਾਵੇ ਕਿ ਇਸ ਸਾਰੇ ਨੂੰ ਸੈਂਸਟਿਵਲੀ ਡੀਲ ਕੀਤਾ ਜਾਵੇ ਤਾਂ ਇਹ ਗੱਲ ਬਹੁਤ ਦੂਰ ਤੱਕ ਜਾਵੇਗੀ । ਮੈਂ ਦੁਬਾਰਾ ਰਿਪੀਟ ਕਰ ਦੇਵਾਂ ਕਿ ਕੋਈ ਵੀ ਡਾਕਟਰ ਜਾਣਬੁੱਝ ਕੇ ਕਿਸੇ ਮਰੀਜ਼ ਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰਦਾ। ਇਸ ਗੱਲ ਵੱਲ ਧਿਆਨ ਦਿੱਤਾ ਜਾਵੇ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ):** ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਹਾਊਸ ਦਾ ਧਿਆਨ ਮੇਰੇ ਹਲਕੇ ਵਿੱਚ ਪੈਂਦੇ ਗੋਦੇਵਾਲ ਸਟੇਡੀਅਮ ਵੱਲ ਦਿਵਾਉਣਾ ਚਾਹੁੰਦੀ ਹਾਂ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਵੇਲੇ ਇਹ ਸਟੇਡੀਅਮ ਨਸ਼ੇੜੀਆਂ ਦਾ ਇੱਕ ਅੱਡਾ ਬਣ ਚੁੱਕਿਆ ਸੀ ਪਰ ਸਾਡੀ ਸਰਕਾਰ ਆਉਣ ਉਪਰੰਤ ਅਸੀਂ ਆਪਣੇ ਲੈਵਲ ਤੇ ਇਸ ਸਟੇਡੀਅਮ ਦੀ ਸਾਫ ਸਫਾਈ ਕਰਵਾ ਕੇ ਉਥੇ ਖੇਡਾਂ ਕਰਵਾਉਣੀਆਂ ਸਟਾਰਟ ਕੀਤੀਆਂ। ਜਿੱਥੇ ਫਰੀ ਦੇ ਸਕੇਟਿੰਗ ਕੈਂਪ ਲਗਾਏ ਜਾ ਰਹੇ ਹਨ। ਖੇਡਾਂ ਵਤਨ ਪੰਜਾਬ ਦੀਆਂ ਖੇਡੀਆਂ ਜਾ ਰਹੀਆਂ ਹਨ। ਪੂਰੇ ਜ਼ਿਲ੍ਹੇ ਦੇ ਬੱਚੇ ਆ ਕੇ ਉਥੇ ਖੇਡਦੇ ਹਨ। ਸੋ, ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਕਿ ਖੇਡ ਮੰਤਰੀ ਸਾਹਿਬ ਵੱਲੋਂ ਉਸ ਸਟੇਡੀਅਮ ਦਾ ਦੁਬਾਰਾ ਨਵੀਨੀਕਰਨ ਕਰਵਾਇਆ ਜਾਵੇ ਤਾਂ ਕਿ ਅਸੀਂ ਉਸ ਸਟੇਡੀਅਮ ਦੀ ਵਰਤੋਂ ਹੋਰ ਵਧੀਆ ਤਰੀਕੇ ਨਾਲ ਕਰ ਸਕੀਏ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੇਰਾ ਸੱਚਖੰਡ ਬੱਲਾਂ ਦੇ ਵਾਸਤੇ 25 ਕਰੋੜ ਰੁਪਿਆ ਕਾਂਗਰਸ ਦੀ ਸਰਕਾਰ ਨੇ ਪਹਿਲਾਂ ਦਿੱਤਾ ਸੀ। ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਉਹੀ ਪੈਸਾ ਵਾਪਸ ਲੈ ਲਿਆ। ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ ਉਥੇ ਜਾ ਕੇ ਉਹੀ 25 ਕਰੋੜ ਰੁਪਿਆ, ਇੱਕ ਚੈੱਕ ਦੇ ਰੂਪ ਵਿੱਚ, ਬੋਰਡ ਦੇ ਅੰਦਰ ਭੇਂਟ ਕੀਤਾ ਗਿਆ। ਮੈਂ ਤੁਹਾਡੇ ਮਾਧਿਆਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਉਹ 25 ਕਰੋੜ ਰੁਪਿਆ ਕਿੱਥੇ ਗਿਆ? ਉਹ ਕਿੱਥੇ ਜਮ੍ਹਾ ਹੈ, ਉਥੇ ਕਦੋਂ ਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਅਧਿਐਨ ਸੈਂਟਰ ਸ਼ੁਰੂ ਹੋਵੇਗਾ? ਕਦੋਂ ਨਹੀਂ ਸ਼ੁਰੂ ਹੋਣਾ? ਇਸ ਤੋਂ ਇਲਾਵਾ ਉਥੇ ਪੰਜਾਬ ਸਰਕਾਰ ਨੇ 10 ਕਰੋੜ ਰੁਪਿਆ ਮਸ਼ਹੂਰੀਆਂ ਉੱਤੇ ਲਗਾ ਦਿੱਤਾ ਕਿ ਅਸੀਂ ਉਥੇ 25 ਕਰੋੜ ਰੁਪਿਆ ਦੇਣ ਜਾ ਰਹੇ ਹਾਂ। ਕ੍ਰਿਪਾ ਕਰਕੇ ਸਰਕਾਰ 25 ਕਰੋੜ ਰੁਪਏ ਦਾ ਕੰਮ ਉਥੇ ਸ਼ੁਰੂ ਕਰਵਾਏ। ਇਸ ਤੋਂ ਇਲਾਵਾ ਆਦਮਪੁਰ ਦੇ ਅੰਦਰ ਸੀਵਰੇਜ਼ ਦੇ ਲਈ 16 ਕਰੋੜ ਰੁਪਿਆ ਕਾਂਗਰਸ ਸਰਕਾਰ ਦੇ ਵੇਲੇ ਦਿੱਤਾ ਗਿਆ ਸੀ। ਔਰ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ 16 ਕਰੋੜ ਰੁਪਿਆ ਵਾਪਸ ਲੈ ਲਿਆ ਗਿਆ। ਆਦਮਪੁਰ ਨਗਰ ਕੌਂਸਲ ਅੰਦਰ ਕਾਂਗਰਸ ਪਾਰਟੀ ਦੇ ਪ੍ਰਧਾਨ ਹਨ। ਅਸੀਂ ਹਾਈਕੋਰਟ ਵਿੱਚ ਕੇਸ ਕੀਤਾ। ਮੰਤਰੀ ਸਾਹਿਬ, ਇੱਥੇ ਬੈਠੇ ਹਨ। ਇਸ ਤੋਂ ਇਲਾਵਾ 12 ਕਰੋੜ ਰੁਪਿਆ ਬੜੀ ਮੁਸ਼ਕਿਲ ਦੇ ਨਾਲ ਅਸੀਂ ਕੋਰਟ ਦੇ ਵਿੱਚ ਕੇਸ ਕਰਕੇ ਪੈਸਾ ਵਾਪਸ ਲਿਆਂਦਾ ਪਰ ਹਾਲੇ ਤੱਕ ਵੀ ਉਥੇ ਕੰਮ ਸ਼ੁਰੂ ਨਹੀਂ ਹੋਇਆ। ਇਲੈਕਸ਼ਨਾਂ ਆ ਗਈਆਂ ਹਨ ਅਤੇ ਕੋਡ ਵੀ ਲੱਗ ਜਾਣਾ ਹੈ। ਅਸੀਂ ਕੋਰਟ ਦੇ ਵਿੱਚ ਜਾ ਕੇ ਪੰਜਾਬ ਸਰਕਾਰ ਦੀ ਮਦਦ ਕਰਕੇ ਉਹ ਪੈਸਾ ਲੈ ਕੇ ਆਏ ਹਾਂ, ਲੇਕਿਨ ਸਾਡੇ ਹੱਥ ਫਿਰ ਖਾਲੀ ਹਨ। ਸਾਡਾ ਕੋਈ ਵੀ ਕੰਮ ਹਾਲੇ ਤੱਕ ਸ਼ੁਰੂ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਇਹ ਦੋ ਇੰਪਾਰਟੈਂਟ ਮਸਲੇ ਧਿਆਨ ਵਿੱਚ ਲਿਆਂਦੇ ਹਨ। ਇੱਕ ਮਸਲਾ ਸਮਾਜ ਭਾਵ ਗੁਰੂ ਰਵੀਦਾਸ ਅੰਮ੍ਰਿਤਬਾਣੀ ਨਾਲ ਸਬੰਧਤ ਹੈ ਅਤੇ ਦੂਜਾ ਮਸਲਾ ਆਦਮਪੁਰ, ਨਗਰ ਕੌਂਸਲ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਹੜੇ ਮੇਰੇ ਖਿਲਾਫ ਪੰਜਾਬ ਵਿਧਾਨ ਸਭਾ ਦੇ ਅੰਦਰ ਸੀ.ਐਮ. ਸਾਹਿਬ ਨੇ ਅਪਸ਼ਬਦ ਬੋਲੇ ਹਨ, ਮੈਂ ਉਸ ਦਾ ਪ੍ਰਿਵਲੇਜ ਮੋਸ਼ਨ ਤੁਹਾਡੇ ਕੋਲ ਮੂਵ ਕੀਤਾ ਹੈ, ਕ੍ਰਿਪਾ ਕਰਕੇ ਮੇਰੀ ਉਸ ਉੱਤੇ ਸੁਣਵਾਈ ਕੀਤੀ ਜਾਵੇ ਔਰ ਮੈਨੂੰ ਇਨਸਾਫ ਦਿਵਾਇਆ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਮੇਰੇ ਕੋਲ ਆ ਗਿਆ ਹੈ। ਹਾਂ ਜੀ, ਰਾਜਾ ਜੀ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ)**: ਸਪੀਕਰ ਸਾਹਿਬ, ਅੱਜ ਪੰਜਾਬ ਦੇ ਵਿੱਚ ਬੜਾ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪੰਜਾਬ ਦੇ ਜਿਹੜੇ ਵਪਾਰੀ ਹਨ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਇਸ ਗੱਲ ਦਾ ਕਿਸੇ ਨੂੰ ਅੰਦਾਜ਼ਾ ਨਹੀਂ ਹੈ। ਅੱਜ-ਕੱਲ੍ਹ ਪੰਜਾਬ ਦੀਆਂ ਦੁਕਾਨਾਂ ਅੱਧਾ ਘੰਟਾ ਪਹਿਲਾਂ ਬੰਦ ਹੋਣੀਆਂ ਸ਼ੁਰੂ ਹੋ

ਗਈਆਂ ਹਨ। ਜੇਕਰ ਇੰਟਰਨਲ ਇੰਟੈਲੀਜੈਂਸੀ ਦੀ ਗੱਲ ਕਰੀਏ ਤਾਂ ਮੋਹਾਲੀ ਇੱਕ ਗੈਂਗਸਟਰਜ਼ ਦਾ ਹੱਬ ਬਣ ਕੇ ਰਹਿ ਗਈ ਹੈ। ਪਿਛਲੇ ਚਾਰ ਦਿਨ ਪਹਿਲਾਂ ਉਥੇ ਕਿਸ ਤਰ੍ਹਾਂ ਗੋਲੀਬਾਰੀ ਹੋਈ ਹੈ, ਇਸ ਬਾਰੇ ਤੁਹਾਨੂੰ ਪਤਾ ਹੀ ਹੈ। ਪਰ ਮੈਂ ਤੁਹਾਡਾ ਥੋੜ੍ਹਾ ਜਿਹਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਲਾਰੈਂਸ ਬਿਸ਼ਨੋਈ ਨਾਮ ਦਾ ਇੱਕ ਗੈਂਗਸਟਰ ਹੈ, ਜਿਸ ਦੀ 06.04.2023 ਨੂੰ ਜੇਲ੍ਹ ਦੇ ਅੰਦਰ ਇੰਟਰਵਿਊ ਹੋਈ ਸੀ। ਉਸ ਤੋਂ ਬਾਅਦ ਕਾਫੀ ਰੌਲਾ ਰੱਪਾ ਪਿਆ ਅਤੇ 9 ਨਵੰਬਰ, 2023 ਨੂੰ ਮਾਣਯੋਗ ਹਾਈ ਕੋਰਟ ਨੇ ਸੂਓ ਮੋਟੋ ਲਿਆ। ਕਿ ਦੱਸੋ, ਅਸੀਂ ਤਾਂ ਰੌਲਾ ਪਾਇਆ ਉਹ ਕਿਸੇ ਨੇ ਵੀ ਨਹੀਂ ਸੁਣਿਆ। ਇਹ ਇੰਟਰਵਿਊ ਕਿੱਥੇ ਹੋਈ ਅਤੇ ਕਦੋਂ ਹੋਈ। ਅਫਸਰਾਂ ਨੇ ਸਿਰੇ ਤੋਂ ਨਕਾਰ ਦਿੱਤਾ।

**1145/Gurpreet kaur**

ਫਿਰ ਉਸ ਤੋਂ ਬਾਅਦ ਐਫ.ਆਈ.ਆਰ. ਹੋਈ ਜਿਵੇਂ ਹੁਣ ਬਰਗਾੜੀ ਵਾਲੀ, ਸ਼ੁਭਕਰਨ ਵਾਲੀ ਅਤੇ ਲਾਰੈਂਸ ਬਿਸ਼ਨੋਈ ਵਾਲੀ ਬੇਨਾਮੀ ਐਫ.ਆਈ.ਆਰ ਦਰਜ ਹੋ ਗਈ ਹੈ। ਦੋ ਐਫ.ਆਈ.ਆਰ. ਹੋਈਆਂ। ਉਹ ਵੀ ਬੇਨਾਮੀ ਦਰਜ ਹੋਈਆਂ। ਉਸ ਵਿੱਚ ਕਿਸੇ ਦਾ ਵੀ ਨਾਮ ਨਹੀਂ ਪਾਇਆ ਗਿਆ। ਕੱਲ੍ਹ ਵਾਲੀ ਤਾਰੀਖ ਤੋਂ ਬਾਅਦ ਸਿਟ ਬਣਾ ਦਿੱਤੀ ਗਈ। ਪ੍ਰਮੋਦ ਕੁਮਾਰ ਜੀ ਦੇ ਅੰਡਰ ਇਹ ਸਿਟ ਬਣੀ। ਮਾਣਯੋਗ ਹਾਈ ਕੋਰਟ ਵਿੱਚ ਤਾਰੀਖ ਸੀ। ਤਾਰੀਖ ਵਿੱਚ ਇਹ ਕਹਿ ਦਿੱਤਾ ਗਿਆ ਕਿ ਸਾਨੂੰ ਇਨਵੈਸਟੀਗੇਸ਼ਨ ਲਈ ਹੋਰ ਤਿੰਨ ਮਹੀਨੇ ਚਾਹੀਦੇ ਹਨ। ਸ਼ਹਿਰ ਦੇ ਬਹੁਤ ਸਾਰੇ ਵਪਾਰੀਆਂ ਨੂੰ ਇਹ ਗੈਂਗਸਟਰ ਦਿਨ ਦਿਹਾੜੇ ਟੈਲੀਫੋਨ ਕਰਕੇ ਧਮਕੀਆਂ ਦੇ ਕੇ ਲੁੱਟ ਰਹੇ ਹਨ। ਇਹ ਹਰ ਸ਼ਹਿਰ ਦੀ ਕਹਾਣੀ ਹੈ। ਕੋਈ ਆ ਕੇ ਪੁਲਿਸ ਨੂੰ ਰਿਪੋਰਟ ਦਿੰਦਾ ਹੈ ਅਤੇ ਕੋਈ ਡਰਦਾ ਆ ਕੇ ਪੁਲਿਸ ਨੂੰ ਰਿਪੋਰਟ ਨਹੀਂ ਦਿੰਦਾ। 12-15 ਲੱਖ ਰੁਪਿਆ ਦੇ ਕੇ ਗੈਂਗਸਟਰਾਂ ਨੂੰ ਏਰੀਏ ਵੰਡੇ ਹਨ ਜਿਵੇਂ ਮੋਗਾ ਤੇਰਾ ਅਤੇ ਮੁਕਤਸਰ ਤੇਰਾ। ਇਸ ਤਰ੍ਹਾਂ ਦੇ ਹਾਲਾਤ ਬਣੇ ਪਏ ਹਨ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਇਸ ਤੇ ਠੋਸ ਕਾਰਵਾਈ ਕਰੇ।

**ਮਾਣਯੋਗ ਸਪੀਕਰ:** ਲਾਭ ਸਿੰਘ ਜੀ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਦਾਰ ਚੇਤਨ ਸਿੰਘ ਜੌੜਾਮਾਜਰਾ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਇਸ ਤੋਂ ਪਹਿਲਾ 7-8 ਨਹਿਰੀ ਵਿਸ਼ਰਾਮ ਘਰਾਂ ਦੀ ਸੂਚੀ ਦੀ ਗੱਲ ਕਰਦੇ ਸੀ, ਮੇਰੇ ਹਲਕੇ ਭਦੌੜ ਦੇ ਸਭ ਤੋਂ ਵੱਡੇ ਪਿੰਡ ਸਹਿਣਾ ਵਿੱਚ ਪੰਜਾਬੀ ਦੇ ਮਸ਼ਹੂਰ ਲੇਖਕ ਬਲਵੰਤ ਗਾਰਗੀ ਜੀ ਦਾ ਜਨਮ ਸਹਿਣਾ ਦੀ ਨਹਿਰੀ ਕੋਠੀ ਵਿੱਚ ਹੋਇਆ। ਕਿਰਪਾ ਕਰਕੇ ਉਸ ਕੋਠੀ ਨੂੰ ਪਹਿਲ ਦੇ ਆਧਾਰ ਤੇ ਪੂਰੇ ਪੰਜਾਬ ਵਿੱਚੋਂ ਇਸ ਨੰਬਰ ਤੇ ਐਡ ਕਰਕੇ ਨਵੀਨੀਕਰਨ ਕੀਤਾ ਜਾਵੇ ਅਤੇ ਜਿਹੜੀ 5-7 ਕਿੱਲਿਆਂ ਵਿੱਚ ਇਹ ਕੋਠੀ ਬਣੀ ਹੋਈ

ਹੈ, ਪੰਜਾਬੀ ਮਾਂ ਬੋਲੀ ਨੂੰ ਉੱਪਰ ਲੈ ਕੇ ਜਾਣ ਵਾਲੇ ਸਿਰਮੌਰ ਲੇਖਕਾਂ ਵਿੱਚ ਉਨ੍ਹਾਂ ਦਾ ਨਾਮ ਆਉਂਦਾ ਹੈ। ਉਸ ਕੋਠੀ ਨੂੰ ਜਲਦ ਤੋਂ ਜਲਦ ਇੱਕ ਨੰਬਰ ਵਿੱਚ ਐਡ ਕਰਕੇ ਉਸ ਦਾ ਨਵੀਨੀਕਰਨ ਕੀਤਾ ਜਾਵੇ।

**ਮਾਣਯੋਗ ਸਪੀਕਰ:** ਸਰਦਾਰ ਮਨਜਿੰਦਰ ਸਿੰਘ ਲਾਲਪੁਰਾ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):** ਧੰਨਵਾਦ ਸਪੀਕਰ ਸਾਹਿਬ, ਮੈਨੂੰ ਦੋ ਹੀ ਮਿੰਟ ਮਿਲੇ ਹਨ ਅਤੇ ਮੈਂ ਦੋ ਹੀ ਲੈਣੇ ਹਨ। ਸਭ ਤੋਂ ਪਹਿਲਾਂ ਤਾਂ ਬਿਆਸ ਦਰਿਆ ਤੇ ਬੰਨ੍ਹ ਬਣਾਇਆ ਜਾਵੇ। ਹਰ ਸਾਲ ਹੜ੍ਹ ਆਉਣ ਨਾਲ ਉੱਥੇ ਸਾਡੀਆਂ ਫਸਲਾਂ ਖਰਾਬ ਹੋ ਜਾਂਦੀਆਂ ਹਨ, ਉਸ ਦਾ ਕਰੋੜਾਂ ਰੁਪਿਆਂ ਦਾ ਮੁਆਵਜ਼ਾ ਦੇਣਾ ਪੈਂਦਾ ਹੈ। ਲੋਕਾਂ ਨੇ ਉੱਥੇ ਆਪਣੇ ਪੱਧਰ ਤੇ ਇੱਕ ਬੰਨ੍ਹ ਬਣਾਇਆ ਹੋਇਆ ਹੈ। ਉਸ ਨੂੰ ਵੀ ਨੋਚਾਂ ਲਗਾਈਆਂ ਜਾਣ। ਹੜ੍ਹਾਂ ਕਾਰਨ ਸਾਲ 2022 ਵਿੱਚ ਝੋਨੇ ਦੀ ਫਸਲ ਖਰਾਬ ਹੋਈ ਸੀ, ਉਸ ਦਾ ਵੀ ਮੁਆਵਜ਼ਾ ਰਹਿੰਦਾ ਹੈ। ਉਹ ਵੀ ਜਲਦ ਤੋਂ ਜਲਦ ਦਿੱਤਾ ਜਾਵੇ। ਜਿਨ੍ਹਾਂ ਲੋਕਾਂ ਨੇ ਨਵੇਂ ਰਾਸ਼ਨ ਕਾਰਡ ਬਣਨ ਵਾਲੇ ਹਨ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਲਦ ਬਣਾਏ ਜਾਣ। ਲੋਕ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਸਾਡੇ ਇਲਾਕੇ ਦੀਆਂ ਸੜ੍ਹਕਾਂ ਜਿਵੇਂ ਖਵਾਸਪੁਰ, ਫਤਿਆਬਾਦ ਤੋਂ ਮਾਣਕ ਦੇਕੇ, ਮੱਲ ਮੋਹਰੀ ਤੋਂ ਲਾਲਪੁਰੇ ਵਾਲੀ ਭੂਰੇ, ਮਾਣੋਚਾਹਲ ਤੇ ਚੋਹਲਾ ਸਾਹਿਬ ਤੋਂ ਚੰਬਾ ਕਲਾ ਵਾਲੀ ਸੜਕ ਬਹੁਤ ਟੁੱਟੀ ਹੋਈ ਹੈ। ਇਹ ਚਾਰ-ਪੰਜ ਸੜ੍ਹਕਾਂ ਰਹਿੰਦੀਆਂ ਹਨ। ਉਨ੍ਹਾਂ ਨੂੰ ਜਲਦੀ ਬਣਾ ਦਿੱਤਾ ਜਾਵੇ। ਘੜਕੇ ਏਰੀਏ ਵਿੱਚ ਪਲਦੂਨ ਪੁਲ ਟੁੱਟਣ ਵਾਲਾ ਹੈ। ਉਸ ਦੇ ਸਪੱਰ ਲੱਗਣ ਵਾਲੇ ਹਨ। ਕਿਰਪਾ ਕਰਕੇ ਸਪੱਰ ਲਗਾਏ ਜਾਣ। ਘੜਕਾ, ਗੁੱਜਰਪੁਰਾ ਏਰੀਏ ਵਿੱਚ ਪੱਥਰ ਲੱਗਣ ਵਾਲਾ ਹੈ। ਜਿਸ ਕਾਰਨ ਦਿਨੋਂ ਦਿਨ ਢਾਹ ਲਗਾ ਕੇ ਜ਼ਮੀਨਾਂ ਰੋੜ੍ਹ ਕੇ ਵਿੱਚ ਲਈ ਜਾਂਦੇ ਹਨ। ਪਿੰਡਾਂ ਵਿੱਚ ਆਰ.ਐਮ.ਪੀ ਡਾਕਟਰਾਂ ਲਈ ਕੋਈ ਕੋਰਸ ਸ਼ੁਰੂ ਕਰ ਦਿੱਤਾ ਜਾਵੇ, ਜਿਸ ਨੂੰ ਕਰਕੇ ਉਹ ਆਥੋਰਾਈਜ਼ ਹੋ ਜਾਣ ਤਾਂ ਜੋ ਪਿੰਡਾਂ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਆਸਾਨੀ ਨਾਲ ਮਿਲ ਸਕਣ। ਹੜ੍ਹਾਂ ਕਾਰਨ ਗਰੀਬ ਲੋਕਾਂ ਦੇ ਕੋਠੇ ਡਿੱਗ ਪਏ ਸਨ। ਉਨ੍ਹਾਂ ਲੋਕਾਂ ਦੀਆਂ ਲਿਸਟਾਂ ਵੀ ਡੀ.ਸੀ. ਸਾਹਿਬ ਕੋਲ ਪੈਂਡਿੰਗ ਪਈਆਂ ਹਨ। ਉਨ੍ਹਾਂ ਵੱਲ ਵੀ ਗੌਰ ਕੀਤੀ ਜਾਵੇ। ਸਪੀਕਰ ਸਾਹਿਬ, ਕੱਲੇ ਤੋਂ ਰੈਸ਼ੀਆਣਾ ਸ਼ੇਖ ਚੱਕ ਤੋਂ ਮੱਲ ਮੋਹਰੀ ਤੱਕ ਕਾਂਗਰਸ ਸਰਕਾਰ ਵੇਲੇ ਸੜ੍ਹਕ ਬਣੀ ਸੀ। ਉਨ੍ਹਾਂ ਦੋਵਾਂ ਸੜ੍ਹਕਾਂ ਦੇ ਵਿਚਕਾਰ ਕੋਈ ਵੀ ਪੁਲ ਨਹੀਂ ਹੈ। ਸੜ੍ਹਕ ਇੱਧਰ ਵੀ ਬਣੀ ਅਤੇ ਉੱਧਰ ਵੀ ਬਣੀ ਪਰ ਵਿਚਾਰ ਕੋਈ ਪੁਲ ਨਹੀਂ ਬਣਾਇਆ ਗਿਆ। ਮੈਂ ਅਖੀਰ ਵਿੱਚ ਇਹੀ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਕਰਮੂਵਾਲਾ ਤੋਂ ਸੁਲਤਾਨਪੁਰ ਲੋਧੀ ਤੱਕ ਪੁਲ ਲਈ ਇੱਕ ਝੂਠਾ ਜਿਹਾ ਹੀ ਉਦਘਾਟਨ ਕਰ ਦਿੱਤਾ ਗਿਆ ਸੀ। ਖਡੂਰ ਸਾਹਿਬ ਅਤੇ ਸੁਲਤਾਨਪੁਰ ਲੋਧੀ ਦੀ ਧਰਤੀ ਗੁਰੂਆਂ ਦੀ ਧਰਤੀ ਹੈ। ਉੱਥੇ ਵੀ ਪੁਲ ਬਣ ਦਿੱਤਾ ਜਾਵੇ ਤਾਂ ਜੋ ਸੰਗਤਾਂ ਨੂੰ ਜਾਣ ਵਿੱਚ ਕੋਈ ਪ੍ਰੇਸ਼ਾਨੀ ਨਾ ਆਵੇ।

ਜਿਹੜੇ ਖਡੂਰ ਸਾਹਿਬ ਦੇ ਪੈਂਡਿੰਗ ਇੰਤਕਾਲ ਪਏ ਹਨ ਉਹ ਵੀ ਪੂਰੇ ਕਰਵਾ ਦਿੱਤੇ ਜਾਣ। ਜਿਹੜੇ ਕੰਪਿਊਟਰ ਟੀਚਰ ਪੱਕੇ ਹੋਣ ਵਾਲੇ ਹਨ ਉਨ੍ਹਾਂ ਨੂੰ ਵੀ ਪੱਕਾ ਕੀਤਾ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਦਵਿੰਦਰਜੀਤ ਸਿੰਘ ਲਾਡੀ ਢੋਸ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪ੍ਰਾਪਰਟੀ ਟੈਕਸ ਦਾ ਮੁੱਦਾ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਪਿਛਲੇ ਸਮੇਂ ਵਿੱਚ ਕੋਵਿਡ ਦੌਰਾਨ ਕਾਫੀ ਲੋਕਾਂ ਦੇ ਪ੍ਰਾਪਰਟੀ ਟੈਕਸ ਪੈਂਡਿੰਗ ਰਹਿ ਗਏ ਸਨ। ਸਰਕਾਰ ਨੇ ਵਨ ਟਾਈਮ ਸੈਟਲਮੈਂਟ ਸਕੀਮ ਵੀ ਲਿਆਂਦੀ ਸੀ। ਉਸ ਦੀ ਬੁਨਿਆਦ ਦੀ ਦਸੰਬਰ ਵਿੱਚ ਖਤਮ ਹੋ ਗਈ। ਇੱਕ ਤਾਂ ਉਸ ਸਕੀਮ ਦੀ ਬੁਨਿਆਦ ਵਧਾਈ ਜਾਵੇ। ਉਸ ਵਿੱਚ ਛੋਟ ਵੀ ਦਿੱਤੀ ਜਾਵੇ। ਮੇਰੇ ਹਲਕੇ ਦੀਆਂ ਤਿੰਨ ਸੜ੍ਹਕਾਂ ਹਨ, ਮੈਂ ਪਿਛਲੀ ਵਾਰ ਵੀ ਤੁਹਾਡੇ ਧਿਆਨ ਵਿੱਚ ਲਿਆਂਦੀਆਂ ਸੀ, ਪੀ.ਡਬਲਿਊ.ਡੀ. ਮੰਤਰੀ ਸਾਹਿਬ ਦੇ ਵੀ ਧਿਆਨ ਵਿੱਚ ਲਿਆਂਦੀਆਂ ਸੀ ਕਿ ਰੌਲੀ-ਕਪੂਰੇ, ਤਲਵੰਡੀ ਭੰਗੇਰੀਆਂ ਇਨ੍ਹਾਂ ਤੇ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ, ਕਿਰਪਾ ਕਰਕੇ ਇਨ੍ਹਾਂ ਤੇ ਕਾਰਵਾਈ ਸ਼ੁਰੂ ਕਰਵਾਈ ਜਾਵੇ।

**1145/Gurpreet kaur/Rajneesh kumar**

**1150/Rajneet Kaur**

**ਸ੍ਰੀ ਨਰਿੰਦਰਪਾਲ ਸਿੰਘ ਸਵਨਾ (ਫਾਜ਼ਿਲਕਾ)** : ਸਪੀਕਰ ਸਾਹਿਬ, ਮੇਰਾ ਹਲਕਾ ਫਾਜ਼ਿਲਕਾ ਬਿਲਕੁਲ ਬਾਰਡਰ ਤੇ ਹੈ। ਆਬਾਦੀ ਬਹੁਤ ਜ਼ਿਆਦਾ ਵਧ ਜਾਣ ਕਾਰਨ, ਸਾਡੇ ਸਦਰ ਥਾਣੇ ਦੇ ਵਿੱਚ ਬਹੁਤ ਜ਼ਿਆਦਾ ਕੇਸ ਹਨ। ਮੰਡੀ ਲਾਧੂਕਾ ਵਿੱਚ ਇੱਕ ਪੁਲਿਸ ਚੌਕੀ ਹੈ, ਇਸ ਦੇ ਨਾਲ ਹੀ ਸਾਡਾ ਹਲਕਾ ਜਲਾਲਾਬਾਦ ਵੀ ਲਗਦਾ ਹੈ, ਇਸ ਵਿੱਚ ਦਰਜਨਾਂ ਪਿੰਡ ਆਉਂਦੇ ਹਨ। ਮੰਡੀ ਲਾਧੂਕਾ, ਬਿਲਕੁਲ ਬਾਰਡਰ ਦੇ ਨਾਲ 5 ਕਿਲੋਮੀਟਰ ਤੇ ਹੈ। ਇਸ ਦੇ ਨਾਲ ਹੀ ਇੱਕ ਗੁਲਾਬਾ ਭੈਣੀ ਹੈ, ਝੰਗੜ ਭੈਣੀ ਹੈ। ਸਤਲੁਜ ਦਰਿਆ ਤੇ ਇੱਕ ਕਰੀਕ ਲੰਘਦੀ ਹੈ, ਇਹ ਸਤਲੁਜ ਦਰਿਆ ਦੀ ਦੂਸਰੀ ਕਰੀਕ ਤੇ ਪੈਂਦੇ ਹਨ। ਇੱਕ ਤਾਂ ਉੱਥੇ ਪੁਲ ਨਹੀਂ ਹੈ, ਦੂਜਾ ਜਿਹੜੀ ਪੁਲਿਸ ਚੌਂਕੀ ਹੈ, ਉਸ ਨੂੰ ਥਾਣਾ ਬਣਾਇਆ ਜਾਵੇ। ਇੱਕ, ਬਾਰਡਰ ਤੇ ਦੁਸ਼ਮਣ ਦੇਸ਼ ਵੱਲੋਂ ਗਲਤ ਹਰਕਤਾਂ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਪਿੱਛੇ ਧੁੰਦਾਂ ਦੇ ਸਮੇਂ ਬਹੁਤ ਜ਼ਿਆਦਾ ਡਰਾਉਣ ਦੀ ਮੂਵਮੈਂਟ ਹੋਈ ਹੈ। ਮੈਂ ਇਸ ਵਾਸਤੇ ਪੰਜਾਬ ਪੁਲਿਸ ਦੀ ਤਾਰੀਫ ਕਰਨੀ ਚਾਹੁੰਦਾ ਹਾਂ ਅਤੇ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਹੁਣ ਤੱਕ ਇਕੱਲਾ ਫਾਜ਼ਿਲਕਾ ਤੋਂ 200 ਕਿੱਲੋ ਹੈਰੋਇਨ ਫੜੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਡੀ ਲਾਧੂਕਾ ਨੂੰ ਥਾਣਾ ਬਣਾਇਆ ਜਾਵੇ। ਇਸ ਦੇ ਨਾਲ ਹੀ ਜਿਹੜੀ ਗੁਲਾਬਾ ਭੈਣੀ ਹੈ, ਝੰਗੜ ਭੈਣੀ ਅਤੇ ਰੇਤੇ ਵਾਲੀ ਭੈਣੀ ਹੈ, ਇਨ੍ਹਾਂ ਪਿੰਡਾਂ ਨੂੰ

ਜੋੜਨ ਲਈ ਸਤਲੁਜ ਦਰਿਆ ਤੇ ਪੈਂਦੇ ਪਿੰਡ ਨੂਰਸ਼ਾਹ ਕੋਲ ਪੁਲ ਬਣਾਇਆ ਜਾਵੇ ਤਾਂ ਕਿ 15-20 ਪਿੰਡਾਂ ਦਾ ਸਹੀ ਤਰੀਕੇ ਨਾਲ ਕੁਨੈਕਟ ਹੋ ਸਕੇ। ਜਿਹੜੀਆਂ ਗਲਤ ਕਾਰਵਾਈਆਂ ਹਨ, ਚਾਹੇ ਸਮੱਗਲਰ ਹਨ, ਚਾਹੇ ਚੋਰ ਹਨ, ਉਨ੍ਹਾਂ ਤੇ ਵੀ ਚੰਗੇ ਤਰੀਕੇ ਦੇ ਨਾਲ ਨੱਥ ਪਾਈ ਜਾ ਸਕਦੀ ਹੈ। ਬਹੁਤ ਬਹੁਤ ਧੰਨਵਾਦ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਪੀਕਰ ਸਾਹਿਬ, ਅੱਜ ਪੰਜਾਬ ਦੇ ਜ਼ਿਮੀਂਦਾਰਾਂ ਦੇ ਦੋ ਵੱਡੇ ਮਸਲੇ ਹਨ, ਇੱਕ ਪਾਣੀ ਦਾ ਲੈਵਲ ਸਾਲ ਬਰ ਸਾਲ ਥੱਲੇ ਜਾ ਰਿਹਾ ਹੈ। ਸਾਨੂੰ ਇਸ ਤੇ ਸੋਚਣ ਦੀ ਲੋੜ ਹੈ। ਦੂਜਾ, ਐਗਰੀਕਲਚਰ ਡਾਇਵਰਸੀਫਿਕੇਸ਼ਨ ਹਰੇਕ ਸਰਕਾਰ ਦਾ ਮੇਨ ਫੋਕਸ ਰਿਹਾ ਹੈ, ਪੰਜਾਬ ਦੇ ਲੋਕਾਂ ਦਾ ਵੀ ਅਤੇ ਜਿਹੜੇ ਸਦਨ ਵਿੱਚ ਮੈਂਬਰ ਬੈਠੇ ਹਨ, ਉਨ੍ਹਾਂ ਦਾ ਵੀ ਮੇਨ ਫੋਕਸ ਰਿਹਾ ਹੈ। ਮੈਂ ਤੁਹਾਡੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਅਗਲੇ ਦੋ ਸਾਲਾਂ ਵਿੱਚ ਪੰਜਾਬ ਦਾ ਕਰਾਪਿੰਗ ਪੈਟਰਨ ਬਹੁਤ ਤੇਜ਼ੀ ਨਾਲ ਬਦਲਣਾ ਹੈ, ਇਹ ਸਾਡੇ ਤੋਂ ਕੰਟਰੋਲ ਨਹੀਂ ਹੋਣਾ। ਇਸ ਦਾ ਨੁਕਸਾਨ ਪੰਜਾਬ ਨੂੰ ਅਤੇ ਪੰਜਾਬ ਦੇ ਪਾਣੀ ਨੂੰ ਹੋਣਾ ਹੈ। ਇਹ ਪੈਟਰਨ ਕਿਵੇਂ ਬਦਲਣਾ ਹੈ? ਸਰਕਾਰ ਨੇ ਮੱਕੀ ਦਾ ਭਾਅ 2100 ਰੁਪਏ ਐਮ.ਐਸ.ਪੀ. ਫਿਕਸ ਕਰ ਦਿੱਤਾ ਹੈ। ਕਣਕ 20 ਕੁਇੰਟਲ ਨਿਕਲਦੀ ਹੈ, ਇਸ ਦੀ ਵੀ 2200 ਦੇ ਹਿਸਾਬ ਨਾਲ 44-45 ਹਜ਼ਾਰ ਰੁਪਏ ਆਮਦਨ ਬਣਦੀ ਹੈ। ਜਿਹੜਾ ਬੰਦਾ ਫਰਵਰੀ ਵਿੱਚ ਮੱਕੀ ਬੀਜੇਗਾ, ਇਸ ਨਾਲ ਪਾਣੀ ਦਾ ਲੈਵਲ ਜ਼ਰੂਰ ਡਾਊਨ ਜਾਣਾ ਹੈ ਪਰੰਤੂ ਉਸ ਦੀ ਆਮਦਨ 70 ਹਜ਼ਾਰ ਤੇ ਚਲੀ ਜਾਣੀ ਹੈ। ਇਸ ਨਾਲ ਪੰਜਾਬ ਦਾ ਕਿਸਾਨ ਰੋਕਿਆ ਨਹੀਂ ਜਾਣਾ, ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਣਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਸਦਨ 15 ਦਿਨ ਲਈ ਰੱਖਿਆ ਹੈ। ਜਿਹੜਾ ਸਾਡਾ ਪਾਣੀ ਦਾ ਲੈਵਲ ਡਾਊਨ ਜਾ ਰਿਹਾ ਹੈ, ਇਸ ਤੇ ਦੋ ਘੰਟੇ ਲਈ ਬਹਿਸ ਰੱਖੀ ਜਾਵੇ ਔਰ ਜਿਹੜਾ ਅਸੀਂ ਕਰਾਪ ਡਾਇਵਰਸੀਫਿਕੇਸ਼ਨ ਚਾਹੁੰਦੇ ਹਾਂ ਉਸ ਤੇ ਵੀ ਦੋ ਘੰਟੇ ਲਈ ਬਹਿਸ ਰੱਖੀ ਜਾਵੇ। ਦੋ ਸਾਲਾਂ ਤੱਕ ਪੰਜਾਬ ਦਾ ਕਰਾਪਿੰਗ ਪੈਟਰਨ ਚੇਂਜ ਹੋਣਾ ਹੈ, ਉਸ ਨੂੰ ਅਸੀਂ ਚੇਂਜ ਕਰ ਸਕਦੇ ਹਾਂ। ਮੇਰੇ ਦਿਮਾਗ ਵਿੱਚ ਇਹੋ ਜਿਹਾ ਪਲੈਨ ਹੈ, ਜਿਸ ਨਾਲ ਜ਼ਿੰਮੀਦਾਰ ਮੱਕੀ ਵੀ ਬੀਜ ਸਕਦਾ ਹੈ ਅਤੇ ਨਾਲ ਹੀ ਪੰਜਾਬ ਦੇ ਪਾਣੀ ਦਾ ਲੈਵਲ ਵੀ ਡਾਊਨ ਨਾ ਹੋਵੇ। ਸਰ, ਹੁਣ ਝੋਨੇ ਦੀ ਫਸਲ ਦਾ ਸੀਜ਼ਨ ਆਉਣ ਵਾਲਾ ਹੈ, ਜਿਵੇਂ ਸਰਕਾਰ ਚਾਹੁੰਦੀ ਹੈ ਕਿ ਝੋਨੇ ਬਦਲੇ ਮੱਕੀ ਲਗਾਵੇ, ਉਹ ਇਸ ਕਰਕੇ ਨਹੀਂ ਹੋ ਸਕਦਾ ਕਿ ਮੱਕੀ ਦਾ ਝਾੜ ਸਿਰਫ 22 ਕੁਇੰਟਲ ਆਉਂਦਾ ਹੈ, ਇਸ ਨਾਲ 44-45 ਹਜ਼ਾਰ ਰੁਪਏ ਦੀ ਮੱਕੀ ਨਿਕਲਣੀ ਹੈ ਔਰ 80 ਹਜ਼ਾਰ ਰੁਪਏ ਦਾ ਝੋਨਾ ਨਿਕਲਦਾ ਹੈ। ਇਸ ਤਰ੍ਹਾਂ ਫਾਰਮਰ ਨੇ ਕਦੇ ਚੇਂਜ ਨਹੀਂ ਹੋਣਾ। ਜੇਕਰ ਮੱਕੀ ਰੋਕਣੀ ਹੈ ਤਾਂ ਕਣਕ ਦਾ ਭਾਅ 3000 ਰੁਪਏ ਰੱਖਣਾ ਪਊਗਾ। ਫਰਵਰੀ ਦੀ ਮੱਕੀ ਨਾਲ ਪੰਜਾਬ ਦੇ ਕਿਸਾਨ ਦਾ ਬਰੀਕ ਇਵਨ ਆਏਗਾ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਫਾਈਨਾਂਸ ਮਨਿਸਟਰ ਸਾਹਿਬ ਚਲੇ ਗਏ ਹਨ ਪਰੰਤੂ ਫੂਡ ਸਪਲਾਈਜ਼ ਮਨਿਸਟਰ ਬੈਠੇ ਹਨ। ਸਪੀਕਰ ਸਾਹਿਬ, ਪੰਜਾਬ ਵਿੱਚ 40 ਲੱਖ 75 ਹਜ਼ਾਰ 750 ਰਾਸ਼ਨ ਕਾਰਡ ਹੋਲਡਰ ਹਨ ਔਰ ਇੱਕ ਕਰੋੜ 56 ਲੱਖ 16 ਹਜ਼ਾਰ 877 ਗਰੀਬ ਸਾਥੀ ਹਨ, ਜਿਨ੍ਹਾਂ ਨੂੰ ਕਾਂਗਰਸ ਦੀ ਸਰਕਾਰ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਦੋ ਰੁਪਏ ਕਿੱਲੋ ਅਨਾਜ ਦਿੱਤਾ ਜਾਂਦਾ ਸੀ।

**1150/Rajneet Kaur/Monika sharma**

**1155/Kuldeep kaur**

ਅੱਜ ਬੜਾ ਦੁੱਖ ਲਗਦਾ ਹੈ ਕਿ ਮੌਜੂਦਾ ਸਰਕਾਰ ਦੇ ਮੰਤਰੀ ਸਾਹਿਬ ਇੱਥੇ ਬੈਠੇ ਹਨ। ਕੋਵਿਡ-19 ਦੇ ਦੌਰਾਨ ਭਾਰਤ ਸਰਕਾਰ ਵੱਲੋਂ ਇਨ੍ਹਾਂ ਰਾਸ਼ਨ ਕਾਰਡ ਹੋਲਡਰ, ਜਿਨ੍ਹਾਂ ਨੂੰ ਸਮਾਰਟ ਕਾਰਡ ਹੋਲਡਰ ਵੀ ਕਿਹਾ ਜਾਂਦਾ ਹੈ, ਨੀਲਾ ਕਾਰਡ ਹੋਲਡਰ ਵੀ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਭਾਰਤ ਸਰਕਾਰ ਨੇ ਕੋਵਿਡ-19 ਦੇ ਦੌਰਾਨ ਪਰ ਹੈੱਡ ਕਣਕ ਦੇਣ ਦਾ ਕੰਮ ਸ਼ੁਰੂ ਕੀਤਾ ਹੈ ਜਿਹੜਾ ਕਿ ਉਹ ਕਦੀ ਵੀ ਬੰਦ ਕਰ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਇਨ੍ਹਾਂ ਗਰੀਬਾਂ ਨੂੰ ਇਹ ਸਹੂਲਤ ਦਿੱਤੀ ਜਾਂਦੀ ਸੀ, ਉਹ ਹੁਣ ਬੰਦ ਕਰ ਦਿੱਤੀ ਗਈ ਹੈ। ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਜਿਹੜੇ ਗਰੀਬ ਪਰਿਵਾਰ ਹਨ, ਜਿਨ੍ਹਾਂ ਨੂੰ ਇਹ ਸਰਕਾਰੀ ਸਹੂਲਤ ਮਿਲਦੀ ਸੀ, ਸਰਕਾਰ ਦੇ ਖਜ਼ਾਨਾ ਮੰਤਰੀ ਸਾਹਿਬ ਨੇ ਇਨ੍ਹਾਂ ਬਾਰੇ ਬਜਟ ਸਪੀਚ ਵਿੱਚ ਕੁਝ ਨਹੀਂ ਕਿਹਾ। ਕੱਲ੍ਹ ਵੀ ਅਸੀਂ ਇਹ ਸਵਾਲ ਪੁੱਛਣਾ ਚਾਹੁੰਦੇ ਸੀ ਪਰ ਅਨਫਾਰਚੁਨੇਟਲੀ ਅਸੀਂ ਉਸ ਡਿਬੇਟ ਦਾ ਹਿੱਸਾ ਨਹੀਂ ਬਣ ਸਕੇ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਜਲਦ ਤੋਂ ਜਲਦ ਸਰਕਾਰ ਇਨ੍ਹਾਂ ਗਰੀਬਾਂ ਨੂੰ ਇਨ੍ਹਾਂ ਦਾ ਬਣਦਾ ਹੱਕ ਦੇਵੇ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)**: ਧੰਨਵਾਦ ਸਪੀਕਰ ਸਾਹਿਬ, ਮੈਂ ਮਾਣਯੋਗ ਬਿਜਲੀ ਮੰਤਰੀ ਸਾਹਿਬ ਦਾ ਧਿਆਨ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ ਵਿੱਚ ਕੰਮ ਕਰਦੇ ਆਊਟਸੋਰਿਸਿੰਗ ਕੱਚੇ ਕਾਮਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਕਾਮਿਆਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ। ਤਕਰੀਬਨ 25 ਸਾਲ ਤੋਂ ਬੰਧੂਆ ਮਜ਼ਦੂਰਾਂ ਦੀ ਤਰ੍ਹਾਂ ਉਹ ਕਾਮੇ ਕੰਮ ਕਰ ਰਹੇ ਹਨ। ਹੁਣ ਕਿਉਂਕਿ ਤੁਸੀਂ ਥਰਮਲ ਪਲਾਂਟ ਦੀ ਸਥਿਤੀ ਵਿੱਚ ਵੱਡੇ ਸੁਧਾਰ ਕੀਤੇ ਹਨ, ਬਿਜਲੀ ਦੀ ਪੈਦਾਵਾਰ ਦੁੱਗਣੀ ਕੀਤੀ ਹੈ। ਇਸ ਲਈ ਉਨ੍ਹਾਂ ਕਾਮਿਆਂ ਵੱਲ ਵੀ ਧਿਆਨ ਦੇਵੋ। ਉਨ੍ਹਾਂ ਦੀ ਤਨਖਾਹ ਵਿੱਚ ਵੀ ਸਮੇਂ ਦੇ ਮੁਤਾਬਕ ਵਾਧਾ ਹੋਣਾ ਚਾਹੀਦਾ ਹੈ ਤੇ ਦੂਜਾ ਮਾਣਯੋਗ ਲੋਕ ਨਿਰਮਾਣ ਮੰਤਰੀ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਰੋਪੜ

ਵਿਧਾਨ ਸਭਾ ਹਲਕੇ ਵਿੱਚ ਮੁੱਖ ਸੜਕਾਂ ਦੀ ਚੌੜਾਈ ਕਰੀਬ 6 ਮੀਟਰ ਤੱਕ ਵੀ ਹੈ, ਉਨ੍ਹਾਂ ਤੇ ਟਰੈਫਿਕ ਵੀ ਬਹੁਤ ਜ਼ਿਆਦਾ ਹੈ ਪਰ ਫਿਰ ਵੀ ਉਹ ਪਲੈਨਡ ਰੋਡ ਡਿਕਲੇਅਰ ਨਹੀਂ ਹੈ। ਪਲੈਨਡ ਰੋਡ ਡਿਕਲੇਅਰ ਨਾ ਹੋਣ ਕਾਰਨ ਉਨ੍ਹਾਂ ਦੀ ਮੁਰੰਮਤ ਲਈ ਫੰਡ ਨਹੀਂ ਮਿਲਦਾ ਹੈ। ਇਨ੍ਹਾਂ ਸੜਕਾਂ ਵਿੱਚ ਮੁੱਖ ਤੌਰ ਤੇ ਸੰਤ ਭੂਰੀ ਵਾਲੇ ਮਾਰਗ, ਟਿੱਬਾ ਟੱਪਰੀਆਂ ਤੋਂ ਖਾਨਪੁਰ ਖੂਹੀ, ਨੂਰਪੁਰ ਬੇਦੀ ਤੋਂ ਬੁੰਗਾ ਸਾਹਿਬ, ਹੈੱਡ ਵਰਕਸ ਰੋਪੜ ਤੋਂ ਆਈ.ਆਈ.ਟੀ. ਰੋਡ, NH 205 ਤੋਂ ਲੋਹਗੜ੍ਹ ਫਿੱਡੇ, ਕੁਲਾਰ ਰੱਤੇਵਾਲ ਟਿੱਬਾ ਨੰਗਲ ਤੋਂ ਬੁੰਗਾ ਸਾਹਿਬ, NH 205 ਤੋਂ ਪੁਰਖਾਲੀ ਬਿੰਦਰਖ ਅਤੇ ਰੋਪੜ ਤੋਂ ਲੋਧੀਮਾਜਰਾ ਸੜਕਾਂ ਤੇ ਬਹੁਤ ਜ਼ਿਆਦਾ ਟਰੈਫਿਕ ਹੈ। ਹਰ ਸਾਲ ਇਹ ਸੜਕਾਂ ਟੁੱਟ ਜਾਂਦੀਆਂ ਹਨ ਪਰ ਫਿਰ ਵੀ ਇਹ ਪਲੈਨਡ ਰੋਡ ਡਿਕਲੇਅਰ ਨਹੀਂ ਹਨ। ਮਹਿਕਮੇ ਦੀ ਪਰਪੋਜ਼ਲ ਬਣਾ ਕੇ ਵੀ ਤੁਹਾਨੂੰ ਭੇਜੀ ਗਈ ਹੈ। ਇਨ੍ਹਾਂ ਸੜਕਾਂ ਦੀ ਬੁਰੀ ਹਾਲਤ ਹੈ। ਇਨ੍ਹਾਂ ਸੜਕਾਂ ਨੂੰ ਪਲੈਨਡ ਰੋਡ ਡਿਕਲੇਅਰ ਕਰਕੇ ਇਨ੍ਹਾਂ ਨੂੰ ਫੰਡ ਦਿੱਤਾ ਜਾਵੇ। ਜੇਕਰ ਇਹ ਸੜਕਾਂ ਪਲੈਨਡ ਰੋਡ ਡਿਕਲੇਅਰ ਹੋ ਗਈਆਂ ਤਾਂ ਹਰ ਸਾਲ ਇਨ੍ਹਾਂ ਸੜਕਾਂ ਲਈ ਫੰਡ ਮਿਲ ਜਾਇਆ ਕਰੇਗਾ। ਇਸ ਦੇ ਨਾਲ ਹੀ ਮੈਂ ਮਾਣਯੋਗ ਸਥਾਨਕ ਸਰਕਾਰਾਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਰੋਪੜ ਸ਼ਹਿਰ ਦੀਆਂ ਸੜਕਾਂ ਦੀ ਹਾਲਤ ਮਾੜੀ ਹੈ। ਉਨ੍ਹਾਂ ਦੀ ਮੁਰੰਮਤ ਲਈ ਵੀ ਫੰਡ ਦੀ ਲੋੜ ਹੈ। ਉਨ੍ਹਾਂ ਦੀ ਮੁਰੰਮਤ ਲਈ ਫੰਡ ਜਾਰੀ ਕੀਤਾ ਜਾਵੇ। ਧੰਨਵਾਦ ਜੀ।

**ਸ੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ):** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ ਪਿਛਲੇ ਦਿਨੀਂ ਤੁਹਾਡੀ ਸਰਕਾਰ ਤੁਹਾਡੇ ਦੁਆਰ ਦੇ ਤਹਿਤ ਬਹੁਤ ਵੱਡੀ ਸਹੂਲਤ ਪੰਜਾਬ ਦੇ ਲੋਕਾਂ ਨੂੰ ਦਿੱਤੀ ਗਈ ਹੈ। ਮੈਂ ਕਰੀਬ 65 ਕੈਂਪ ਅਟੈਂਡ ਕੀਤੇ। ਇਨ੍ਹਾਂ ਕੈਂਪਾਂ ਦੇ ਵਿੱਚ ਦੋ ਗੱਲਾਂ ਅਜਿਹੀਆਂ ਆਈਆਂ, ਜਿਨ੍ਹਾਂ ਦਾ ਨਿਵਾਰਨ ਨਹੀਂ ਹੋ ਸਕਿਆ। ਸਰ, ਇੱਕ ਬਹੁਤ ਬਜ਼ੁਰਗ ਲੋਕ ਜਿਨ੍ਹਾਂ ਦੀ ਆਧਾਰ ਕਾਰਡ ਵਿੱਚ ਉਮਰ ਕੁਝ ਹੋਰ ਹੈ ਅਤੇ ਵੋਟਰ ਕਾਰਡ ਵਿੱਚ ਉਮਰ ਕੁਝ ਹੋਰ ਹੈ। ਅਜਿਹੇ ਬਜ਼ੁਰਗ ਹਰ ਕੈਂਪ ਵਿੱਚ ਮਿਲੇ। ਮੈਂ ਸਮਝਦਾ ਹਾਂ ਕਿ ਇਹ ਪ੍ਰਾਬਲਮ ਪੰਜਾਬ ਦੇ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਆਈ ਹੋਵੇਗੀ। ਇਸ ਦੇ ਨਿਵਾਰਨ ਲਈ ਜਦੋਂ ਬੀ.ਐਲ.ਓ. ਨਾਲ ਗੱਲ ਕੀਤੀ ਤਾਂ ਬੀ.ਐਲ.ਓ. ਨੇ ਨੋਟ ਕਰਕੇ ਜਦੋਂ ਉਨ੍ਹਾਂ ਦੀ ਪੈਨਸ਼ਨ ਲਈ ਫੀਡ ਕੀਤਾ ਤਾਂ ਉਹ ਰਿਜੈਕਟ ਹੋ ਗਈਆਂ। ਸਰ, ਇਹ ਬਹੁਤ ਵੱਡੀ ਪ੍ਰਾਬਲਮ ਹੈ। ਸੋ, ਸਬੰਧਿਤ ਮੰਤਰੀ ਇਸ ਵੱਲ ਧਿਆਨ ਦੇਣ ਕਿਉਂਕਿ ਕਿਹਾ ਜਾਂਦਾ ਹੈ ਕਿ ਜਾਂ ਤਾਂ 10ਵੀਂ ਜਮਾਤ ਦਾ ਸਰਟੀਫਿਕੇਟ ਲੈ ਕੇ ਆਵੋ ਜਾਂ ਕੋਈ ਬਰਥ ਸਰਟੀਫਿਕੇਟ ਲੈ ਕੇ ਆਵੋ ਜਾਂ ਫਿਰ ਡਾਕਟਰ ਤੋਂ ਰਿਪੋਰਟ ਲੈ ਕੇ ਆਵੋ। ਅਨਪੜ੍ਹਤਾ ਕਾਰਨ ਇਹ ਤਿੰਨੋਂ ਗੱਲਾਂ ਪਾਸੀਬਲ ਨਹੀਂ ਹਨ। ਸੋ, ਸਰ, ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਬੇਸ਼ੱਕ ਕੈਬਨਿਟ ਦੀ ਮੀਟਿੰਗ ਵਿੱਚ ਇਸ ਚੀਜ਼ ਦਾ ਨਿਵਾਰਨ ਕੀਤਾ ਜਾਵੇ। ਸਰ, ਦੂਜੀ ਪ੍ਰਾਬਲਮ ਇਹ ਆਈ ਕਿ ਮੇਰਾ ਹਲਕੇ ਵਿੱਚ ਖਨੌਰੀ ਮੰਡੀ ਪੈਂਦੀ ਹੈ, ਇਸ ਦੇ ਆਲੇ-ਦੁਆਲੇ 26 ਪਿੰਡ ਹਨ।

**1155/Kuldeep kaur/Monika sharma**

**1200/Pawan sharma**

ਸਰ, ਉੱਥੇ ਕੋਈ ਕਾਲਜ ਨਹੀਂ ਹੈ ਅਤੇ ਬੱਚਿਆਂ ਨੂੰ ਪੜ੍ਹਨ ਲਈ ਪਟਿਆਲੇ ਜਾਣਾ ਪੈਂਦਾ ਹੈ ਪਰ ਸ਼ਰਤ ਇਹ ਰੱਖੀ ਗਈ ਹੈ ਕਿ 60 ਕਿੱਲੋਮੀਟਰ ਤੱਕ ਬੱਸ ਦਾ ਪਾਸ ਬਣ ਸਕਦਾ ਹੈ, ਉਸ ਤੋਂ ਵੱਧ ਦਾ ਪਾਸ ਨਹੀਂ ਬਣ ਸਕਦਾ। ਖਨੌਰੀ ਏਰੀਏ ਤੋਂ ਲੈ ਕੇ ਪਟਿਆਲਾ ਤੱਕ 80 ਕਿੱਲੋਮੀਟਰ ਪੈਂਦਾ ਹੈ ਪਰ ਪਾਸ 60 ਕਿੱਲੋਮੀਟਰ ਦਾ ਹੀ ਬਣਦਾ ਹੈ। ਉੱਥੇ ਬੱਚਿਆਂ ਨੂੰ ਆਪਣੇ ਰਿਸ਼ਤੇਦਾਰਾਂ ਦੇ ਹਲਫੀਆ ਬਿਆਨ ਦੇ ਕੇ ਉਹ 60 ਕਿੱਲੋਮੀਟਰ ਦਾ ਪਾਸ ਬਣਵਾਉਂਦੇ ਹਨ ਅਤੇ ਉਸ ਤੋਂ ਬਾਅਦ ਟਿਕਟ ਲੈ ਕੇ ਆਪਣੇ ਘਰਾਂ ਨੂੰ ਜਾਂਦੇ ਹਨ। ਸੋ, ਸਬੰਧਿਤ ਟਰਾਂਸਪੋਰਟ ਮੰਤਰੀ ਸਾਹਿਬ ਬੈਠੇ ਨਹੀਂ ਹਨ। ਇਸ ਗੱਲ ਵੱਲ ਵੀ ਤੁਰੰਤ ਧਿਆਨ ਦੇ ਕੇ ਜਿੱਥੋਂ ਬੱਚਾ ਜਾਂਦਾ ਹੈ ਅਤੇ ਕਿਹੜੇ ਕਾਲਜ ਜਾਂਦਾ ਹੈ ਤੱਕ ਦਾ destination fix ਕਰਨਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਰਮਨ ਅਰੋੜਾ ਜੀ।

**ਸ੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ):** ਧੰਨਵਾਦ ਸਪੀਕਰ ਸਾਹਿਬ। ਜਿਸ ਤਰ੍ਹਾਂ ਕਿ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਵਿੱਚ ਅਰੋੜਾ/ਖੱਤਰੀ ਸਮਾਜ ਦੀ ਤਰਕੀਬਨ 30 ਪ੍ਰਤੀਸ਼ਤ ਅਬਾਦੀ ਵਿੱਚੋਂ ਜ਼ਿਆਦਾਤਰ ਲੋਕ ਵ੍ਯਵਸਾਯ ਕਰਦੇ ਹਨ ਅਤੇ ਸਰਕਾਰ ਨੂੰ ਚੰਗੀ ਆਮਦਨ ਦਿੰਦੇ ਹਨ ਪਰ ਕੁਝ ਲੋਕ ਐਸੇ ਵੀ ਹਨ, ਜਿਹੜੇ ਆਰਥਿਕ ਰੂਪ ਵਿੱਚ ਕਮਜ਼ੋਰ ਹਨ ਪਰ ਅੱਜ ਤੱਕ ਉਨ੍ਹਾਂ ਗਰੀਬ ਲੋਕਾਂ ਵਾਸਤੇ ਕਦੇ ਕੋਈ ਭਵਨ ਜਾਂ ਧਰਮਸ਼ਾਲਾ ਨਹੀਂ ਬਣਾਈ ਗਈ ਤਾਂ ਕਿ ਉਹ ਆਪਣੇ ਬੱਚਿਆਂ ਦੇ ਵਿਆਹਾਂ ਵਾਸਤੇ, ਦੁੱਖ-ਸੁੱਖ ਵਾਸਤੇ ਉਨ੍ਹਾਂ ਦੀ ਵਰਤੋਂ ਕਰ ਸਕਣ। ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਕੋਈ ਨਾ ਕੋਈ ਜਗ੍ਹਾ ਸਾਡੇ ਜਲੰਧਰ ਹਲਕੇ ਵਿੱਚ ਜ਼ਰੂਰ ਬਣਾ ਦਿੱਤੀ ਜਾਵੇ, ਜਿਨ੍ਹਾਂ ਨਾਲ ਉਨ੍ਹਾਂ ਪਰਿਵਾਰਾਂ ਦੇ ਲੋਕ ਉਸ ਚੀਜ਼ ਦਾ ਫਾਇਦਾ ਉਠਾ ਸਕਣ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਰਦਾਰ ਰੁਪਿੰਦਰ ਸਿੰਘ ਹੈਪੀ ਜੀ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.)**: ਸਪੀਕਰ ਸਾਹਿਬ, ਮੈਂ ਇੱਕ ਮਸਲੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਜੋ ਕਿ ਪੰਜਾਬ ਦਾ ਮਸਲਾ ਹੈ। ਇੱਥੇ ਸਾਰਿਆਂ ਨੇ ਹਰ ਖਿੱਤੇ ਦੀ ਗੱਲ ਕੀਤੀ ਹੈ। ਮੈਂ ਪਾਣੀ ਤੇ ਗੱਲ ਕਰਾਂਗਾ ਕਿਉਂਕਿ ਇਸ ਵਕਤ ਪਿੰਡਾਂ ਦੇ ਜ਼ਿਆਦਾ ਪਰਿਵਾਰ ਗੰਦੇ ਪਾਣੀ ਦੀ ਮਾਰ ਹੇਠ ਹਨ। ਇਹ ਗੱਲ ਪਿੰਡਾਂ ਵਿੱਚ ਦੇਖਣ ਨੂੰ ਸਾਹਮਣੇ ਆਈ ਕਿ ਪਿੰਡਾਂ ਵਿੱਚ ਜਿਹੜੇ ਛੱਪੜ, ਟੋਭੇ ਪਾਣੀ ਨੂੰ consume ਕਰਦੇ ਸੀ, ਪੁਰਾਣੇ ਸਮਿਆਂ ਦੌਰਾਨ ਲੋਕਾਂ ਨੇ ਦੱਬ ਲਏ ਹਨ। ਅੱਜ ਨਾਲੀਆਂ, ਟੋਭੇ ਤੋਂ ਬਿਨਾਂ ਪਿੰਡਾਂ ਵਿੱਚ ਕੋਈ ਗੱਲ ਨਹੀਂ ਕੀਤੀ ਜਾਂਦੀ। ਜਦੋਂ ਵੀ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਸਾਨੂੰ ਲੋਕ ਨਾਲੀਆਂ, ਟੋਭਿਆਂ ਆਦਿ ਦੀਆਂ ਵੀਡੀਓ ਦਿਖਾਉਂਦੇ ਹਨ ਅਤੇ ਸਾਨੂੰ ਘਰਾਂ ਨੂੰ ਜਾਣ ਵਾਲੇ ਗੰਦੇ ਪਾਣੀ ਦੀ ਬਦਤਰ ਹਾਲਤ ਬਾਰੇ ਦੱਸਿਆ ਜਾਂਦਾ ਹੈ।

ਪਹਿਲੇ ਇਹ ਜਿਹੜੇ ਪਾਣੀ ਦੇ ਪ੍ਰਵਾਹ ਰੋਕੇ ਗਏ ਸਨ, ਜਿਵੇਂ ਪੁਲੀਆਂ, ਸਾਈਫਨਾਂ ਨੂੰ ਬੰਦ ਕੀਤਾ ਗਿਆ, ਟੋਭਿਆਂ ਤੇ ਕਬਜ਼ੇ ਕੀਤੇ ਗਏ, ਸੋ ਇਨ੍ਹਾਂ ਦੇ ਨਾਲ ਬਿਮਾਰੀਆਂ ਨੂੰ ਵੀ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਲੋਕਾਂ ਦਾ ਜੀਵਨ ਪੱਧਰ ਬਹੁਤ ਨੀਵਾਂ ਚਲਿਆ ਗਿਆ ਹੈ। ਸਰ, ਇਸ ਮੁੱਦੇ ਦਾ ਹੱਲ ਕੀਤਾ ਜਾਵੇ ਕਿਉਂਕਿ ਆਪਾਂ ਬਹੁਤ ਵੱਡੀਆਂ ਵੱਡੀਆਂ ਕੋਸ਼ਿਸ਼ਾਂ ਕਰ ਰਹੇ ਹਾਂ ਅਤੇ ਵੱਡੇ ਵੱਡੇ ਕੰਮ ਵੀ ਕਰ ਰਹੇ ਹਾਂ ਪਰ ਇਹ ਇੱਕ ਇਸ ਤਰ੍ਹਾਂ ਦਾ ਕੰਮ ਹੈ, ਜਿਹੜਾ ਅਣਗੌਲਿਆ ਕੀਤਾ ਗਿਆ ਹੈ। ਪਰ ਜਿੰਨੇ ਵੀ ਇੱਥੇ ਸਾਡੇ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਤਕਰੀਬਨ ਇਹ ਸਾਰਿਆਂ ਨੂੰ ਦਿੱਕਤ ਪੇਸ਼ ਆਉਂਦੀ ਹੋਵੇਗੀ ਕਿਉਂਕਿ ਪਾਣੀ ਦੀ ਨਿਕਾਸੀ ਦੀ ਬਹੁਤ ਵੱਡੀ ਪ੍ਰਾਬਲਮ ਹੈ। ਸੋ, ਇਸ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ। ਮੇਰੇ ਹਲਕੇ ਖਰੜ ਵਿੱਚੋਂ ਸੀਵਰਜ਼ ਦਾ ਗੰਦਾ ਪਾਣੀ ਹੋ ਕੇ ਜਾਂਦਾ ਹੈ। ਤਕਰੀਬਨ ਸਾਡੇ 40-45 ਪਿੰਡ ਉਸ ਪਾਣੀ ਦੀ ਮਾਰ ਹੇਠ ਹਨ। ਜਿਹੜਾ ਬੰਨ੍ਹ ਲਗਾਇਆ ਗਿਆ ਹੈ, ਜੇਕਰ ਉਹ ਟੁੱਟ ਜਾਂਦਾ ਹੈ ਤਾਂ ਮੇਰੇ ਜਿਹੜੇ 40-45 ਪਿੰਡ ਹਨ, ਉਨ੍ਹਾਂ ਦੀ ਹੜ੍ਹ ਵਰਗੀ ਸਥਿਤੀ ਹੋ ਜਾਵੇਗੀ। ਸੋ, ਮੇਰੀ ਬੇਨਤੀ ਹੈ ਕਿ ਜਿਹੜੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਪ੍ਰਾਬਲਮ ਹੈ ਜਾਂ ਪੁਲੀਆਂ/ਸਾਈਫਨਾਂ ਬੰਦ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਖੋਲ੍ਹਿਆ ਜਾਵੇ ਤਾਂ ਜੋ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ। ਧੰਨਵਾਦ ਜੀ।

(ਇਸ ਸਮੇਂ ਸ੍ਰੀ ਬ੍ਰਮ ਸ਼ੰਕਰ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਜਿੰਪਾ ਜੀ, ਜ਼ੀਰੋ ਆਵਰ ਵਿੱਚ ਜਵਾਬ ਦੇਣਾ ਕੋਈ ਲਾਜ਼ਮੀ ਨਹੀਂ ਹੁੰਦਾ।

**ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ (ਸ੍ਰੀ ਬ੍ਰਮ ਸ਼ੰਕਰ)**: ਸਰ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਪਹਿਲੀ ਵਾਰ ਬੋਲਣ ਦਾ ਮੌਕਾ ਦਿੱਤਾ ਹੈ।

**ਮਾਣਯੋਗ ਸਪੀਕਰ**: ਬੈਠ ਜਾਓ ਜੀ, ਮੰਤਰੀ ਨੇ ਨਹੀਂ ਬੋਲਣਾ। ਬੈਠੋ, ਬੈਠੋ। ਜੇ ਤੁਸੀਂ ਵੈਸੇ ਹੀ ਗੱਲ ਕਰਨੀ ਹੈ ਤਾਂ ਕਰ ਲਓ।

**ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ**: ਮਹਾ-ਸ਼ਿਵਰਾਤਰੀ ਦਾ ਮਹੋਤਸਵ ਹੈ ਜੀ, ਸੋ ਇਹ ਸਾਰਿਆਂ ਦਾ ਸਾਂਝਾ ਤਿਉਹਾਰ ਹੈ। ਉਸ ਸਬੰਧੀ ਅੱਜ ਬਹੁਤ ਸਾਰੀਆਂ ਸ਼ੋਭਾ ਯਾਤਰਾਵਾਂ ਹਨ, ਮੈਂ ਸਾਰੇ ਹੀ ਮਾਨਵਤਾ ਦੇ ਪੁਜਾਰੀਆਂ ਨੂੰ ਸਦਨ ਵੱਲੋਂ ਮੁਬਾਰਕਬਾਦ ਦਿੰਦਾ ਹਾਂ(ਥੰਪਿੰਗ)। ਦੂਜੀ ਗੱਲ ਇਹ ਹੈ ਕਿ ਸ਼ੀਤਲ ਅੰਗੁਰਾਲ ਜੀ ਨੇ ਜਿਵੇਂ ਕਿਹਾ ਹੈ ਕਿ ਜਿਹੜਾ ਆਦਮਪੁਰ ਦਾ ਹਵਾਈ ਅੱਡਾ ਹੈ, ਉਸ ਦਾ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂਅ ਉੱਤੇ ਰੱਖਿਆ ਜਾਵੇ, ਕਿਉਂਕਿ ਸਾਰਾ ਭਾਈਚਾਰਾ ਅਤੇ ਅਸੀਂ ਵੀ ਅਜਿਹਾ ਹੀ ਚਾਹੁੰਦੇ ਹਨ । ਅਸੀਂ ਚਾਹੁੰਦੇ ਹਾਂ ਕਿ ਉਸ ਹਵਾਈ

ਅੱਡੇ ਦਾ ਨਾਂਅ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂਅ ਉੱਤੇ ਰੱਖਣ ਸਬੰਧੀ ਸਦਨ ਵੱਲੋਂ ਨਾਂਅ ਜਾਵੇ (ਥੰਪਿੰਗ)। ਮੈਂ ਵੀ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**1200/Pawan sharma/Shubham jain**

**1205/Jaspal Singh**

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)** : ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਸਮਾਂ ਦਿੱਤਾ ਹੈ। ਮੈਂ ਤੁਹਾਡੇ ਮਾਰਫਤ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰ, ਇਸ ਦੁਨੀਆਂ ਵਿੱਚ ਸਿਰਫ ਇੱਕ ਪਰਸੈਂਟ ਜਿਹੜਾ ਵਹੀਕਲ ਹੈ, ਉਹ ਹਿੰਦੁਸਤਾਨ ਵਿਚ ਹੈ ਲੇਕਿਨ 10 ਪ੍ਰਤੀਸ਼ਤ ਜਿਹੜੀਆਂ ਵਹੀਕਲਜ਼ ਨਾਲ,ਟਰੈਫਿਕ ਨਾਲ ਮੌਤਾਂ ਹੁੰਦੀਆਂ ਹਨ ਉਸ ਦਾ ਦਸ ਪ੍ਰਤੀਸ਼ਤ ਪੂਰੀ ਦੁਨੀਆ ਦੇ ਵਿੱਚ ਹਿੰਦੁਸਤਾਨ ਵਿਚ ਹੁੰਦਾ ਹੈ। ਸਰ, 2020 ਵਿੱਚ 52,000 ਪੰਜਾਬ ਵਿੱਚ ਮੌਤਾਂ ਹੋਈਆਂ ਹਨ ਜਾਂ ਐਕਸੀਡੈਂਟ ਹੋਏ ਹਨ, 2021 ਵਿਚ 58,700 ਤੇ 2022 ਵਿਚ 61,400 ਹੋਈਆਂ। ਸਪੀਕਰ ਸਾਹਿਬ, ਮੇਰੀ ਤੁਹਾਡੇ ਮਾਰਫਤ ਟਰਾਂਸਪੋਰਟ ਮੰਤਰੀ ਸਾਹਿਬ ਤੇ ਖਾਸ ਤੌਰ ਤੇ ਐਜੂਕੇਸ਼ਨ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਟਰੈਫਿਕ...

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ੍ਰੀ ਅਮਨ ਅਰੋੜਾ) (ਬੈਠੇ-ਬੈਠੇ) :** ਕੀ ਤੁਸੀਂ ਇਹ ਪੰਜਾਬ ਦੀ ਫਿਗਰ ਦੇ ਰਹੇ ਹੋ?

**ਸ੍ਰੀ ਅਵਤਾਰ ਸਿੰਘ ਜੂਨੀਅਰ**: ਪੰਜਾਬ ਦੀ।

**ਪ੍ਰਸ਼ਾਸਕੀ ਸੁਧਾਰ ਮੰਤਰੀ (ਬੈਠੇ-ਬੈਠੇ) :** ਪਲੀਜ਼ ਤੁਸੀਂ ਇਸ ਨੂੰ ਕੁਰੈਕਟ ਕਰ ਲਵੋ। ਸਾਲ ਵਿਚ 4500-5000 ਦੇ ਕਰੀਬ ਹੁੰਦੀਆਂ ਹਨ। ਤੁਸੀਂ ਕੁਰੈਕਟ ਕਰ ਲੈਣਾ। ਪੰਜਾਬ ਵਿੱਚ ਏਨੀਆਂ ਮੌਤਾਂ ਨਹੀਂ ਹੁੰਦੀਆਂ ਜਿੰਨੀਆਂ ਤੁਸੀਂ ਕਹਿ ਰਹੇ ਹੋ। ਤੁਸੀਂ ਕੁਰੈਕਟ ਕਰ ਲੈਣਾ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਚਲੋ ਪੰਜ ਹਜ਼ਾਰ। ਸਰ, ਇਸ ਬਾਰੇ ਮੇਰੀ ਬੇਨਤੀ ਏਨੀ ਹੈ ਕਿ ਸਕੂਲਾਂ ਵਿੱਚ ਪਲੱਸ ਵੰਨ ਤੇ ਪਲੱਸ ਟੂ ਵਿੱਚ ਟਰੈਫਿਕ ਐਜੂਕੇਸ਼ਨ ਕਲਾਸਿਜ਼ ਕੰਪਲਸਰੀ ਕਰ ਦਿੱਤੀਆਂ ਜਾਣ, ਉਸ ਦੇ ਨਾਲ ਇਹ ਜਿਹੜੀਆਂ fatalities ਹਨ, ਐਕਸੀਡੈਂਟਸ ਹਨ, ਇਸ ਵਿਚ ਘਾਟ ਆ ਸਕਦੀ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਦੋ ਨਗਰ ਪੈਂਦੇ ਹਨ, ਇੱਕ ਅੰਬੇਦਕਰ ਨਗਰ ਤੇ ਦੂਜਾ

ਸੀ.ਆਰ.ਪੀ.ਐਫ.ਕਾਲੋਨੀ ਪੈਂਦੀ ਹੈ। ਸੀ.ਆਰ.ਪੀ.ਐਫ. ਕਲੋਨੀ ਵਿਚ ਉਹ ਵਸਨੀਕ ਹਨ ਜਿਹੜੇ 1984 ਦੇ ਦੰਗਾ ਪੀੜਤ ਲੁੱਟੇ ਪੁੱਟੇ ਲੋਕ ਹਨ, ਬਾਕੀ ਉਹ ਲੋਕ ਹਨ ਜਿਹੜੇ ਅੱਤਵਾਦ ਦੇ ਸਮੇਂ ਤੋ ਪਿਛਲੇ 30-35 ਸਾਲ ਤੋਂ ਉਥੇ ਕਾਬਜ਼ ਹਨ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਮਾਲਕੀ ਦੇ ਹੱਕ ਦਿੱਤੇ ਜਾਣ ਕਿਉਂਕਿ ਉਹ ਪੈਸੇ ਭਰਨ ਲਈ ਵੀ ਤਿਆਰ ਹਨ। ਉਸ ਸਮੇਂ ਦੇ ਮੁੱਖ ਮੰਤਰੀ ਸਾਹਿਬ ਨੇ ਆਰਡਰ ਵੀ ਕੀਤੇ ਹਨ, ਸਾਰੀ ਫਾਈਲ ਤਿਆਰ ਹੈ ਪਰ ਸਿਰਫ ਇੱਕ ਮਾਣ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਨੂੰ ਮਿਲਣਾ ਸੀ, ਉਹ ਮਿਲਣਾ ਵੀ ਚਾਹੀਦਾ ਹੈ। ਸਰ, ਦੂਜਾ ਮੇਰੇ ਹਲਕੇ ਆਤਮ ਨਗਰ ਵਿਚ ਅੰਬੇਦਕਰ ਨਗਰ ਕਲੋਨੀ ਪੈਂਦੀ ਹੈ, ਜਿਥੇ ਪਿਛਲੇ 40 ਤੋਂ 45 ਸਾਲ ਤੋਂ ਲੋਕ ਉਥੇ ਵਸਨੀਕ ਹਨ, ਉਹ ਲੋਕ ਵੀ ਪੈਸੇ ਭਰਨ ਲਈ ਤਿਆਰ ਹਨ । ਮੈਂ ਸਮਝਦਾ ਹਾਂ ਕਿ ਜੇਕਰ ਇਹ ਵਡਿਆਈ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਮਿਲੇ ਤਾਂ ਇਹ ਸਾਡੇ ਲਈ ਬਹੁਤ ਵੱਡੀ ਖੁਸ਼ੀ ਹੋਵੇਗੀ। ਸਪੀਕਰ ਸਾਹਿਬ, ਜਦੋਂ ਕੋਈ ਆਪਾਂ ਵੱਡਾ ਮਸਲਾ ਹੱਲ ਕਰਵਾਉਣਾ ਹੁੰਦਾ ਹੈ ਤਾਂ ਅਸੀਂ ਆਪਣੇ ਗੁਰੂ ਪੀਰ ਦੇ ਅੱਗੇ ਅਰਦਾਸ ਵੀ ਕਰਦੇ ਹਾਂ ਤੇ ਸੁੱਖ ਵੀ ਸੁਖਦੇ ਹਾਂ। ਟਾਈਮ ਹੈ ਜੀ। ਮੈਂ ਦੋ ਮਿੰਟ ਵਿਚ ਨਿਬੇੜ ਦਿਆਂਗਾ ਜੀ। ਮੈਂ ਵਧਾਉਂਦਾ ਨਹੀਂ । ਮੇਰੇ ਕੋਲ ਸਮਾਂ ਹੈ। ਉਦੋਂ ਆਪਾਂ ਸੁੱਖ ਸੁਖਦੇ ਹਾਂ ਕਿ ਮਹਾਰਾਜ ਮੇਰਾ ਇਹ ਕੰਮ ਹੋ ਜਾਵੇ। ਮੇਰੇ ਬਾਪੂ ਬਾਬਾ ਦੀਪ ਸਿੰਘ ਜੀ ਹਨ। ਮੈਂ ਉਨ੍ਹਾਂ ਦੇ ਚਰਨਾਂ ਵਿੱਚ ਅੱਜ ਇਸ ਪਵਿੱਤਰ ਸਦਨ ਵਿੱਚ ਖੜ੍ਹਾ ਹੋ ਕੇ ਸੁੱਖ ਸੁਖਦਾ ਹਾਂ ਕਿ ਇਹ ਮਾਣ ਬਾਬਾ ਦੀਪ ਸਿੰਘ ਜੀ ਸਾਡੇ ਲਾਣੇਦਾਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਦਿਉ, ਇਹ ਦੋਨਾਂ ਕਲੋਨੀਆਂ ਦਾ ਇਹ ਹੱਕ, ਮੇਰੇ ਹੱਕ ਵਿੱਚ ਤੇ ਇਨ੍ਹਾਂ ਲੋਕਾਂ ਦੇ ਹੱਕ ਵਿਚ ਫੈਸਲਾ ਕਰ ਦੇਣ। ਮੈਂ ਸ਼ੁਕਰਾਨੇ ਵਜੋਂ ਬਾਬਾ ਦੀਪ ਸਿੰਘ ਗੁਰਦੁਆਰਾ ਮਾਡਲ ਟਾਊਨ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਲੰਗਰ ਲਗਾਵਾਂਗਾ। ਤੁਹਾਡਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਸਦਾਰ ਮਨਵਿੰਦਰ ਸਿੰਘ ਗਿਆਸਪੁਰਾ

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਪੂਰੇ ਦੇਸ਼ ਦੇ ਵਿਚ ਯੋਗੀ ਦੇ ਰਾਜ ਦੀ ਚਰਚਾ ਕੀਤੀ ਜਾਂਦੀ ਹੈ ਕਿ ਯੋਗੀ ਦੇ ਰਾਜ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਬਹੁਤ ਵਧੀਆ ਹੈ। ਮੈਂ ਅੱਜ ਪੂਰੇ ਸਦਨ ਦਾ ਜੋ ਧਿਆਨ ਹੈ, ਯੋਗੀ ਦੇ ਰਾਜ ਵਿਚ ਲਾਅ ਐਂਡ ਆਰਡਰ ਦੀ ਕੀ ਸਥਿਤੀ ਹੈ, ਜੋ ਬੀ.ਜੇ.ਪੀ. ਦੇ ਰਾਜ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਹੈ, ਉਹ ਮੈਂ ਦੱਸਣਾ ਚਾਹੁੰਦਾ ਹਾਂ। ਸਾਡੇ ਹਲਕੇ ਦੇ ਬਿਲਕੁਲ ਨਾਲ ਦਾ ਪਿੰਡ ਹੈ ਭੁਰਥਲਾ ਮੰਡੇਰ। ਉਥੋਂ ਇੱਕ ਸੰਗਤ ਜਿਹੜੀ ਹੈ ਉਹ ਮਿਤੀ 20.2.2024 ਨੂੰ ਇੱਕ ਟਰੱਕ ਦੇ ਰਾਹੀਂ ਕਾਸ਼ੀ ਵਿਖੇ ਗੁਰੂ ਰਵਿਦਾਸ ਜੀ ਦਾ ਜਨਮ

ਦਿਹਾੜਾ ਮਨਾਉਣ ਲਈ ਗਈ, ਉਨ੍ਹਾਂ ਵਿੱਚ ਸੰਗਤ ਦੇ ਨਾਲ ਸੂਬੇਦਾਰ ਨਿਰਮਲ ਸਿੰਘ ਜੀ ਵੀ ਉਨ੍ਹਾਂ ਨਾਲ ਜਾਂਦੇ ਹਨ ਔਰ ਉਥੇ ਕੀ ਘਟਨਾ ਵਾਪਰਦੀ ਹੈ ਕਿ ਸੂਬੇਦਾਰ ਨਿਰਮਲ ਸਿੰਘ ਜੀ ਨੂੰ ਗੁੰਡਿਆਂ ਵੱਲੋਂ ਬੜੇ ਬੁਰੇ ਤਰੀਕੇ ਦੇ ਨਾਲ ਵੱਢ ਦਿੱਤਾ ਜਾਂਦਾ ਹੈ, ਟੁੱਕ ਦਿੱਤਾ ਜਾਂਦਾ ਹੈ, ਜਿਸ ਦੀਆਂ ਫੋਟੋਆਂ ਵੀ ਮੈਂ ਸਦਨ ਦੇ ਅੱਗੇ ਰੱਖਣਾ ਚਾਹੁੰਦਾ ਹਾਂ (ਫੋਟੋਆਂ ਦਿਖਾਉਂਦੇ ਹੋਏ) ਪਰ ਉਥੇ ਦੀ ਜਿਹੜੀ ਪੁਲਿਸ ਹੈ ਤੇ ਜਿਹੜਾ ਇਹ ਥਾਣਾ ਪੈਂਦਾ ਹੈ ਲੰਕਾ ਪੈਂਦਾ ਹੈ, ਇਨ੍ਹਾਂ ਪੁਲਿਸ ਵਾਲਿਆਂ ਨੇ ਜੋ ਐਫ.ਆਈ.ਆਰ. 60 ਨੰਬਰ ਕੱਟੀ ਹੈ, ਇਹ ਮਹਿਜ਼ ਇੱਕ ਐਕਸੀਡੈਂਟ ਦੀ ਐਫ.ਆਈ.ਆਰ. ਕੱਟ ਦਿੱਤੀ ਗਈ ਹੈ ਜਿਹੜੀ ਕਿ ਬਹੁਤ ਸ਼ਰਮਨਾਕ ਗੱਲ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਜੋ ਆਪਣੇ ਆਪ ਨੂੰ ਰਾਮ ਰਾਜ ਦੀ ਦੁਹਾਈ ਦਿੰਦੇ ਹਨ, ਜਿਹੜੇ ਕਿ ਸਾਡੇ ਪੰਜਾਬ ਦੇ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ, ਮੈਂ ਉਨ੍ਹਾਂ ਨੂੰ ਸ਼ੀਸ਼ਾ ਦਿਖਾਉਣਾ ਚਾਹੁੰਦਾ ਹਾਂ ਕਿ ਸੂਬੇਦਾਰ ਨਿਰਮਲ ਸਿੰਘ ਦਾ ਤੁਸੀਂ ਇੱਕ ਐਕਸੀਡੈਂਟ ਦਾ ਕੇਸ ਬਣਾ ਦਿੱਤਾ। ਅੱਜ ਅਸੀਂ ਮੰਗ ਕਰਦੇ ਹਾਂ ਕਿ ਸੂਬੇਦਾਰ ਨਿਰਮਲ ਸਿੰਘ ਨੂੰ ਇਨਸਾਫ ਦਿਵਾਇਆ ਜਾਵੇ। ਇਹ ਤੁਹਾਡੇ ਲਾਅ ਐਂਡ ਆਰਡਰ ਦਾ ਹਾਲ ਹੈ। ਸਾਡੇ ਪੰਜਾਬ ਵਿੱਚ ਫਿਰ ਵੀ ਮੈਂ ਸਮਝਦਾ ਹਾਂ ਕਿ ਬਹੁਤ ਵਧੀਆ ਲਾਅ ਐਂਡ ਆਰਡਰ ਹੈ, ਇਸ ਤਰ੍ਹਾਂ ਦਾ ਲਾਅ ਐਂਡ ਆਰਡਰ ਅਸੀਂ ਨਹੀਂ ਚਾਹੁੰਦੇ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**1205/Jaspal Singh/Shubham jain**

**1210/Beant kaur**

**ਮਾਣਯੋਗ ਸਪੀਕਰ** : ਇਹ ਆਪਾਂ ਸਾਰਿਆਂ ਨੇ ਦੇਖਿਆ ਹੀ ਸੀ, ਜਦੋਂ ਕਿਸਾਨ ਆਪਣੀਆਂ ਮੰਗਾਂ ਵਾਸਤੇ ਜਾ ਰਹੇ ਸੀ ਤਾਂ ਉਨ੍ਹਾਂ ਉੱਪਰ ਗੱਡੀ ਚੜ੍ਹਾ ਦਿੱਤੀ ਗਈ ਸੀ, ਉਨ੍ਹਾਂ ਦਾ ਸ਼ਰੇਆਮ ਕਤਲ ਕੀਤਾ ਗਿਆ। ਇਹ ਸਾਰਾ ਕੁਝ ਵੀਡੀਓ ਵਿੱਚ ਆਇਆ ਹੈ ਪਰ ਉਸ ਨੂੰ ਮੰਤਰੀ ਬਣਾ ਕੇ ਰੱਖਿਆ ਹੋਇਆ ਹੈ। ਉਹ ਵੀ ਯੂਪੀ ਦਾ ਹੀ ਹੈ। ਸੋ, ਲਾਅ ਐਂਡ ਆਰਡਰ ਤਾਂ ਪੰਜਾਬ ਦਾ ਬੈਸਟ ਹੈ। ਹਾਂ ਜੀ, ਸਰਦਾਰ ਅਜੀਤ ਪਾਲ ਸਿੰਘ ਕੋਹਲੀ ਜੀ।

(ਕੁਝ ਅਵਾਜ਼ਾਂ : ਸਰ, ਉਹ ਲਖੀਮਪੁਰ ਦਾ ਹੈ।)

**ਸਰਦਾਰ ਅਜੀਤ ਪਾਲ ਸਿੰਘ ਕੋਹਲੀ (ਪਟਿਆਲਾ)** : ਸਪੀਕਰ ਸਾਹਿਬ, ਧੰਨਵਾਦ। ਮਹਾਰਾਸ਼ਟਰ ਦੇ ਸ਼ਹਿਰ ਨਾਸਿਕ ਵਿੱਚ ਗੋਦਾਵਰੀ ਨਦੀ ਦੇ ਕਿਨਾਰੇ ਪੰਜਾਬ ਸਰਕਾਰ ਦੇ ਨਾਂ ਇਕ ਇਤਿਹਾਸਕ ਸਥਾਨ ਹੈ, ਜਿੱਥੇ ਪੰਜਾਬ ਦੀ ਆਖਰੀ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਕੀਤਾ ਗਿਆ। According to the youngest Historians Simar Singh, who hails from Patiala, ਉਸ ਨੇ ਕਿਹਾ ਹੈ ਕਿ after the death of the Maharani in Britain, ਬ੍ਰਿਟਿਸ਼ ਰੂਲਰਜ਼ ਨੇ ਉਨ੍ਹਾਂ ਨੂੰ ਪੰਜਾਬ ਵਿੱਚ ਕ੍ਰੀਮੇਟ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਅਤੇ ਉਨ੍ਹਾਂ ਦਾ

1864 ਵਿੱਚ ਮਹਾਰਾਸ਼ਟਰ ਲਿਜਾ ਕੇ ਅੰਤਿਮ ਸਸਕਾਰ ਕੀਤਾ ਗਿਆ। Up until ਉਥੇ ਸਮਾਰਕ ਬਣਿਆ ਸੀ ਅਤੇ up until 1924 ਕਪੂਰਥਲਾ ਦੀ ਰਾਇਲ ਫੈਮਿਲੀ ਨੇ ਉਸ ਸਥਾਨ ਦੀ ਦੇਖਭਾਲ ਕੀਤੀ। ਉਸ ਉਪਰੰਤ ਸਮੇਂ ਦੀ ਮਾਰ ਖਾਦਿਆਂ ਅਤੇ neglect of the Governments there ਅਤੇ ਪੰਜਾਬ ਦੀਆਂ ਪੁਰਾਣੀਆਂ ਸਰਕਾਰਾਂ ਨੇ ਵੀ ਉਸ ਸਥਾਨ ਦਾ ਮਹੱਤਵ ਬਹੁਤਾ ਨਹੀਂ ਜਾਣਿਆ। ਸਾਲ 2014 ਵਿੱਚ ਪਤਾ ਲੱਗਿਆ ਕਿ ਉਸ ਜਗ੍ਹਾ ਨੂੰ ਬਿਲਕੁਲ ਹੀ ਰੇਜ਼ ਕਰ ਦਿੱਤਾ ਗਿਆ। ਸਰ, ਅਜਿਹੇ ਸਥਾਨ ਜਿਹੜੇ ਪੰਜਾਬ ਦੀ ਵਿਰਾਸਤ ਨਾਲ ਜੁੜੇ ਹੋਏ ਹਨ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੀ ਵਿਰਾਸਤ, ਜੋ ਪੰਜਾਬ ਤੋਂ ਬਾਹਰ ਹੈ, ਉਨ੍ਹਾਂ ਦੀ ਦੇਖ ਰੇਖ ਵਾਸਤੇ ਸਾਨੂੰ ਇਨੀਸ਼ੀਏਟਿਵ ਲੈਣਾ ਚਾਹੀਦਾ ਹੈ ਤਾਂ ਕਿ ਸਾਡਾ ਇਤਿਹਾਸ ਬਾਹਰਲੇ ਸੂਬਿਆਂ ਵਿੱਚ ਵੀ ਉਸੇ ਪ੍ਰਕਾਰ ਉਜਾਗਰ ਰਹੇ, ਸੁਰਜੀਤ ਰਹੇ ਜਿਵੇਂ ਅਸੀਂ ਪੰਜਾਬ ਵਿੱਚ ਰੱਖ ਰਹੇ ਹਾਂ। ਥੈਂਕ ਯੂ ਵੈਰੀ ਮਚ, ਸਰ।

**ਮਾਣਯੋਗ ਸਪੀਕਰ** : ਡਾ. ਰਵਜੋਤ ਜੀ, ਤੁਸੀਂ ਮਿਸ ਕਰ ਗਏ? ਉਸ ਵਕਤ ਸ਼ਾਇਦ ਇੱਥੇ ਨਹੀਂ ਸੀ, ਹੁਣ ਬੋਲ ਲਓ।

**ਡਾਕਟਰ ਰਵਜੋਤ ਸਿੰਘ (ਸ਼ਾਮ ਚੁਰਾਸੀ)**: ਸਪੀਕਰ ਸਾਹਿਬ, ਅਸੀਂ ਸਾਰੇ ਤੁਹਾਡੇ ਮੁਰੀਦ ਹਾਂ ਪਰ ਅੱਜ ਮੈਨੂੰ ਕੁਝ ਪਲਾਂ ਲਈ ਧੱਕਾ ਲੱਗਿਆ ਕਿ ਸ਼ਾਇਦ ਅੱਜ ਤੁਸੀਂ ਮੇਰੇ ਤੋਂ ਡਾਕਟਰੀ ਦੀ ਡਿਗਰੀ ਖੋਹ ਲਈ ਹੈ। ਤੁਸੀਂ ਸਾਡੇ ਮੁਰਸ਼ਦ ਹੋ, ਗੁਰੂ ਹੋ, ਅਧਿਆਪਕ ਹੋ, ਤੁਹਾਡਾ ਕਿਹਾ ਸਿਰ ਮੱਥੇ। ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਅਤੇ ਸਾਡੇ ਬੜੇ ਹੀ ਸਤਿਕਾਰਤ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਨੂੰ ਉਨ੍ਹਾਂ ਦੀ ਦੂਰ ਅੰਦੇਸ਼ੀ ਸੋਚ ਸਦਕਾ ਵਧਾਈ ਦੇਣਾ ਚਾਹੁੰਦਾ ਹਾਂ। ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਕਿਵੇਂ ਬਚਾਇਆ ਜਾਵੇ, ਇਸ ਵਾਸਤੇ ਨਹਿਰਾਂ ਸ਼ੁਰੂ ਕਰਵਾਈਆਂ ਹਨ। ਕੰਡੀ ਨਹਿਰ ਸਾਡੇ ਹੁਸ਼ਿਆਰਪੁਰ ਵਿਚੋਂ ਲੰਘਦੀ ਹੈ, ਉਸ ਵਿੱਚ ਪਾਣੀ ਚਲਾਇਆ ਹੈ। ਇਸ ਦੇ ਨਾਲ ਹੀ ਸਾਡੇ ਹਲਕੇ ਹੁਸ਼ਿਆਰਪੁਰ ਵਿੱਚ ਡੈਮਾਂ ਤੋਂ ਪਾਈਪਾਂ ਰਾਹੀਂ ਖੇਤਾਂ ਨੂੰ ਪਾਣੀ ਪਹੁੰਚਾਇਆ ਹੈ। ਜਿਹੜੀ ਕਰਾਪ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਗਈ ਹੈ, ਇਹ ਵੀ ਪਾਣੀ ਦੇ ਲੈਵਲ ਨੂੰ ਬਚਾਉਣ ਵਾਸਤੇ ਇਕ ਪਹਿਲ ਕਦਮੀ ਹੈ।

ਮੈਂ ਸਰਕਾਰ ਦੇ ਧਿਆਨ ਵਿੱਚ ਇਕ ਸੁਝਾਅ ਲਿਆਉਣਾ ਚਾਹੁੰਦਾ ਹਾਂ। ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਬਹੁਤ ਜ਼ਿਆਦਾ ਚੋਅ ਹਨ। ਮੈਂ ਚਾਹੁੰਦਾ ਹਾਂ ਕਿ ਐਕਸਪਰਟ ਟੀਮ ਬਣਾ ਕੇ ਕੋਈ ਪ੍ਰੋਪੋਜ਼ਲ, ਪਲਾਨ ਜਾਂ ਰੋਡਮੈਪ ਤਿਆਰ ਕਰਵਾਇਆ ਜਾਵੇ ਕਿ ਕਿਸ ਪ੍ਰਕਾਰ ਅਸੀਂ ਨਹਿਰਾਂ ਦਾ ਪਾਣੀ ਚੋਆਂ ਵਿੱਚ ਛੱਡ ਸਕਦੇ ਹਾਂ। ਇਸ ਪ੍ਰਕਾਰ ਨਾਲ ਜਿਹੜਾ ਵਾਟਰ ਲੈਵਲ ਥੱਲੇ ਜਾ ਰਿਹਾ ਹੈ, ਉਸ ਨੂੰ ਮੇਨਟੇਨ ਕੀਤਾ ਅਤੇ ਵਧਾਇਆ ਜਾ

ਸਕੇਗਾ। ਤੁਸੀਂ ਮੈਨੂੰ ਸਦਨ ਦਾ ਕੀਮਤੀ ਸਮਾਂ ਦਿੱਤਾ ਹੈ, ਇਸ ਵਾਸਤੇ ਇਕ ਵਾਰ ਫੇਰ ਤੁਹਾਡਾ ਬਹੁਤ ਬਹੁਤ ਧੰਨਵਾਦ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ)** : ਸਪੀਕਰ ਸਾਹਿਬ, ਮੈਂ ਦੋ ਇਸ਼ੂਜ਼ ਤੇ ਗੱਲ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ, ਸਰਕਾਰੀ ਕਰਮਚਾਰੀਆਂ ਦੀ ਬਹੁਤ ਦੇਰ ਤੋਂ ਮੰਗ ਹੈ ਕਿ ਛੇਵੇਂ ਪੇ ਕਮਿਸ਼ਨ ਦਾ ਏਰੀਅਰ ਜਲਦੀ ਤੋਂ ਜਲਦੀ ਦਿੱਤਾ ਜਾਵੇ। ਦੂਜਾ, ਅੱਜ ਸਦਨ ਵਿੱਚ ਪੋਸਤ ਤੇ ਬਹੁਤ ਚਰਚਾ ਹੋਈ ਹੈ। ਡਾਕਟਰ ਹੋਣ ਦੇ ਨਾਤੇ ਮੈਂ ਸਮਝਦਾ ਹਾਂ ਕਿ ਇਸ ਵਾਸਤੇ ਇਕ ਐਕਸਪਰਟਸ ਦਾ ਸੈਮੀਨਾਰ ਕਰਵਾਇਆ ਜਾਵੇ, ਨਸ਼ਿਆਂ ਦੇ ਖਿਲਾਫ ਉਨ੍ਹਾਂ ਦੀ ਰਾਏ ਲਈ ਜਾਵੇ ਤਾਂ ਜੋ ਇਸ ਇਸ਼ੂ ਤੇ ਸਹਿਮਤੀ ਬਣਾਈ ਜਾ ਸਕੇ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)(ਲੁਧਿਆਣਾ ਕੇਂਦਰੀ)** : (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਸਪੀਕਰ ਸਾਹਿਬ, ਆਸ ਤਾਂ ਲਾਹ ਦਿੱਤੀ ਸੀ ਪਰ ਤੁਹਾਡਾ ਧੰਨਵਾਦ।

**ਮਾਣਯੋਗ ਸਪੀਕਰ** : ਤੁਸੀਂ ਆਸ ਨਾ ਲਾਹਿਆ ਕਰੋ, ਤੁਸੀਂ ਹਮੇਸ਼ਾ ਆਸ ਰੱਖਿਆ ਕਰੋ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)** : ਸਪੀਕਰ ਸਾਹਿਬ, ਹਾਊਸ ਵਿੱਚ ਸੁਣਨ ਨੂੰ ਮਿਲਿਆ ਹੈ, ਸਾਮ੍ਹਣੇ ਬੈਂਚਾਂ ਤੋਂ ਹੁਣੇ ਬੋਲ ਕੇ ਗਏ ਹਨ ਕਿ ਵਪਾਰੀ ਬਹੁਤ ਡਰਿਆ ਹੋਇਆ ਹੈ। ਮੈਂ ਹਾਊਸ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਮੈਂ ਲੁਧਿਆਣਾ ਸੈਂਟਰਲ ਦਾ ਸੇਵਾਦਾਰ ਹਾਂ, ਉਥੋਂ ਦਾ ਚੁਣਿਆ ਹੋਇਆ ਨੁਮਾਇੰਦਾ ਹਾਂ। ਤੁਸੀਂ ਯਕੀਨ ਕਰੋ, ਮੈਂ ਹਾਊਸ ਵਿੱਚ ਇਹ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਹਰ ਦੁਕਾਨ 11:00 ਵਜੇ ਤੋਂ ਬਾਅਦ ਬੰਦ ਹੁੰਦੀ ਹੈ, 11:00 ਵਜੇ ਤੱਕ ਬਜ਼ਾਰ ਖੁੱਲ੍ਹੇ ਰਹਿੰਦੇ ਹਨ।(ਥੰਪਿੰਗ)

**1210/Beant kaur/ Harjinder singh**

ਇਹ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਇਹ ਸਾਲ 1992 ਦੇ ਵਿੱਚ ਹੁਣ ਸਾਲ 2024 ਵਿੱਚ ਸੁਣਾ ਰਹੇ ਹਨ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਤ 11.00 ਵਜੇ ਤੱਕ ਅਗਰ ਕਿਸੇ ਨੇ ਲੁਧਿਆਣਾ ਸ਼ਹਿਰ ਜਾ ਕੇ ਦੇਖਣਾ ਹੋਵੇ, ਮੈਂ ਸ਼ਾਹਪੁਰ ਰੋਡ ਤੇ ਰਹਿਣ ਵਾਲਾ ਬੰਦਾ ਹਾਂ ਔਰ ਤਕਰਬੀਨ ਸਾਰੇ ਵਪਾਰੀ ਮੇਰੇ ਹਲਕੇ ਦੇ ਅੰਦਰ ਰਹਿੰਦੇ ਹਨ। ਜਿੰਨਾ ਵਪਾਰ ਲੁਧਿਆਣੇ ਦਾ ਹੁੰਦਾ ਹੈ, ਸਭ ਨਾਲੋਂ ਵੱਧ ਮੇਰੇ ਹਲਕੇ ਦੇ ਅੰਦਰ ਹੁੰਦਾ ਹੈ। ਰਾਤ ਦੇ 11.00 - 12.00 ਵਜੇ ਤੱਕ ਲੋਕ ਆਪਣਾ ਦਿਲ ਖੋਲ੍ਹ ਕੇ ਵਪਾਰ ਕਰਦੇ ਹਨ।

ਸਪੀਕਰ ਸਾਹਿਬ, ਦੂਸਰੀ ਗੱਲ, ਮੇਰੇ ਤੋਂ ਪਹਿਲਾਂ ਹਾਊਸ ਦੇ ਅੰਦਰ ਗਊਆਂ ਦੇ ਬਾਰੇ ਵੀ ਦੱਸਿਆ ਗਿਆ ਹੈ। ਫਿਰ ਮੈਂ ਤਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਮੇਂ ਜੋ ਹਾਲਾਤ ਹਨ, ਹਰ ਗਲ਼ੀ ਵਿੱਚ ਕੋਈ ਨਾ ਕੋਈ ਮਾਂ, ਕੋਈ ਨਾ ਕੋਈ ਭੈਣ ਹਰ ਰੋਜ਼ ਰੋਂਦੀ ਹੋਈ ਆਉਂਦੀ ਹੈ ਕਿ ਸਾਡਾ ਬੱਚਾ ਸਕੂਲ ਤੋਂ ਆ ਰਿਹਾ ਸੀ, 4 ਕੁੱਤੇ ਰ਼ਲ ਕੇ ਉਸ ਨੂੰ ਖਾ ਗਏ ਜਾਂ ਉਸ ਨੂੰ ਜਖ਼ਮੀ ਕਰ ਦਿੱਤਾ। ਮੈਂ ਚਾਹੁੰਦਾ ਹਾਂ ਕਿ ਲੁਧਿਆਣਾ ਸ਼ਹਿਰ ਵਿਚ ਚਾਰ ਜ਼ੋਨ ਹਨ, ਚਾਰੇ ਜੋਨਾਂ ਵਿੱਚ ਡੌਗ ਹਾਊਸ ਅਲੱਗ ਅਲੱਗ ਬਣਾ ਕੇ, ਇੱਕ ਇੱਕ ਜ਼ੋਨ ਵਿੱਚ ਇਨ੍ਹਾਂ ਅਵਾਰਾ ਕੁੱਤਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਲੋਕ ਇਸ ਮੁਸ਼ਕਿਲ ਤੋਂ ਰਾਹਤ ਪਾਉਣ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ):** ਸਪੀਕਰ ਸਾਹਿਬ ਧੰਨਵਾਦ ਜੀ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ । ਮੈਂ ਜਿਹੜੀ ਸਮੱਸਿਆ ਦੱਸ ਰਿਹਾ ਹਾਂ, ਉਸ ਬਾਰੇ ਸਦਨ ਅਤੇ ਸਰਦਾਰ ਬਲਕਾਰ ਸਿੰਘ, ਸਥਾਨਕ ਸਰਕਾਰਾਂ ਸਬੰਧੀ ਮੰਤਰੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਮਾਨਸਾ ਹੀ ਨਹੀਂ ਸਗੋਂ ਹੋਰ ਜ਼ਿਲ੍ਹਿਆਂ ਵਿੱਚ ਵੀ ਵਾਟਰ ਐਂਡ ਸੀਵਰੇਜ਼ ਬੋਰਡ ਦੀ ਸਾਂਭ ਸੰਭਾਲ ਲਈ ਨਾਮ ਦੀ ਕੰਪਨੀ ਕੰਮ ਕਰਦੀ ਹੈ ਜੀ। ਸ਼ਾਇਦ ਪਿਛਲੀ ਅਕਾਲੀ ਸਰਕਾਰ ਵੇਲੇ 10-15 ਸਾਲ ਲਈ ਉਨ੍ਹਾਂ ਨਾਲ ਸਮਝੌਤਾ ਹੋਇਆ ਸੀ, ਉਹ ਕੰਪਨੀ ਨਾ ਤਾਂ ਸੀਵਰੇਜ਼ ਦਾ ਕੋਈ ਹੱਲ ਕਰਦੀ ਹੈ ਅਤੇ ਨਾ ਹੀ ਸਫਾਈ ਕਰਦੀ ਹੈ। ਇਹੀ ਹਾਲ ਸਾਡੇ ਮਾਨਸਾ ਸ਼ਹਿਰ, ਇਹੀ ਹਾਲ ਬੁਢਲਾਡਾ ਅਤੇ ਇਹੀ ਹਾਲ ਬਠਿੰਡੇ ਦਾ ਵੀ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਕੰਪਨੀ ਨਾਲ ਸਮਝੌਤਾ ਬੰਦ ਕੀਤਾ ਜਾਵੇ, ਉਸ ਸਮਝੌਤੇ ਨੂੰ ਰੱਦ ਕੀਤਾ ਜਾਵੇ। ਸੀਵਰੇਜ਼ ਤੇ ਪਾਣੀ ਦੀ ਸਪਲਾਈ ਦਾ ਜੋ ਪ੍ਰਬੰਧ ਹੈ ਅਤੇ ਸੀਵਰੇਜ਼ ਨੂੰ ਸਾਫ਼ ਕਰਨ ਦਾ ਜੋ ਕੰਮ ਹੈ, ਇਹ ਕੰਮ ਸਬੰਧਤ ਨਗਰ ਕੌਂਸਲਾਂ ਨੂੰ, ਕਾਰਪੋਰੇਸ਼ਨਾਂ ਨੂੰ ਜਾਂ ਨਗਰ ਪੰਚਾਇਤਾਂ ਨੂੰ ਦਿੱਤਾ ਜਾਵੇ ਤਾਂ ਜੋ ਇਸ ਦਾ ਸਹੀ ਪ੍ਰਬੰਧ ਚੱਲ ਸਕੇ। ਕਿਉਂਕਿ ਹਲਕੇ ਦੇ ਉਲਾਂਭਾ ਦੇਣ ਲਈ ਆਉਂਦੇ ਹਨ ਤਾਂ ਉਹ ਸਾਡੇ ਕੋਲ ਐਮ.ਐਲ.ਏ. ਹੋਣ ਦੇ ਨਾਤੇ ਆਉਂਦੇ ਹਨ, ਜਾਂ ਨਗਰ ਕੌਂਸਲ/ਨਗਰਪਾਲਿਕਾ ਦੇ ਪ੍ਰਧਾਨ ਕੋਲ ਆਉਂਦੇ ਹਨ ਜਾਂ ਨਗਰ ਪੰਚਾਇਤ ਕੋਲ ਆਉਂਦੇ ਹਨ। ਜਦੋਂ ਕਿ ਇਨ੍ਹਾਂ ਕੰਮਾਂ ਸਬੰਧੀ ਉਨ੍ਹਾਂ ਦਾ ਕੋਈ ਰੋਲ ਨਹੀਂ ਹੁੰਦਾ, ਇਨ੍ਹਾਂ ਕੰਮਾਂ ਨੂੰ ਕਰਵਾਉਣ ਵਿੱਚ ਜਾਂ ਸੀਵਰੇਜ਼ ਬੋਰਡ ਦਾ ਰੋਲ ਹੁੰਦਾ ਹੈ ਜਾਂ ਉਸ GDCL ਕੰਪਨੀ ਦਾ ਹੁੰਦਾ ਹੈ। ਕੰਪਨੀ ਵਾਲਿਆਂ ਨੇ ਜਿੱਥੇ 20 ਬੰਦੇ ਰੱਖਣੇ ਹੁੰਦੇ ਹਨ ਤਾਂ ਉਹ ਪੈਸਾ ਬਚਾਉਣ ਦੀ ਖਾਤਰ 5 ਬੰਦਿਆਂ ਰਾਹੀਂ ਕੰਮ ਸਾਰਦੇ ਹਨ ਜੀ। ਨਾ ਉਨ੍ਹਾਂ ਕੋਲ ਜੈਟਿੰਗ ਮਸ਼ੀਨ ਹੈ, ਨਾ ਸੁਪਰ ਸਕਰ ਮਸ਼ੀਨ ਹੈ, ਨਾ ਹੀ ਉਨ੍ਹਾਂ ਕੋਲ De-silting ਮਸ਼ੀਨ ਹੁੰਦੀ ਹੈ, ਜੇਕਰ ਹੁੰਦੀ ਵੀ ਹੈ ਤਾਂ ਜ਼ਿਲ੍ਹੇ ਵਿੱਚ ਇੱਕ ਹੀ ਹੁੰਦੀ ਹੈ। ਜਿਸ ਦੇ ਕਰਕੇ ਸੀਵਰੇਜ਼ ਦੀ ਵੱਡੀ ਸਮੱਸਿਆ ਪੈਦਾ ਹੋ ਰਹੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ GDCL ਕੰਪਨੀ ਨਾਲ ਠੇਕਾ ਕੀਤਾ ਹੋਇਆ ਹੈ, ਉਸ ਨੂੰ ਰੱਦ ਕਰਕੇ, ਸ਼ਹਿਰਾਂ ਦੇ ਵਿੱਚ ਸੀਵਰੇਜ਼ ਅਤੇ ਪਾਣੀ ਦੀ ਸਪਲਾਈ ਦਾ ਕੰਮ ਸਬੰਧਤ ਨਗਰ ਕੌਂਸਲਾਂ ਨੂੰ ਦਿੱਤਾ ਜਾਵੇ ਜੀ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਤੁਸੀਂ ਕੁਲਵੰਤ ਸਿੰਘ ਤੋਂ ਸ਼ੁਰੂ ਕਰਦੇ ਹੁੰਦੇ ਹੋ ਤਾਂ ਚੌਥੇ ਨੰਬਰ ਵਾਲੇ ਕੁਲਵੰਤ ਸਿੰਘ ਤੋਂ ਵੀ ਕਰ ਲਿਆ ਕਰੋ। ਇੰਨਾ ਵੱਡਾ ਬੰਦਾ ਮੇਰੇ ਨਾਲ ਬੈਠਾ ਹੈ, (ਸਰਦਾਰ ਕੁਲਵੰਤ ਸਿੰਘ, ਮੈਂਬਰ, ਹਲਕਾ ਐਸ.ਏ.ਐਸ. ਨਗਰ ਵੱਲ ਇਸ਼ਾਰਾ) ਮੈਂ ਸੋਚਿਆ ਕਿ ਸ਼ਾਇਦ ਇਨ੍ਹਾਂ ਦਾ ਕੋਈ ਪ੍ਰੈਸ਼ਰ ਪੈ ਜਾਵੇ ਪਰ ਸਰ ਤੁਸੀਂ ਧਿਆਨ ਹੀ ਨਹੀਂ ਦਿੰਦੇ।

**ਮਾਣਯੋਗ ਸਪੀਕਰ:** ਨਹੀਂ ਜੀ। ਤੁਹਾਡਾ ਨੰਬਰ ਪਹਿਲਾ ਹੈ ਜੀ, ਪਹਿਲਾ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਸਪੀਕਰ ਸਾਹਿਬ, ਜਿਹੜਾ ਸਾਡੇ ਮੈਂਬਰ ਸਾਹਿਬ ਨੇ ਅੱਜ ਕੁਐਸ਼ਚਨ ਲਗਾਇਆ ਸੀ ਅਤੇ ਮੰਤਰੀ ਸਾਹਿਬ ਨੇ ਉਸ ਦਾ ਜਵਾਬ ਨਾਂਹ ਦੇ ਵਿੱਚ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਸ਼ੇ ਦੀ ਚਪੇਟ ਵਿੱਚ ਆ ਕੇ ਕਈ ਮਾਵਾਂ ਦੇ ਪੁੱਤ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ, ਸਰਿੰਜਾਂ ਲਾਉਂਦੇ ਹੋਏ ਬਾਹਵਾਂ ਦੇ ਵਿੱਚ ਟੀਕੇ ਰਹਿ ਗਏ, ਰੂੜੀਆਂ ਤੇ ਪਏ ਰਹੇ ਅਤੇ ਮਾਵਾਂ ਧਾਹਾਂ ਮਾਰਦੀਆਂ ਰਹੀਆਂ। ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੇ ਬਣਾਈ ਹੈ। ਉਦੋਂ ਜਦੋਂ ਡਾਕਟਰ ਧਰਮਵੀਰ ਗਾਂਧੀ, ਮੈਂਬਰ ਲੋਕ ਸਭਾ, ਦਿੱਲੀ ਵਿੱਚ ਗਏ ਤਾਂ ਉਨ੍ਹਾਂ ਨੇ ਵੀ ਪੰਜਾਬ ਪ੍ਰਤੀ ਮੁੱਦਾ ਚੁੱਕਿਆ ਸੀ ਕਿ ਪੋਸਤ ਦੀ ਖੇਤੀ ਪੰਜਾਬ ਵਿੱਚ ਸ਼ੁਰੂ ਹੋਣੀ ਚਾਹੀਦੀ ਹੈ। ਸੋ, ਅਸੀਂ ਸਾਰੇ ਜਿੰਨੇ ਵੀ ਮੈਂਬਰ ਸਾਹਿਬ ਹਾਂ, ਅਸੀਂ ਇਸ ਹੱਕ ਦੇ ਵਿੱਚ ਹਾਂ, ਤੁਸੀਂ ਅੰਕੜੇ ਕੱਢ ਕੇ ਦੇਖ ਲਵੋ, ਐਮ.ਪੀ. ਦੇ ਵਿੱਚ ਸਰਕਾਰ ਵਲੋਂ ਪੋਸਤ ਦੀ ਸ਼ੁਰੂਆਤ ਕੀਤੀ ਗਈ, ਉਥੇ ਪੋਸਤ ਦੇ ਠੇਕੇ ਖੋਲ੍ਹੇ ਗਏ। ਰਾਜਸਥਾਨ ਵਿੱਚ ਵੀ ਇਸੇ ਤਰ੍ਹਾਂ ਹੋਇਆ। ਹਿਮਾਚਲ ਪ੍ਰਦੇਸ਼ ਵੀ ਸ਼ੁਰੂਆਤ ਕਰ ਰਿਹਾ ਹੈ ਅਤੇ ਥਾਈਲੈਂਡ ਵਿੱਚ ਵੀ ਸ਼ੁਰੂਆਤ ਕਰ ਦਿੱਤੀ ਗਈ ਹੈ।

**1220/harpreet singh**

ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਪੰਜਾਬ ਵਿਚ ਵੀ ਪੋਸਤ ਦੀ ਖੇਤੀ ਦੀ ਸ਼ੁਰੂਆਤ ਕੀਤੀ ਜਾਵੇ। ਇੱਥੇ ਡਾਕਟਰ ਬਲਬੀਰ ਸਿੰਘ ਜੀ ਬੈਠੇ ਹਨ, ਇਨ੍ਹਾਂ ਤੋਂ ਰਾਏ ਲੈ ਲਈ ਜਾਵੇ। ਸਪੀਕਰ ਸਾਹਿਬ, ਮੈਡੀਕਸਨਾਂ ਵਿਚ ਵੀ ਪੋਸਤ ਅਤੇ ਅਫ਼ੀਮ ਵਰਤੀ ਜਾਂਦੀ ਹੈ। ਇਸ ਨਾਲ ਪੰਜਾਬ ਦਾ ਕਿਸਾਨ ਵੀ ਬਚੇਗਾ, ਨੌਜੁਆਨ ਵੀ ਬਚੇਗਾ। ਸਪੀਕਰ ਸਾਹਿਬ, ਤੁਸੀਂ ਰਿਕਾਰਡ ਕਢਵਾ ਕੇ ਵੇਖ ਲਓ ਅੱਜ ਤੱਕ ਪੋਸਤ ਅਤੇ ਅਫ਼ੀਮ ਨਾਲ ਕੋਈ ਬੰਦਾ ਨਹੀਂ ਮਰਿਆ। ਧੰਨਵਾਦ ਜੀ।

**ਸ੍ਰੀ ਗੁਰਪ੍ਰੀਤ ਬੱਸੀ ਗੋਗੀ (ਲੁਧਿਆਣਾ ਪੱਛਮੀ):** ਧੰਨਵਾਦ ਸਪੀਕਰ ਸਾਹਿਬ। ਮੇਰੇ ਹਲਕੇ ਲੁਧਿਆਣਾ ਪੱਛਮੀ ਵਿਚ ਸਾਲ 2005 ਵਿਚ ਸਿਟੀ ਸੈਂਟਰ ਬਣਾਉਣ ਦੀ ਤਜਵੀਜ਼ ਪੇਸ਼ ਹੋਈ ਸੀ। ਤੁਹਾਨੂੰ ਪਤਾ ਹੀ ਹੈ ਕਿ ਉੱਥੇ ਘਪਲਿਆਂ ਕਾਰਨ, ਐਫ਼.ਆਈ.ਆਰ ਵੀ ਦਰਜ ਹੋਈ, ਵੱਡੇ ਵੱਡੇ ਲੀਡਰਾਂ ਤੇ ਇਸ ਦੀ ਗਾਜ ਗਿਰੀ ਸੀ। ਜਦੋਂ ਟਰੱਸਟ ਵੱਲੋਂ ਇਸ ਕੇਸ ਦੀ ਸਹੀ ਪੈਰਵਾਈ ਨਹੀਂ ਕੀਤੀ ਗਈ ਤਾਂ ਆਰਬੀਟਰੇਟਰ ਨੇ ਟਰੱਸਟ ਨੂੰ 1200 ਕਰੋੜ ਰੁਪਿਆ ਠੇਕੇਦਾਰ ਨੂੰ ਦੇਣ ਦਾ ਫੈਸਲਾ ਸੁਣਾ ਦਿੱਤਾ। ਇਸ ਦੇ ਤਹਿਤ ਇਕ ਕੇਸ ਦਿੱਲੀ ਹਾਈਕੋਰਟ ਵਿਚ ਵੀ ਚੱਲ ਰਿਹਾ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿਚ ਇਕ ਹਾਈ ਪਾਵਰਡ ਕਮੇਟੀ ਬਣਾਈ ਜਾਵੇ ਕਿਉਂਕਿ 35 ਏਕੜ ਜ਼ਮੀਨ ਦਾ ਅਰਬਾਂ ਖਰਬਾਂ ਦਾ ਇਹ ਮਾਮਲਾ ਹੈ। ਸਾਡਾ ਸੁਪਨਾ ਹੈ ਕਿ ਅਸੀਂ ਉਥੇ ਮੈਡੀਕਲ ਕਾਲਜ ਬਣਾਉਣਾ ਹੈ। ਉਸ ਦੇ ਆਲੇ ਦੁਆਲੇ ਪੌਸ਼ ਏਰੀਆ ਹੈ ਪਰ ਸਿਟੀ ਸੈਂਟਰ ਦੀ ਜ਼ਮੀਨ ਇਸ ਵੇਲੇ ਖੰਡਰ ਬਣੀ ਹੋਈ ਹੈ, ਉੱਥੇ ਸਿਰ ਵੱਢੀਆਂ ਲਾਸ਼ਾਂ ਮਿਲਦੀਆਂ ਹਨ, ਨਸ਼ੇੜੀ ਉੱਥੇ ਬੈਠਦੇ ਹਨ, ਜੰਗਲ ਬਣਿਆ ਹੋਇਆ ਹੈ। ਉੱਥੇ ਸਾਡੀਆਂ ਧੀਆਂ ਭੈਣਾਂ ਦੀ ਇਜ਼ਤ ਨੂੰ ਵੀ ਖਤਰਾ ਹੈ, ਹਰ ਰੋਜ਼ ਕੋਈ ਨਾ ਕੋਈ ਵਾਰਦਾਤ ਹੁੰਦੀ ਰਹਿੰਦੀ ਹੈ। ਸੋ, ਕੋਈ ਹਾਈ ਪਾਵਰਡ ਕਮੇਟੀ ਬਣਾ ਕੇ ਇਸ ਦੀ ਐਮੀਕੇਬਲੀ ਸੈਟਲਮੈਂਟ ਕੀਤੀ ਜਾਵੇ। ਸਬੰਧਤ ਧਿਰ ਨੂੰ ਬੁਲਾ ਕੇ ਉਸ ਨਾਲ ਬੈਠ ਕੇ ਕੋਈ ਸੈਟਲਮੈਂਟ ਕੀਤੀ ਜਾਵੇ। ਕਿਸੇ ਤਰੀਕੇ ਨਾਲ ਇਹ ਜਗ੍ਹਾ ਖਾਲੀ ਕਰਵਾ ਕੇ ਉੱਥੇ ਇਕ ਵੱਡਾ ਮੈਡੀਕਲ ਕਾਲਜ ਬਣਾਈਏ ਅਤੇ ਉਸ ਦਾ ਨਾਮ ਵੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਨਾਮ ਤੇ ਰੱਖਿਆ ਜਾਵੇ ਕਿਉਂਕਿ ਉਹ ਜ਼ਮੀਨ ਭਗਤ ਸਿੰਘ ਨਗਰ ਵਿਚ ਹੀ ਪੈਂਦੀ ਹੈ। ਧੰਨਵਾਦ ਜੀ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ):** ਧੰਨਵਾਦ ਸਪੀਕਰ ਸਾਹਿਬ। ਮੈਂ ਸਾਡੇ ਮੁੱਖ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ 3 ਮਾਰਚ ਨੂੰ ਮੇਰੇ ਹਲਕੇ ਵਿਚ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕਰਕੇ ਆਏ ਹਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਸਕੂਲ ਵਿਚ 12 ਕਰੋੜ ਰੁਪਿਆ ਸਾਡੀ ਸਰਕਾਰ ਨੇ ਲਾਇਆ ਹੈ ਅਤੇ ਪਿਛਲੇ ਡੇਢ ਦੋ ਸਾਲ ਤੋਂ ਸੁਪਰਵਿਜ਼ਨ ਕਰਕੇ ਇਹ ਸਕੂਲ ਬਣਾਇਆ ਹੈ। ਇਕ ਮੇਰੀ ਬੇਨਤੀ ਹੈ ਕਿ ਕੱਲ੍ਹ ਵਿਸ਼ਵ ਔਰਤ ਦਿਵਸ ਆ ਰਿਹਾ ਹੈ, ਇਸ ਲਈ ਮੈਂ ਸਭ ਨੂੰ ਵਧਾਈ ਵੀ ਦਿੰਦਾ ਹਾਂ। ਅੱਜ ਸਾਰੇ ਸਕੂਲਾਂ ਵਿਚ ਕੰਮ ਚੱਲ ਰਹੇ ਹਨ, ਮੇਰੇ ਹਲਕੇ ਵਿਚ 10 ਸਕੂੂਲ ਹਨ ਅਤੇ ਉਨ੍ਹਾਂ ਸਾਰੇ ਸਕੂਲਾਂ ਵਿਚ ਕੰਮ ਚੱਲ ਰਿਹਾ ਹੈ, ਕਿਤੇ ਇਕ ਕਰੋੜ ਲੱਗ ਰਿਹਾ ਹੈ, ਕਿਤੇ ਦੋ ਕਰੋੜ ਲੱਗ ਰਿਹਾ ਹੈ। ਇਸ ਵਾਸਤੇ ਮੇਰੀ ਬੇਨਤੀ ਹੈ ਕਿ ਜਿਹੜੀਆਂ ਔਰਤਾਂ ਸਕੂਲਾਂ ਵਿਚ ਲੰਗਰ ਬਣਾਉਂਦੀਆਂ ਹਨ, ਉਨ੍ਹਾਂ ਦੀਆਂ ਤਨਖਾਹਾਂ ਬਹੁਤ ਘੱਟ ਹਨ, ਕੇਵਲ 3 ਹਜ਼ਾਰ ਰੁਪਿਆ ਹੈ। ਹਜ਼ਾਰ ਰੁਪਿਆ ਤਾਂ ਉਨ੍ਹਾਂ ਦਾ ਸਕੂਲ ਆਉਣ ਜਾਣ ਦਾ ਕਿਰਾਇਆ ਹੀ ਲੱਗ ਜਾਂਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਤਨਖਾਹ ਜ਼ਰੂਰ

ਵਧਾਈ ਜਾਵੇ ਤਾਂ ਜੋ ਉਹ ਵੀ ਆਪਣਾ ਗੁਜ਼ਰ ਬਸਰ ਸਹੀ ਤਰੀਕੇ ਨਾਲ ਕਰ ਸਕਣ। ਧੰਨਵਾਦ ਜੀ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਮੇਰੇ ਹਲਕਾ ਬਾਬਾ ਬਕਾਲਾ ਅਧੀਨ ਆਉਂਦੇ ਕਸਬਾ ਸਠਿਆਲਾ ਵਿਚ ਇਕ ਬਹੁਤ ਵੱਡਾ ਕਾਲਜ ਹੈ, ਜੋ 1955 ਵਿਚ ਖੋਲਿਆ ਗਿਆ ਸੀ। ਉਸ ਕਾਲਜ ਵਿਚ ਆਈ.ਏ.ਐਸ., ਆਈ.ਪੀ.ਐਸ. ਅਤੇ ਪੀ.ਸੀ.ਐਸ. ਬਹੁਤ ਸਾਰੇ ਸਰਕਾਰੀ ਅਧਿਕਾਰੀ ਬਣ ਕੇ ਨਿਕਲੇ ਹਨ ਪਰ ਅੱਜ ਉਸ ਕਾਲਜ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ। ਮੈਂ ਇਸ ਸਦਨ ਵਿਚ ਤੁਹਾਡੇ ਜ਼ਰੀਏ ਸਬੰਧਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਕਾਲਜ ਵੱਲ ਧਿਆਨ ਦਿੱਤਾ ਜਾਵੇ।

**1220/harpreet singh/BS khokhar**

**1225/amandeep kaur**

ਜਿਹੜਾ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਂਪਸ ਦੇ ਤੌਰ ਤੇ ਚਲ ਰਿਹਾ ਹੈ। ਉਸ ਦੇ ਵਿੱਚ ਬੀ.ਟੈੱਕ, ਬੀ.ਐਸ.ਸੀ, ਐਮ.ਐਸ.ਈ, ਬੈਚਲਰ ਆਫ ਆਰਟਸ ਦੇ ਨਾਲ ਨਾਲ ਐਮ.ਸੀ.ਏ, ਬੀ.ਸੀ.ਏ ਦੇ ਜਿਹੜੇ ਕੋਰਸ ਹਨ, ਉਹ ਵੀ ਚਲਾਏ ਜਾਣ ਕਿਉਂਕਿ 50-60 ਕਿਲੋਮੀਟਰ ਅੰਮ੍ਰਿਤਸਰ ਤੋਂ ਜਲੰਧਰ ਦੇ ਕਾਲਜ ਪੈਂਦੇ ਹਨ ਜਿਨ੍ਹਾਂ ਵਿੱਚ ਦਿਹਾਤ ਦੇ ਬੱਚਿਆਂ ਨੂੰ ਜਾਣਾ ਪੈਂਦਾ ਹੈ। ਗਰੀਬ ਬੱਚਿਆਂ ਨੇ ਇਨ੍ਹਾਂ ਕਾਲਜਾਂ ਦੇ ਵਿੱਚ ਜਾਣਾ ਹੁੰਦਾ ਹੈ, ਜਿਹੜੇ ਅੰਮ੍ਰਿਤਸਰ ਤੋਂ ਜਲੰਧਰ ਕਿਰਾਇਆ ਖਰਚ ਕੇ ਨਹੀਂ ਜਾ ਸਕਦੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਕਾਲਜ ਦੇ ਵਿੱਚ ਜੋ ਮੈਂ ਕੋਰਸ ਦੱਸੇ ਹਨ, ਇਹ ਵੀ ਖੋਲੇ ਜਾਣ ਤੇ ਨਾਲ ਦੀ ਨਾਲ ਉੱਥੇ ਸਪੋਰਟਸ ਦਾ ਵਿੰਗ ਵੀ ਖੋਲਿਆ ਜਾਵੇ ਕਿਉਂਕਿ ਉਸ ਕਾਲਜ ਦੇ ਵਿੱਚੋਂ ਬਹੁਤ ਖਿਡਾਰੀ ਪੈਦਾ ਹੋਏ ਹਨ। ਉਸ ਕਾਲਜ ਵਿੱਚੋਂ ਬੜੇ ਵਿਦਿਆਰਥੀ ਅੱਜ ਨਿਕਲ ਕੇ ਉੱਚ ਕੋਟੀ ਦੀਆਂ ਨੌਕਰੀਆਂ ਤੇ ਬੈਠੇ ਹੋਏ ਹਨ। ਮੇਰੀ ਇਹੀ ਬੇਨਤੀ ਹੈ ਕਿ ਉਸ ਕਾਲਜ ਤੇ ਧਿਆਨ ਦਿੱਤਾ ਜਾਵੇ ਕਿਉਂਕਿ ਸਭ ਤੋਂ ਪੁਰਾਣਾ ਸਾਲ 1955 ਦਾ ਬਣਿਆ ਹੋਇਆ ਇਹ ਦਿਹਾਤ ਦਾ ਕਾਲਜ ਹੈ।

**ਮਾਣਯੋਗ ਸਪੀਕਰ**: ਅੱਜ ਦੇ ਜ਼ੀਰੋ ਆਵਰ ਦੇ ਵਿੱਚ ਕਰਿਸਪ ਐਰ ਘੱਟ ਸਮੇਂ ਦੇ ਵਿੱਚ ਆਪਣੀ ਗੱਲ ਕਹਿਣ ਵਾਲੇ ਸਰਦਾਰ ਹਰਦੀਪ ਸਿੰਘ ਮੂੰਡੀਆਂ ਜੀ ਹਨ। (ਥੰਪਿੰਗ) ਮੁੰਡੀਆਂ ਜੀ ਅਗਲੇ ਬੁਲਾਰੇ ਤੋਂ ਬਾਅਦ ਤੁਹਾਨੂੰ ਤਿੰਨ ਮਿੰਟ ਵੱਖਰੇ ਦਿੱਤੇ ਜਾਣਗੇ।

**ਇੱਕ ਆਵਾਜ਼**: ਇੱਕ ਲੇਡੀ ਮੈਂਬਰ ਬੋਲਣ ਤੋਂ ਰਹਿ ਗਏ ਹਨ।

**ਮਾਣਯੋਗ ਸਪੀਕਰ:** ਇਨ੍ਹਾਂ ਨੇ ਮੈਨੂੰ ਦੱਸਿਆ ਹੀ ਨਹੀਂ ਹੈ। ਲੇਡੀਜ਼ ਨੂੰ ਤਾਂ ਪ੍ਰੈਫਰੈਂਸ ਹੈ, ਉਹ ਜਦੋਂ ਮਰਜ਼ੀ ਬੋਲ ਸਕਦੀਆਂ ਹਨ।

**ਡਾਕਟਰ ਜੀਵਨਜੋਤ ਕੌਰ (ਅੰਮ੍ਰਿਤਸਰ ਪੂਰਬੀ):** ਧੰਨਵਾਦ ਸਪੀਕਰ ਸਾਹਿਬ। ਵੈਸੇ ਤੁਸੀਂ ਵੂਮੈਨ ਡੇਅ ਦੀ ਗੱਲ ਕਰਦੇ ਸੀ। ਪਰ ਮੈਨੂੰ ਲੱਗਦਾ ਹੈ ਕਿ ਔਰਤ ਦੀ ਹੋਂਦ ਨੂੰ ਸੈਲੀਬਰੇਟ ਕਰਨ ਲਈ ਕੋਈ ਇੱਕ ਦਿਨ ਕਦੇ ਵੀ ਕਾਫੀ ਨਹੀਂ ਹੁੰਦਾ। So, every day is a women's day.

**ਮਾਣਯੋਗ ਸਪੀਕਰ:** ਫਿਰ ਤੁਹਾਨੂੰ ਪਹਿਲ ਨਹੀਂ ਮਿਲਣੀ ਸੀ। ਫਿਰ ਤਾਂ ਸਾਰਿਆਂ ਨੂੰ ਬਰਾਬਰ ਮੌਕਾ ਮਿਲੇਗਾ। (ਹਾਸਾ)

**ਡਾਕਟਰ ਜੀਵਨਜੋਤ ਕੌਰ:** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਆਪਣੇ ਹਲਕੇ ਦਾ ਇੱਕ ਬਹੁਤ ਹੀ ਇੰਪਾਰਟੈਂਟ ਇਸ਼ੂ ਤੇ ਦਿਵਾਉਣਾ ਚਾਹੁੰਦੀ ਹਾਂ। ਮੇਰੇ ਹਲਕੇ ਵਿੱਚ ਵੱਲੇ ਵਿਖੇ ਇੱਕ ਫਰੂਟ ਐਂਡ ਵੈਜੀਟੇਬਲ ਮਾਰਕਿਟ ਹੈ ਜੋ ਕਿ Ammunition Dump ਦੇ ਨਜ਼ਦੀਕ ਹੈ। ਇਸ ਕਰਕੇ ਉਸ ਜਗ੍ਹਾ ਤੇ The Works of Defence Act, 1903 ਲਾਗੂ ਹੈ। Though, there is a provision for repair and maintenance under The Works of Defence Act, 1903 ਪਰ ਇਸ ਵੇਲੇ ਇਹ ਇਸ਼ੂ ਹੈ ਕਿ ਸੈਂਟਰ ਦਾ ਕੋਈ ਵੀ ਪ੍ਰੋਜੈਕਟ ਹੁੰਦਾ ਹੈ ਤਾਂ ਉਸ ਦੀ ਤਾਂ ਪਰਮਿਸ਼ਨ ਮਿਲ ਜਾਂਦੀ ਹੈ ਪਰ ਇਸ ਦੇ ਨਾਲ ਹੀ ਇਲਲੀਗਲ ਬਿਲਡਿੰਗਜ਼ ਸਾਰੀਆਂ ਹੀ ਬਣ ਰਹੀਆਂ ਹਨ। ਜਦ ਕਿ ਮੰਡੀ ਦੇ ਸ਼ੈੱਡਜ਼ ਦੀ ਪਰਮਿਸ਼ਨ ਨਹੀਂ ਮਿਲ ਰਹੀ ਹੈ। ਉਥੇ ਸਿਰਫ ਇੱਕ ਪਾਣੀ ਦੀ ਟੈਂਕੀ ਹੈ ਜਿਹੜੀ ਕਿ ਅਨਸੇਫ ਡਿਕਲੇਅਰ ਹੋ ਚੁੱਕੀ ਹੈ। ਸੋ ਗਰਮੀ ਆਉਣ ਵਾਲੀ ਹੈ, ਉਥੋਂ ਦੇ ਹਾਲਾਤ ਬਹੁਤ ਖਰਾਬ ਹਨ। ਮੈਂ ਚਾਹਾਂਗੀ ਕਿ ਕਿਸੇ ਵੀ ਤਰੀਕੇ ਸਰਕਾਰ ਇਸ ਦੇ ਵਿੱਚ ਇੰਟਰਵੀਨ ਕਰਕੇ ਤੇ ਯੂਨੀਅਨ ਡਿਫੈਂਸ ਮਨਿਸਟਰੀ ਦੇ ਰਾਹੀਂ ਇਸ ਨੂੰ ਰਿਜ਼ੋਲਵ ਕਰਵਾਇਆ ਜਾਵੇ।

**ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ) :** ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਜ਼ਰੀਏ ਮਾਣਯੋਗ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਅਤੇ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰਾਮਪੁਰਾ ਦੀ ਬਿਲਡਿੰਗ ਦੀ ਹਾਲਤ ਬਹੁਤ ਖਰਾਬ ਹੈ, ਇਹ ਡਿੱਗਣ ਵਾਲੀ ਹੈ। ਬੱਚਿਆਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਬਿਲਡਿੰਗ ਦੀ ਹਾਲਤ ਸੁਧਾਰੀ ਜਾਵੇ। ਇਹ ਬਿਲਡਿੰਗ ਢਾਹ ਕੇ ਬਨਾਉਣ ਵਾਲੀ ਹੈ। ਧੰਨਵਾਦ, ਸ਼ੁਕਰੀਆ, ਮੇਹਰਬਾਨੀ।

**ਮਾਣਯੋਗ ਸਪੀਕਰ:** ਕਰਿਸਪ ਔਰ ਘੱਟ ਸਮੇਂ ਦੇ ਵਿੱਚ ਆਪਣੀ ਗੱਲ ਕਹਿਣ ਵਿੱਚ ਤੁਹਾਡਾ ਤੇ ਸਰਦਾਰ ਹਰਦੀਪ ਮੁੰਡੀਆਂ ਜੀ ਦਾ ਕੰਪੀਟੀਸ਼ਨ ਹੋ ਗਿਆ ਸੀ। ਹਾਂ ਜੀ, ਸਰਦਾਰ ਹਰਦੀਪ ਸਿੰਘ ਮੂੰਡੀਆਂ ਜੀ, ਤੁਹਾਡੇ ਕੋਲ ਤਿੰਨ ਮਿੰਟ ਹਨ।

**ਸਰਦਾਰ ਹਰਦੀਪ ਸਿੰਘ ਮੁੰਡੀਆਂ (ਸਾਹਨੇਵਾਲ):** ਮਾਣਯੋਗ ਸਪੀਕਰ, ਬਹੁਤ ਬਹੁਤ ਧੰਨਵਾਦ। ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਮਾਤਮਾ ਦਾ ਕਿ ਸਾਨੂੰ ਤੁਹਾਡੇ ਵਰਗੇ ਸਪੀਕਰ ਮਿਲੇ ਹਨ ਤੇ ਇੱਕ ਬਹੁਤ ਹੀ ਇਮਾਨਦਾਰ ਪਾਰਟੀ ਦਾ ਮੈਨੂੰ ਮੈਂਬਰ ਬਣਾਇਆ ਹੈ, ਮੈਂ ਬਹੁਤ ਹੀ ਇਮਾਨਦਾਰ ਮੁੱਖ ਮੰਤਰੀ ਸਾਹਿਬ ਦੀ ਪਾਰਟੀ ਦਾ ਮੈਂਬਰ ਹਾਂ। ਮੈਂ ਪੰਜਾਬ ਦੇ ਨਾਲ ਨਾਲ ਆਪਣੇ ਹਲਕੇ ਦੀ ਸੇਵਾ ਕਰ ਰਿਹਾ ਹਾਂ। ਸੰਤਾਂ, ਮਹਾਤਮਾ ਤੋਂ ਸੁਣਿਆ ਤਾਂ ਸੀ ਕਿ ਜੋ ਦੇਣ ਦੀ ਤਾਕਤ ਰੱਖਦਾ ਹੈ, ਉਹ ਜਾਨਣ ਦੀ ਵੀ ਤਾਕਤ ਰੱਖਦਾ ਹੈ ਕਿ ਇਸ ਨੂੰ ਕੀ ਚਾਹੀਦਾ ਹੈ। ਸੋ ਜਿੱਥੇ ਆਪ ਜੀ ਨੇ ਬੋਲਣ ਦਾ ਸਮਾਂ ਦਿੱਤਾ ਉਥੇ ਹਲਕੇ ਦੇ ਕੰਮਾਂ ਤੋਂ ਲੋਕ ਬਹੁਤ ਜ਼ਿਆਦਾ ਖੁਸ਼ ਹਨ। ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੇ ਵਿੱਚ ਸਾਰੇ ਮਨਿਸਟਰ ਸਾਹਿਬਾਨ, ਮੰਤਰੀ ਸਾਹਿਬ ਖੁਦ, ਅਸੀਂ ਸੋਚਦੇ ਹੁੰਦੇ ਹਾਂ ਕਿ ਇਸ ਏਰੀਏ ਦੇ ਵਿੱਚ ਮੁੱਹਲਾ ਕਲੀਨਿਕ ਚਾਹੀਦਾ ਹੈ, ਉੱਥੇ ਮੁਹੱਲਾ ਕਲੀਨਿਕ ਬਣ ਜਾਂਦਾ ਹੈ। ਅਸੀਂ ਸੋਚਦੇ ਹੁੰਦੇ ਹਾਂ ਕਿ ਇੱਕ ਸਕੂਲ ਦੇ ਵਿੱਚ ਦੋ ਰੂਮ ਚਾਹੀਦੇ ਹਨ, ਮੈਂ ਲੈਟਰ ਲਿਖਦਾ ਹੀ ਹੁੰਦਾ ਹਾਂ ਤੇ ਅਗਲੇ ਦਿਨ ਪਤਾ ਚੱਲਦਾ ਹੈ ਕਿ ਉਸ ਸਕੂਲ ਦੀ ਬਾਊਂਡਰੀ ਵਾਲ ਪਾਸ ਹੋ ਗਈ। 5 ਰੂਮ ਪਾਸ ਹੋ ਗਏ। ਮੈਂ ਸੋਚਦਾ ਹੀ ਹੁੰਦਾ ਹਾਂ ਕਿ ਮੇਰੇ ਹਲਕੇ ਦੇ ਵਿੱਚ ਇੰਡਸਟਰੀ ਲੱਗੇ, ਜਿੱਥੇ ਟਾਟਾ ਸਟੀਲ ਵਰਗੀਆਂ ਇੰਡਸਟਰੀਆਂ ਲੱਗੀਆਂ, ਬਹੁਤ ਵੱਡੇ ਉਦਯੋਗਕਾਰੀ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੋਂ ਖੁਸ਼ ਹੋ ਕੇ ਜਿੱਥੇ ਪੰਜਾਬ ਦੇ ਵਿੱਚ ਇੰਡਸਟਰੀਆਂ ਲਗਾ ਰਹੇ ਹਨ। ਸਭ ਤੋਂ ਵੱਧ ਇੰਡਸਟਰੀਆਂ ਮੇਰੇ ਹਲਕੇ ਸਾਹਨੇਵਾਲ ਦੇ ਵਿੱਚ ਲੱਗੀਆਂ ਹਨ ਕਿਉਂਕਿ ਲੁਧਿਆਣਾ ਦਾ ਸਾਰਾ ਫੋਕਲ ਪੁਆਇੰਟ ਮੇਰੇ ਹਲਕੇ ਵਿੱਚ ਪੈਂਦਾ ਹੈ।

**1225/amandeep kaur/BS khokhar**

**1230/Tarlochan Singh**

ਵਿਰੋਧੀ ਪਾਰਟੀ ਦੇ ਪ੍ਰਧਾਨ ਕਹਿ ਰਹੇ ਸਨ ਕਿ ਇੰਡਸਟਰੀਅਲਿਸਟ ਬਹੁਤ ਦੁੱਖੀ ਹਨ। ਹਰ ਮਹੀਨੇ ਫੋਕਲ ਪੁਆਇੰਟ ਵਿੱਚ ਮੇਰੀ ਸਾਰੇ ਇੰਡਸਟਰੀਅਲਿਸਟਾਂ ਨਾਲ ਮੀਟਿੰਗ ਹੁੰਦੀ ਹੈ। ਜਿਵੇਂ ਉਨ੍ਹਾਂ ਨੇ ਦੱਸਿਆ ਹੈ ਕਿ ਜੇਕਰ 70-75 ਸਾਲਾਂ ਵਿੱਚ ਕੋਈ ਕੰਮ ਹੋਏ ਹਨ, ਜੇ ਕਿਤੇ ਸਾਡੀ ਸੁਣੀ ਜਾਂਦੀ ਹੈ ਤਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਵਿੱਚ ਸੁਣੀ ਜਾਂਦੀ ਹੈ। (ਥੰਪਿੰਗ) ਉਨ੍ਹਾਂ ਨੇ ਦੱਸਿਆ ਕਿ ਸਰਕਾਰ ਬਣਦੇ ਸਾਰ ਹੀ

ਫੋਕਲ ਪੁਆਇੰਟ ਦੀਆਂ 50 ਕਰੋੜ ਰੁਪਏ ਦੀਆਂ ਸੜਕਾਂ ਬਣਾਈਆਂ ਗਈਆਂ ਹਨ ਤਾਂ ਇਹ ਵੀ ਮੁੱਖ ਮੰਤਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦੇਣ ਹੈ। ਉਨ੍ਹਾਂ ਨੇ ਇੰਨੀਆਂ ਜ਼ਿਆਦਾ ਤਾਰੀਫਾਂ ਕੀਤੀਆਂ ਅਤੇ ਕਹਿੰਦੇ ਕਿ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਅਸੀਂ ਸੋਚਦੇ ਹੀ ਹਾਂ ਕਿ ਮੁੱਖ ਮੰਤਰੀ ਸਾਹਿਬ ਨੂੰ ਮਿਲਣਾ ਹੈ, ਉਸੇ ਸਮੇਂ ਹੀ ਪਾਰਟੀ ਸੁਪਰੀਮੋ ਕੇਜਰੀਵਾਲ ਜੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਜੀ ਵਪਾਰੀਆਂ ਨਾਲ ਮਿਲਣੀ ਰੱਖ ਲੈਂਦੇ ਹਨ। ਮੁੱਖ ਮੰਤਰੀ ਜੀ ਉਨ੍ਹਾਂ ਦੀਆਂ ਹਰ ਮੁਸ਼ਕਲ ਮੌਕੇ ਤੇ ਹੀ ਸੁਣਦੇ ਹਨ ਅਤੇ ਮੌਕੇ ਤੇ ਹੀ ਹੱਲ ਕਰ ਦਿੰਦੇ ਹਨ। ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਸੋ, ਇੰਨਾ ਕਹਿੰਦਾ ਹੋਇਆ ਮੈਂ ਪੂਰੇ ਪੰਜਾਬ ਵੱਲੋਂ, ਪੰਜਾਬ ਦੀਆਂ ਮਾਤਾਵਾਂ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ। ਮੈਂ ਮੁੱਖ ਮੰਤਰੀ ਸਾਹਿਬ ਦਾ ਇੱਕ ਹੋਰ ਧੰਨਵਾਦ ਕਰਦਾ ਹਾਂ ਕਿ ਜਿੱਥੇ ਬਜ਼ੁਰਗਾਂ ਵੱਲੋਂ, ਮਾਤਾਵਾਂ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਦੁਆਵਾਂ ਅਤੇ ਆਸ਼ੀਰਵਾਦ ਮਿਲਦੇ ਹਨ, ਸਾਡੇ ਤੇ ਵੀ ਬਹੁਤ ਕਿਰਪਾ ਰਹਿੰਦੀ ਹੈ। ਜਿਸ ਵੀ ਪਿੰਡ, ਮੁਹੱਲੇ ਜਾਂਦੇ ਹਾਂ, ਮਾਤਾਵਾਂ ਬਜ਼ੁਰਗ ਬਹੁਤ ਆਸ਼ੀਰਵਾਦ ਦਿੰਦੇ ਹਨ ਕਿ ਪੁੱਤ, ਜਿਉਂਦੇ ਰਹੋ, ਬਹੁਤ ਤਰੱਕੀਆਂ ਕਰੋ, ਤੁਸੀਂ ਲੋਕਾਂ ਦੀ ਸੇਵਾ ਕਰ ਰਹੇ ਹੋ ਅਤੇ ਇਸ ਤਰ੍ਹਾਂ ਹੀ ਕਰਦੇ ਰਹੋ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ।

**ਨਵ ਤੇ ਨਵਿਆਉਣੇਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਇੱਕ ਮਿੰਟ ਲੈਣਾ ਹੈ।

ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੈਨੂੰ ਤੁਹਾਡੇ ਨਾਲ ਇਸ ਹਾਊਸ ਵਿੱਚ 7 ਸਾਲ ਹੋ ਗਏ ਹਨ। ਅੱਜ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਸਾਰੇ ਹਾਊਸ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਜਿੱਥੇ ਹਮੇਸ਼ਾ ਇਹ ਜੱਦੋ ਜਹਿਦ ਰਹਿੰਦੀ ਸੀ ਕਿ ਜ਼ੀਰੋ ਆਵਰ ਵਿੱਚ ਬੋਲਿਆ ਜਾਵੇ, ਜਿਹੜਾ ਜ਼ੀਰੋ ਆਵਰ 10-15-20 ਮਿੰਟ ਦਾ ਹੁੰਦਾ ਸੀ, ਉਸ ਜ਼ੀਰੋ ਆਵਰ ਨੂੰ 1 ਘੰਟਾ 32 ਮਿੰਟ ਚਲਾਉਣ ਲਈ ਤੁਹਾਨੂੰ ਮੁਬਾਰਕਬਾਦ ਹੈ। (ਜ਼ੋਰਦਾਰ ਥੰਪਿੰਗ) ਅਖੀਰ ਵਿੱਚ ਤੁਹਾਨੂੰ ਮੁਬਾਰਕਬਾਦ ਹੈ, ਤੁਹਾਡਾ ਸਾਰੇ ਹਾਊਸ ਵੱਲੋਂ ਧੰਨਵਾਦ ਹੈ। ਜ਼ੀਰੋ ਆਵਰ ਵਿੱਚ ਤੁਸੀਂ ਇਸ਼ੂਜ਼ ਚੁੱਕਣ ਦੀ ਤਾਂਘ ਵੀ ਜ਼ੀਰੋ ਕਰ ਦਿੱਤੀ ਅਤੇ ਸਾਰੇ ਸਾਥੀਆਂ ਦੀ ਕੰਪਲੇਂਟ ਵੀ ਜ਼ੀਰੋ ਕਰ ਦਿੱਤੀ ਹੈ। ਸੋ, ਤੁਹਾਨੂੰ ਬਹੁਤ ਬਹੁਤ ਮੁਬਾਰਕਬਾਦ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ** : ਅੱਜ ਜਿਹੜੇ 1-2 ਸਾਥੀ ਰਹਿ ਗਏ ਹਨ, ਅਗਲੀ ਸਿਟਿੰਗ ਵਿੱਚ ਉਨ੍ਹਾਂ ਤੋਂ ਸ਼ੁਰੂਆਤ ਕੀਤੀ ਜਾਵੇਗੀ। ਧੰਨਵਾਦ।

## CALLING ATTENTION NOTICE (NO. 25 & 26)

**1. ਸਰਦਾਰ ਮਨਪ੍ਰੀਤ ਸਿੰਘ ਇਆਲੀ**

**2. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**

**3. ਸ਼੍ਰੀਮਤੀ ਗਨੀਵ ਕੌਰ ਮਜੀਠੀਆ** : ਅਸੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੇ ਹਾਂ ਭਾਵ ਰਾਜ ਵਿੱਚ ਲਗਾਤਾਰ ਦੋ - ਤਿੰਨ ਦਿਨਾਂ ਤੋਂ ਬੇਮੌਸਮੇ ਮੀਂਹ ਤੇ ਤੇਜ਼ ਹਵਾਵਾਂ ਨਾਲ ਹੋਈ ਗੜ੍ਹੇਮਾਰੀ ਨੇ ਕਿਸਾਨਾਂ ਦੀਆਂ ਪੱਕਣ ਨੇੜੇ ਪਹੁੰਚੀਆਂ ਖਾਸ ਕਰਕੇ ਕਣਕ ਤੇ ਆਲੂਆਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਕਰ ਦਿੱਤਾ। ਗਰੀਬ ਖੇਤ ਮਜ਼ਦੂਰਾਂ ਦਾ ਵੀ ਵੱਡਾ ਨੁਕਸਾਨ ਹੋਇਆ ਜੋ ਕਿ ਕਿਸਾਨੀ ਦੇ ਨਾਲ ਹੀ ਪ੍ਰਭਾਵਿਤ ਹੁੰਦੇ ਹਨ।

ਬਠਿੰਡਾ ਤੇ ਮੋਗਾ ਜ਼ਿਲ੍ਹੇ ਦੇ ਬਾਹਰੀ ਇਲਾਕੇ ਵਿੱਚ ਵਾਵਰੋਲੇ ਤੇ ਗੜ੍ਹੇਮਾਰੀ ਨੇ ਤਬਾਹੀ ਹੀ ਮਚਾ ਦਿੱਤੀ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਮੁਕੇਰੀਆਂ, ਜਲੰਧਰ ਤੇ ਹੋਰਨਾਂ ਇਲਾਕਿਆਂ ਵਿੱਚ ਵੀ ਤੇਜ਼ ਹਵਾਵਾਂ ਤੋਂ ਇਲਾਵਾ ਗੜ੍ਹਿਆਂ ਨੇ ਕਣਕ ਤੇ ਆਲੂਆਂ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਹੈ। ਬਠਿੰਡਾ ਤੇ ਫਿਰੋਜ਼ਪੁਰ ਵਿੱਚ ਤਾਂ ਗੜ੍ਹਿਆਂ ਨਾਲ ਧਰਤੀ ਹੀ ਇੱਕ ਤਰ੍ਹਾਂ ਨਾਲ ਚਿੱਟੀ ਹੋ ਗਈ। ਕਈ ਥਾਵਾਂ ਤੇ ਤਾਂ ਕਣਕ ਦੀ ਫਸਲ ਪੂਰੀ ਤਰ੍ਹਾਂ ਨਾਲ ਜ਼ਮੀਨ ਤੇ ਵਿਛ ਗਈ ਤੇ ਕਣਕਾਂ ਦੇ ਛਿੱਟੇ ਵੀ ਨੁਕਸਾਨੇ ਗਏ ਹਨ ਤੇ ਰਹਿੰਦੀ-ਖੂੰਹਦੀ ਕਸਰ ਗੜ੍ਹਿਆਂ ਨੇ ਪੂਰੀ ਕਰ ਦਿੱਤੀ। ਇਸੇ ਤਰ੍ਹਾਂ ਆਲੂਆਂ ਦੀ ਪੁਟਾਈ ਦਾ ਕੰਮ ਵੀ ਜ਼ੋਰਾਂ ਤੇ ਚੱਲ ਰਿਹਾ ਸੀ ਤੇ ਉਸ ਨਾਲ ਖੇਤ ਮਜ਼ਦੂਰਾਂ ਦਾ ਵੀ ਨੁਕਸਾਨ ਹੋ ਗਿਆ। ਮੀਂਹ ਨਾਲ ਖਾਲਾਂ ਵਿੱਚ ਪਾਣੀ ਭਰਨ ਨਾਲ ਜਿੱਥੇ ਆਲੂਆਂ ਦੀ ਪੁਟਾਈ ਵਿੱਚ ਦੇਰੀ ਹੋਣ ਦੀ ਸੰਭਾਵਨਾ, ਉਥੇ ਮੀਂਹ ਤੇ ਗੜ੍ਹੇਮਾਰੀ ਨਾਲ ਆਲੂਆਂ ਦੇ ਗਲਣ ਦੀ ਵੀ ਚਿੰਤਾ ਸਤਾਉਣ ਲੱਗੀ ਹੈ। ਇਨ੍ਹਾਂ ਫਸਲਾਂ ਤੋਂ ਇਲਾਵਾ ਕਈ ਥਾਵਾਂ ਤੇ ਸਰ੍ਹੋਂ ਦੀ ਫਸਲ ਨੂੰ ਵੀ ਨੁਕਸਾਨ ਪੁੱਜਾ ਤੇ ਗੜ੍ਹੇਮਾਰੀ ਨਾਲ ਸਰ੍ਹੋਂ ਦੇ ਫੁੱਲ ਝੜ ਗਏ, ਪਸ਼ੂਆਂ ਦਾ ਹਰਾ ਚਾਰਾ ਵੀ ਪੂਰੀ ਤਰ੍ਹਾਂ ਟੁੰਡ-ਮਰੁੰਡ ਹੋ ਗਿਆ ਅਤੇ ਸਬਜ਼ੀਆਂ ਦੀ ਫਸਲਾਂ ਦਾ ਵੀ ਕਾਫੀ ਨੁਕਸਾਨ ਹੋਇਆ ਹੈ।

ਅਸੀਂ ਮੰਗ ਕਰਦੇ ਹਾਂ ਕਿ ਰਾਜ ਸਰਕਾਰ ਇਸ ਅਤਿ ਗੰਭੀਰ ਮਾਮਲੇ ਤੇ ਫੌਰੀ ਧਿਆਨ ਦੇਵੇ ਤੇ ਰਾਜ ਵਿੱਚ ਕੁਦਰਤੀ ਕਰੋਪੀ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਵੱਖ ਵੱਖ ਫਸਲਾਂ ਦੇ ਹੋਏ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਤੁਰੰਤ ਪ੍ਰਭਾਵਿਤ ਕਿਸਾਨਾਂ ਨੂੰ ਦੇਵੇ ਤਾਂ ਜੋ ਕਿਸਾਨਾਂ ਨੂੰ, ਜੋ ਪਹਿਲਾਂ ਹੀ ਕਰਜ਼ਿਆਂ ਥੱਲੇ ਦੱਬਿਆ ਹੋਇਆ ਹੈ, ਨੂੰ ਹੋਰ ਭਾਰੀ ਵਿੱਤੀ ਨੁਕਸਾਨ ਤੋਂ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ, ਅਤਿਅੰਤ ਮਹੱਤਤਾ ਅਤੇ ਗੰਭੀਰਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**1230/Tarlochan Singh/Rajneesh kumar**

**1235/mehak**

**ਮਾਲ ਮੰਤਰੀ(ਸ੍ਰੀ ਬ੍ਰਮ ਸ਼ੰਕਰ):** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਜਿਹੜਾ ਮੁੱਦਾ ਲਿਆਂਦਾ ਹੈ, ਕੋਈ ਵੀ ਪ੍ਰਾਕਿਰਤਿਕ ਆਪਦਾ ਆਉਂਦੀ ਹੈ ਜਿਵੇਂ ਪਿਛਲੇ ਦਿਨੀਂ ਹੜ੍ਹ ਆਏ ਸਨ ਤਾਂ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਸਰਕਾਰ ਨੇ ਆਪਣੇ ਕਿਸਾਨ ਵੀਰਾਂ ਲਈ ਤੁਰੰਤ ਹੀ ਆਪਣਾ ਆਉਣ ਤੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਫੰਡ ਰਿਲੀਜ਼ ਕੀਤੇ ਸਨ ਔਰ ਜਿਸ ਤਰ੍ਹਾਂ ਰਿਪੋਰਟ ਆਉਂਦੀ ਗਈ ਤਾਂ ਸਾਰੇ ਕਿਸਾਨਾਂ ਦੇ ਪੈਸੇ ਦਿੱਤੇ ਗਏ। ਮੈਂ ਕਹਿ ਸਕਦਾ ਹਾਂ ਕਿ ਇਸ ਵਿੱਚ ਚਾਹੇ ਸਪੈਸ਼ਲ ਗਿਰਦਾਵਰੀ ਵੀ ਕਰਵਾਉਣੀ ਪਵੇ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਜ਼ਿਆਦਾ ਗੜ੍ਹੇਮਾਰੀ ਹੋਈ ਹੈ, ਉਹ ਕਰਵਾਈ ਜਾਵੇਗੀ ਔਰ ਜਿਹੜੀ ਗਿਰਦਾਵਰੀ 01 ਮਾਰਚ ਤੋਂ 31 ਮਾਰਚ ਤੱਕ ਰੈਗੂਲਰ ਹੋਣੀ ਹੈ ਉਹ ਵੀ ਕਰਵਾਈ ਜਾਵੇਗੀ। ਜ਼ਿਲ੍ਹਾ ਡਿਪਟੀ ਕਮਿਸ਼ਨਰ ਤੋਂ ਜਲਦ ਰਿਪੋਰਟ ਲੈ ਕੇ ਫੰਡਜ਼ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਕਿ ਜਿਹੜੇ ਸਾਡੇ ਕਿਸਾਨਾਂ ਨੇ ਇੰਨੀ ਮਿਹਨਤ ਨਾਲ ਫਸਲ ਉਗਾਈ ਹੈ, ਉਨ੍ਹਾਂ ਦਾ ਨੁਕਸਾਨ ਨਾ ਹੋਵੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ। ਪਿਛਲੇ ਸਮੇਂ ਵਿੱਚ ਫਸਲਾਂ ਦਾ ਬਹੁਤ ਨੁਕਸਾਨ ਹੋਇਆ ਅਤੇ ਜ਼ਿਆਦਾਤਰ ਜ਼ਿੰਮੀਂਦਾਰ ਕਿਸਾਨ ਠੇਕੇ ਤੇ ਜ਼ਮੀਨ ਲੈ ਕੇ ਖੇਤੀ ਕਰ ਰਹੇ ਹਨ। ਜਦੋਂ ਕੋਈ ਇਸ ਤਰ੍ਹਾਂ ਦਾ ਨੁਕਸਾਨ ਹੋ ਜਾਂਦਾ ਹੈ, ਹੜ੍ਹ ਆ ਜਾਂਦੇ ਹਨ ਜਾਂ ਗੜ੍ਹੇਮਾਰੀ ਕਰਕੇ ਨੁਕਸਾਨ ਹੋ ਜਾਂਦਾ ਹੈ ਤਾਂ ਸਰਕਾਰ ਵੱਲੋਂ ਬਣਦਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਹੈ ਅਤੇ ਬਹੁਤ ਘੱਟ ਪੈਸੇ ਦਿੱਤੇ ਜਾਂਦੇ ਹਨ ਜਿਸ ਨਾਲ ਉਸ ਨੁਕਸਾਨ ਦੀ ਪੂਰਤੀ ਨਹੀਂ ਹੁੰਦੀ ਹੈ। ਇਸ ਲਈ ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇ ਅਤੇ ਮੁਆਵਜ਼ੇ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਜਿੰਨਾ ਨੁਕਸਾਨ ਹੋਇਆ ਹੈ, ਉੱਨੀ ਹੀ ਕਿਸਾਨ ਦੀ ਮਦਦ ਕੀਤੀ ਜਾਵੇ।

**ਮੰਤਰੀ:** ਇਹ ਮੁਆਵਜ਼ਾ ਸੈਂਟਰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਦਿੱਤਾ ਜਾਂਦਾ ਹੈ ਲੇਕਿਨ ਫਿਰ ਵੀ ਵਿਸ਼ੇਸ਼ ਤੌਰ ਤੇ ਜੇ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਅਸੀਂ ਬੈਠ ਕੇ ਚਰਚਾ ਕਰ ਸਕਦੇ ਹਾਂ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਪਿਛਲੀ ਵਾਰੀ ਜਦੋਂ ਜੁਲਾਈ ਵਿੱਚ ਹੜ੍ਹ ਆਏ ਤਾਂ ਸ਼ਹੀਦ ਭਗਤ ਸਿੰਘ ਨਗਰ ਵਿੱਚ ਬਹੁਤ ਜ਼ਿਆਦਾ ਨੁਕਸਾਨ ਹੋਇਆ। ਅਸੀਂ ਉਸ ਲਈ ਡੀ.ਸੀ. ਸਾਹਿਬ ਨੂੰ ਜਾ ਕੇ ਮਿਲੇ ਕਿ ਜਿਹੜਾ ਮਜ਼ਦੂਰ ਔਰ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਲੋਕਾਂ ਦੇ ਮਕਾਨ ਢਹਿ ਗਏ ਹਨ, ਇਸ ਸਬੰਧੀ ਗਿਰਦਾਵਰੀ ਕਰਵਾਈ ਜਾਵੇ। ਡੀ.ਸੀ. ਸਾਹਿਬ ਕਹਿੰਦੇ ਕਿ ਗਿਰਦਾਵਰੀ ਕਰਵਾਉਣ ਦੀ ਲੋੜ ਨਹੀਂ ਹੈ

ਕਿਉਂਕਿ ਸਾਡੇ ਕੋਲ ਮੁਲਾਜ਼ਮ ਨਹੀਂ ਹਨ। ਉਹ ਕਹਿੰਦੇ ਕਿ ਮੈਂ ਸੈਟੇਲਾਈਟ ਤੋਂ ਫੋਟੋਆਂ ਕੱਢ ਲਈਆਂ ਹਨ ਕਿ ਕਿੱਥੇ ਕਿੱਥੇ ਨੁਕਸਾਨ ਹੋਇਆ ਹੈ। ਮੈਂ ਬੜਾ ਖੁਸ਼ ਹੋਇਆ ਕਿ ਭਗਵੰਤ ਮਾਨ ਸਰਕਾਰ ਇੰਨੀ ਤੇਜ਼ ਹੈ ਕਿ ਹੁਣ ਸੈਟੇਲਾਈਟ ਦੀ ਵਰਤੋਂ ਕਰਨ ਲੱਗ ਪਏ ਹਨ ਪਰ ਅਫਸੋਸ ਉਸ ਗੱਲ ਦਾ ਹੋਇਆ ਕਿ ਅਸੀਂ ਉਸ ਤੋਂ ਬਾਅਦ ਉਨ੍ਹਾਂ ਨੂੰ ਲਿਸਟਾਂ ਵੀ ਦਿੱਤੀਆਂ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਕਿਤੇ ਇਹ ਨਾ ਹੋਵੇ ਕਿ ਸੈਟੇਲਾਈਟ ਤੋਂ ਹੀ ਗਿਰਦਾਵਰੀ ਕਰਵਾ ਲਈ ਜਾਵੇ। ਕਿਸੇ ਵੀ ਮਹਿਕਮੇ ਵਿੱਚ ਜੇ ਪਟਵਾਰੀ ਘੱਟ ਹਨ ਤਾਂ ਉਨ੍ਹਾਂ ਨਾਲ ਕੋਈ ਹੋਰ ਹੈਲਪਰ ਲਗਾ ਕੇ ਜਾਂ ਰਿਟਾਇਰਡ ਬੰਦਿਆਂ ਦੀ ਹੈਲਪ ਲੈ ਕੇ ਇਹ ਗਿਰਦਾਵਰੀ ਜਲਦੀ ਕਰਵਾਉਣ ਦੀ ਖੇਚਲ ਕੀਤੀ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੇਰੇ ਆਪਣੇ ਹਲਕੇ ਵਿੱਚ ਇੱਕ ਪਿੰਡ ਕੋਟ ਸੁਖੀਆ ਵਿੱਚ ਇਨਕੁਆਰੀ ਕਰਵਾਉਣੀ ਹੈ ਜਿੱਥੇ ਪਟਵਾਰੀ ਦੀ ਸ਼ਿਕਾਇਤ ਆਈ ਹੈ ਕਿ ਉਸ ਨੇ ਜਿਨ੍ਹਾਂ ਦਾ ਨੁਕਸਾਨ ਹੋਇਆ, ਉਨ੍ਹਾਂ ਦੇ ਨਾਂ ਲਿਸਟ ਵਿੱਚ ਨਹੀਂ ਪਾਏ ਤੇ ਜਿਨ੍ਹਾਂ ਦਾ ਨੁਕਸਾਨ ਨਹੀਂ ਹੋਇਆ ਹੈ, ਉਨ੍ਹਾਂ ਨੂੰ ਮੁਆਵਜ਼ਾ ਮਿਲ ਗਿਆ ਹੈ। ਜੇ ਕੋਈ ਆਪਾਂ ਇਨਕੁਆਰੀ ਕਰਵਾ ਕੇ ਸਖਤ ਐਕਸ਼ਨ ਲਈਏ ਤਾਂ ਠੀਕ ਰਹੇਗਾ।

**ਮੰਤਰੀ:** ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਤੁਸੀਂ ਬੜੀ ਜ਼ਰੂਰੀ ਗੱਲ ਵੱਲ ਧਿਆਨ ਦਿਵਾਇਆ ਔਰ ਐਮ.ਐਲ.ਏ. ਡਾਕਟਰ ਸੁਖਵਿੰਦਰ ਜੀ ਨੇ ਵੀ ਜ਼ਰੂਰੀ ਗੱਲ ਵੱਲ ਧਿਆਨ ਦਿਵਾਇਆ। ਇੱਥੇ ਮੇਰੇ ਸਾਰੇ ਭਰਾ ਬੈਠੇ ਹਨ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਬੰਗਾ ਜਾਂ ਨਵਾਂ ਸ਼ਹਿਰ ਦਾ ਹੀ ਨਹੀਂ ਬਲਕਿ ਇਸ ਤਰ੍ਹਾਂ ਦੇ ਕੋਈ ਹੋਰ ਵਿਸ਼ੇਸ਼ ਕੇਸ ਜੇਕਰ ਮੇਰੇ ਧਿਆਨ ਵਿੱਚ ਲਿਆਏ ਜਾਣਗੇ ਤਾਂ ਉਨ੍ਹਾਂ ਡੀ.ਸੀਜ਼ ਨੂੰ ਅੱਜ ਹੀ ਫੋਨ ਕੀਤਾ ਜਾਵੇਗਾ ਕਿ ਇਹ ਰਿਪੋਰਟ ਕਿਉਂ ਨਹੀਂ ਆਈ ਅਤੇ ਕੰਮ ਕਿਉਂ ਨਹੀਂ ਹੋਇਆ।

**ਮਾਣਯੋਗ ਸਪੀਕਰ:** ਧੰਨਵਾਦ ਜੀ।

---

**1240/Sukhpiar Singh**

## RESOLUTION

**ਮਾਣਯੋਗ ਸਪੀਕਰ:** ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮਤਾ ਪੇਸ਼ ਕਰਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਸਦਨ ਵਿੱਚ ਮਤਾ ਪੇਸ਼ ਕਰਨ ਦੀ ਇਜਾਜ਼ਤ ਦਿੱਤੀ। ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਸੂਬੇ ਦੇ ਗੰਧਲੇ ਹੋ ਰਹੇ ਵਾਤਾਵਰਣ ਕਾਰਨ ਮਨੁੱਖਤਾ ਅਤੇ ਪਸ਼ੂਆਂ-ਪੰਛੀਆਂ ਤੇ ਪੈਣ ਵਾਲੇ ਖ਼ਤਰਨਾਕ ਪ੍ਰਭਾਵਾਂ ਤੋਂ ਬਚਾਉਣ ਲਈ ਰਾਜ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਪਹਿਲਾਂ ਤੋਂ ਲੱਗੇ ਹੋਏ ਦਰੱਖਤਾਂ ਦੀ ਨਜਾਇਜ਼ ਕਟਾਈ ਨੂੰ ਰੋਕਣ ਲਈ ਇੱਕ ਢੁੱਕਵਾਂ ਕਾਨੂੰਨ ਬਣਾਉਣ ਲਈ ਅਸਰਦਾਰ ਕਦਮ ਚੁੱਕੇ ਜਾਣ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

"ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਸੂਬੇ ਦੇ ਗੰਧਲੇ ਹੋ ਰਹੇ ਵਾਤਾਵਰਣ ਕਾਰਨ ਮਨੁੱਖਤਾ ਅਤੇ ਪਸ਼ੂਆਂ-ਪੰਛੀਆਂ ਤੇ ਪੈਣ ਵਾਲੇ ਖ਼ਤਰਨਾਕ ਪ੍ਰਭਾਵਾਂ ਤੋਂ ਬਚਾਉਣ ਲਈ ਰਾਜ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਪਹਿਲਾਂ ਤੋਂ ਲੱਗੇ ਹੋਏ ਦਰੱਖਤਾਂ ਦੀ ਨਜਾਇਜ਼ ਕਟਾਈ ਨੂੰ ਰੋਕਣ ਲਈ ਇੱਕ ਢੁੱਕਵਾਂ ਕਾਨੂੰਨ ਬਣਾਉਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਬਹਿਸ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ):** ਸਰ, ਸਾਡਾ ਵਾਤਾਵਰਣ ਕਿਸੇ ਵੀ ਮਨੁੱਖ, ਜਾਨਵਰ, ਪੰਛੀ, ਜੋ ਵੀ ਇਸ ਧਰਤੀ ਤੇ ਸਾਹ ਲੈਂਦਾ ਹੈ, ਉਸ ਲਈ ਬਹੁਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਸ ਲਈ ਸਾਡੇ ਗੁਰੂ ਸਾਹਿਬਾਨਾਂ ਅਤੇ ਦੇਸ਼ ਤੇ ਦੁਨੀਆਂ ਤੇ ਹੋਏ ਮਹਾਨ ਲੋਕਾਂ ਨੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਬੜੇ ਸੁਝਾਅ ਦਿੱਤੇ। ਇੱਥੋਂ ਤੱਕ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਾਣੀ ਅੰਦਰ ਇਹ ਗੱਲ ਕਹੀ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਉਨ੍ਹਾਂ ਨੇ ਹਵਾ ਨੂੰ ਗੁਰੂ ਦਾ ਦਰਜਾ ਦਿੱਤਾ, ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਅਤੇ ਇਸ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ। ਅਫਸੋਸ ਇਸ ਗੱਲ ਦਾ ਹੈ ਕਿ ਅਸੀਂ ਹਰ ਰੋਜ਼ ਸਵੇਰੇ-ਸ਼ਾਮ ਗੁਰੂ ਨੂੰ ਯਾਦ ਕਰਦੇ ਹਾਂ ਪਰ ਅਸੀਂ ਗੁਰੂ ਦੀਆਂ ਕਹੀਆਂ ਗੱਲਾਂ ਤੇ ਅਸਰ ਨਹੀਂ ਕਰਦੇ, ਉਨ੍ਹਾਂ ਵਿੱਚ ਮੈਂ ਵੀ ਬਾਕੀਆਂ ਵਾਂਗ ਹੀ ਹਾਂ।

ਮੈਂ ਜ਼ਿਆਦਾ ਪੰਜਾਬ ਦੀ ਗੱਲ ਕਰਾਂਗਾ। ਅੱਜ ਸਾਡੇ ਪੰਜਾਬ ਵਿੱਚ ਸਾਡਾ ਪਾਣੀ ਦੂਸ਼ਿਤ ਹੈ, ਸਾਡੀ ਹਵਾ ਖਰਾਬ ਹੋ ਗਈ, ਸਾਡੀ ਧਰਤੀ ਨੇ ਸਾਨੂੰ ਸਾਰਾ ਕੁਝ ਦਿੱਤਾ ਪਰ ਅੱਜ ਉਸ ਨੂੰ ਵੀ ਕੈਂਸਰ ਵਰਗੀਆਂ ਬਿਮਾਰੀਆਂ

ਲੱਗੀਆਂ ਹੋਈਆਂ ਹਨ। ਜੇਕਰ ਹਵਾ ਦੀ ਗੱਲ ਕਰੀਏ, ਪਾਲਿਊਸ਼ਨ ਇੰਨੀ ਜ਼ਿਆਦਾ ਹੈ ਕਿ ਕਈ ਵਾਰੀ ਤਾਂ ਸਾਹ ਲੈਣਾ ਵੀ ਔਖਾ ਹੁੰਦਾ ਹੈ। ਇੱਕ ਡਾਕਟਰ ਹੋਣ ਦੇ ਨਾਤੇ ਮੈਂ ਅਕਸਰ ਦੇਖਿਆ ਹੈ ਕਿ ਜਦੋਂ ਕੋਈ ਵੀ ਫਸਲ ਦੀ ਕਟਾਈ ਸ਼ੁਰੂ ਹੁੰਦੀ ਹੈ, ਉਸ ਵੇਲੇ ਸਾਹ ਦੀਆਂ ਬਿਮਾਰੀਆਂ ਬਹੁਤ ਵੱਡੀ ਗਿਣਤੀ ਵਿੱਚ ਵੱਧ ਜਾਂਦੀਆਂ ਹਨ। ਅੱਜ ਦੇ ਜ਼ਮਾਨੇ ਵਿੱਚ ਇਨਸਾਨ ਨੇ ਬਹੁਤ ਤਰੱਕੀ ਕਰ ਲਈ ਹੈ, ਜਿੱਥੇ ਅਸੀਂ ਇੱਕ ਸਮੇਂ ਤੇ ਪੈਦਲ ਚਲਦੇ ਸੀ, ਫਿਰ ਗੱਡਿਆਂ ਦੀ ਗੱਲ ਆਈ, ਅੱਜ ਕਾਰਾਂ, ਟਰੈਕਟਰਾਂ, ਟਰਾਲੀਆਂ ਅਤੇ ਹਵਾਈ ਜਹਾਜ਼ਾਂ ਦੀ ਗੱਲ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਅਸੀਂ ਆਪਣੀਆਂ ਸੁੱਖ ਸਹੂਲਤਾਂ ਲਈ ਇਸ ਗੱਲ ਤੋਂ ਖੁੰਝਦੇ ਰਹੇ ਕਿ ਇਹ ਚੀਜ਼ਾਂ ਸਾਨੂੰ ਨੁਕਸਾਨ ਵੀ ਕਰਦੀਆਂ ਹਨ। ਅੱਜ ਸਾਡੀ ਹਵਾ ਇੰਨੀ ਪਾਲਿਊਟਿਡ ਹੈ ਕਿ ਰਾਤ ਦੇ 11-12 ਵਜੇ ਤੱਕ ਉੱਚੀ-ਉੱਚੀ ਡੀ.ਜੇ. ਵੱਜਦੇ ਹਨ ਜਿੱਥੇ ਉਹ ਆਮ ਲੋਕਾਂ ਦੀ ਨੀਂਦ ਖਰਾਬ ਕਰਦੇ ਹਨ। ਤੁਸੀਂ ਕਈ ਵਾਰੀ ਦੇਖਿਆ ਹੋਵੇਗਾ ਕਿ ਜਦੋਂ ਅਸੀਂ ਕਿਸੇ ਫੰਕਸ਼ਨ ਵਿੱਚ ਜਾਂਦੇ ਹਾਂ ਤਾਂ ਉਥੇ ਸਪੀਕਰ ਇੰਨੀ ਉੱਚੀ ਆਵਾਜ਼ ਵਿੱਚ ਲੱਗੇ ਹੁੰਦੇ ਹਨ ਔਰ ਜਦੋਂ ਅਸੀਂ ਵਾਪਸ ਆਉਂਦੇ ਹਾਂ ਤਾਂ ਦੋ-ਦੋ ਦਿਨ ਕਈ ਵਾਰੀ ਸਾਡੇ ਕੰਨਾਂ ਵਿੱਚੋਂ ਸਾਂ-ਸਾਂ ਦੀ ਆਵਾਜ਼ ਆਉਣੀ ਬੰਦ ਨਹੀਂ ਹੁੰਦੀ।

**1240/Sukhpiar Singh/Monika sharma**

**1245/Manika Rani**

ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਕੰਮ ਜਿੱਥੇ ਸਮਾਜ ਸੇਵੀ ਸੰਸਥਾਵਾਂ ਨੂੰ ਕਰਨਾ ਚਾਹੀਦਾ ਸੀ, ਜਿਹੜੇ ਸੁਲਝੇ ਹੋਏ ਲੋਕ ਹਨ, ਉਨ੍ਹਾਂ ਨੂੰ ਕਰਨਾ ਚਾਹੀਦਾ ਸੀ ਪਰ ਸਭ ਤੋਂ ਵੱਧ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ ਕਿ ਉਹ ਕਾਨੂੰਨ ਲੈ ਕੇ ਆਵੇ ਕਿ ਜਿਹੜਾ ਵਾਤਾਵਰਣ ਸਾਨੂੰ ਸਾਰਾ ਕੁਝ ਦੇ ਰਿਹਾ ਹੈ, ਉਸ ਨੂੰ ਅਸੀਂ ਗੰਧਲਾ ਕਰਨ ਦੀ ਕੋਸ਼ਿਸ਼ ਨਾ ਕਰੀਏ। ਅੱਜ ਜੇਕਰ ਕਿਸਾਨ ਪਰਾਲੀ ਨੂੰ ਅੱਗ ਲਗਾਉਂਦਾ ਹੈ, ਜੇ ਉਹ ਕਮਾਦ ਦੀ ਖੋਰੀ ਨੂੰ ਅੱਗ ਲਗਾਉਂਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਸ ਦੀ ਮਜ਼ਬੂਰੀ ਹੋ ਸਕਦੀ ਹੈ ਪਰ 75 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਸਰਕਾਰਾਂ ਇਸ ਦਾ ਪੱਕਾ ਹੱਲ ਨਹੀਂ ਲੱਭ ਸਕੀਆਂ। ਮੈਂ ਸਾਰੇ ਮੈਂਬਰਾਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਇਸ ਉੱਤੇ ਸਾਨੂੰ ਸਾਰਿਆਂ ਨੂੰ ਇੱਕ-ਇੱਕ, ਦੋ-ਦੋ ਮਿੰਟ ਦੇ ਵਿਚਾਰ ਜ਼ਰੂਰ ਰੱਖਦੇ ਚਾਹੀਦੇ ਹਨ। ਜੇਕਰ ਆਪਾਂ ਅੱਜ ਕਾਨੂੰਨ ਨਾ ਬਣਾ ਸਕੇ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਬੜੀਆਂ ਹੋਰ ਤਰ੍ਹਾਂ ਦੀਆਂ ਆਉਣਗੀਆਂ ਕਿਉਂਕਿ ਜਿਹੜਾ ਅਸੀਂ ਸਾਡੀ ਧਰਤੀ ਵਿੱਚੋਂ ਪਾਣੀ ਪੀ ਰਹੇ ਹਾਂ, ਉਹ ਵੀ ਸਾਨੂੰ ਸ਼ੁੱਧ ਕਰਕੇ ਦੇਣਾ ਪੈਂਦਾ ਹੈ। ਇੱਕ ਸਮਾਂ ਸੀ, ਜਦੋਂ ਅਸੀਂ ਖੇਤੀ ਕਰਦੇ ਸੀ ਅਤੇ ਖੇਤ ਪਿੰਡ ਤੋਂ ਅੱਠ ਦਸ ਕਿਲੋਮੀਟਰ ਦੂਰ ਸਨ, ਰਸਤੇ ਵਿੱਚ ਦੁਆਬਾ ਬਿਸਤ ਨਹਿਰ ਪੈਂਦੀ ਸੀ। ਅਕਸਰ ਮੈਂ ਕਈ ਵਾਰੀ ਉਸ ਨਹਿਰ ਦਾ ਪਾਣੀ ਪੀ

ਲੈਂਦਾ ਸੀ ਪਰੰਤੂ ਅੱਜ ਮੈਂ ਸਮਝਦਾ ਹਾਂ ਕਿ ਕੋਈ ਵੀ ਬੰਦਾ ਨਹਿਰ ਦਾ ਪਾਣੀ ਨਹੀਂ ਪੀ ਸਕਦਾ। ਸਪੀਕਰ ਸਾਹਿਬ, ਅਸੀਂ ਪੁਣਨ ਵਾਸਤੇ ਕੱਪੜਾ ਰੱਖਦੇ ਸੀ ਤਾਂ ਕਿ ਕੋਈ ਛੋਟੀ-ਮੋਟੀ ਮੱਛੀ ਜਾਂ ਕੋਈ ਹੋਰ ਚੀਜ਼ ਅੰਦਰ ਨਾ ਚਲੀ ਜਾਵੇ। ਅੱਜ ਤੁਸੀਂ ਜੋ ਮਰਜ਼ੀ ਕਰ ਲਵੋ, ਉਹ ਪਾਣੀ ਪੀਣ ਜੋਗਾ ਨਹੀਂ ਰਿਹਾ ਹੈ। ਅੱਜ ਦੇਖੋ, ਕਿੰਨੀਆਂ ਬਿਮਾਰੀਆਂ ਫੈਲ ਗਈਆਂ ਹਨ। ਕੈਂਸਰ ਵਰਗੀਆਂ ਬਿਮਾਰੀਆਂ ਸਾਡੇ ਸਮਾਜ ਵਿੱਚ ਆ ਗਈਆਂ ਹਨ। ਬਠਿੰਡੇ ਵੱਲੋਂ ਇੱਕ ਟਰੇਨ ਗੰਗਾਨਗਰ ਵਿਖੇ ਜਾਂਦੀ ਹੈ, ਉਸ ਟਰੇਨ ਨੂੰ ਸ਼ਾਇਦ ਕੈਂਸਰ ਵਾਲੀ ਟਰੇਨ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮੈਂ ਦੇਖਿਆ ਹੈ ਕਿ ਅਸੀਂ ਲੋਕ ਇਸ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਾਂ, ਪਿਛਲੇ ਦਿਨੀਂ ਮੱਤੇਵਾੜਾ ਵਿਖੇ ਜਿਹੜੀ ਪਲਾਂਟ ਲਗਾਉਣ ਦੀ ਗੱਲ ਸੀ ਤਾਂ ਉਸ ਨੇ ਬਹੁਤ ਵੱਡਾ ਪੋਲਿਊਸ਼ਨ ਕ੍ਰੀਏਟ ਕਰਨਾ ਸੀ। ਇਸੇ ਤਰ੍ਹਾਂ ਜ਼ੀਰੇ ਵਿਖੇ ਜਿਹੜੀ ਸ਼ਰਾਬ ਫੈਕਟਰੀ ਹੈ, ਉਸ ਦੇ ਨੇੜੇ ਇੱਕ ਬੋਰ ਕੀਤਾ ਗਿਆ, ਉਥੇ 300 ਫੁੱਟ ਤੋਂ, ਜਿਹੜਾ ਪਾਣੀ ਨਿਕਲਿਆ, ਉਸ ਦੀ ਸਮੈੱਲ ਇਸ ਤਰ੍ਹਾਂ ਦੀ ਸੀ, ਜਿਵੇਂ ਸ਼ਰਾਬ ਦਾ ਲਾਹਣ ਹੁੰਦਾ ਹੈ। ਉਸ ਦਾ ਵੱਡਾ ਕਾਰਨ ਇਹ ਸੀ ਕਿ ਉਥੇ ਜ਼ਮੀਨ ਦਾ ਉਪਰਲਾ ਪੋਲਿਊਟਿਡ ਵਾਟਰ ਥੱਲੇ ਜਾ ਰਿਹਾ ਸੀ। ਮੈਂ ਸਮਝਦਾ ਹਾਂ ਕਿ ਵਾਤਾਵਰਣ ਨੂੰ ਸਭ ਤੋਂ ਵਧੀਆ ਰੱਖਣ ਲਈ, ਜਿੱਥੇ ਅਸੀਂ ਵਧੀਆ ਰੋਲ ਅਦਾ ਕਰ ਸਕਦੇ ਹਾਂ, ਉਹ ਹੈ ਕਿ ਅਸੀਂ ਜੰਗਲ ਵੱਧ ਤੋਂ ਵੱਧ ਲਗਾਈਏ। ਔਰ ਇਹ ਸਾਡੀ ਬਦਕਿਸਮਤੀ ਹੈ ਕਿ ਜਿੱਥੇ 33% ਲੈਂਡ ਦੀ ਰਿਕੁਮੈਂਡੇਸ਼ਨ ਹੈ ਕਿ ਉਥੇ ਜੰਗਲ ਹੋਣਾ ਚਾਹੀਦਾ ਹੈ ਪਰ ਸਾਡੇ ਪੰਜਾਬ ਦੇ ਵਿੱਚ ਇਹ ਸਿਰਫ 6.1% ਹੈ। ਸਪੀਕਰ ਸਾਹਿਬ, ਤੁਸੀਂ ਸਾਡੇ ਨਾਲ ਸਾਊਥ ਵਿੱਚ ਗਏ ਸੀ, ਅਸੀਂ ਜਿੱਥੇ ਵੀ ਗਏ, ਤੁਹਾਡੇ ਕਰਕੇ ਸਟੇਟ ਦੀ ਜਿਹੜੀ ਚੰਗੀ ਗੱਲ ਸੀ, ਉਹ ਸਾਨੂੰ ਦਿਖਾਈ। ਉਨ੍ਹਾਂ ਵਿੱਚੋਂ ਤੁਸੀਂ ਵੀ ਇੱਕ ਨੋਟ ਕੀਤਾ ਹੋਣਾ ਕਿ ਸਾਨੂੰ ਜੰਗਲਾਂ ਵੱਲ ਲੈ ਕੇ ਗਏ, ਉਨ੍ਹਾਂ ਦੱਸਿਆ ਕਿ 23% ਦੇ ਕਰੀਬ ਸਾਡੇ ਜੰਗਲ ਹਨ ਅਤੇ ਉਸ ਵਿੱਚ ਜਾਨਵਰ ਕਿਸ ਤਰ੍ਹਾਂ ਮੌਜਾਂ ਮਾਣ ਰਹੇ ਸਨ। ਉਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਸੀ। ਸੋ, ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਔਰ ਪੰਜਾਬ ਦੇ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਅਸੀਂ ਦੋ ਸੁਕੇਅਰ ਕਿਲੋਮੀਟਰ ਦੇ ਏਰੀਏ ਵਿੱਚੋਂ ਦਰੱਖਤ ਵੱਢ ਦਿੱਤੇ ਹਨ। ਠੀਕ ਹੈ, ਸਾਨੂੰ ਫੋਰਲੇਨ ਸੜਕਾਂ ਦੀ ਲੋੜ ਹੈ। ਸਾਨੂੰ ਹੋਰ ਸਹੂਲਤਾਂ ਦੀ ਲੋੜ ਹੈ। ਪਰ ਕਿਤੇ ਨਾ ਕਿਤੇ ਕਾਨੂੰਨ ਦੀ ਕਮੀ ਹੈ ਕਿ ਜੇਕਰ ਅਸੀਂ ਕੋਈ ਦਰੱਖਤ ਕੱਟਦੇ ਹਾਂ ਤਾਂ ਅਸੀਂ ਉਸ ਦੇ ਬਦਲੇ ਕੋਈ ਨਵਾਂ ਦਰੱਖਤ ਨਹੀਂ ਲਗਾਉਂਦੇ।

**1245/Manika Rani/Monika sharma**

**1250/Gurpreet kaur**

ਪਿਛਲੀ ਸਰਕਾਰਾਂ ਨੇ ਕਈ ਵਾਰ ਉਪਰਾਲੇ ਵੀ ਕੀਤੇ। ਇਸ ਦੀ ਇੱਕ ਐਗਜ਼ੈਂਪਲ ਵੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦਾ 550 ਵਾਂ ਗੁਰਪੁਰਬ ਸੀ ਉਸ ਵੇਲੇ ਹਰ ਪਿੰਡ ਨੂੰ 550 ਬੂਟੇ ਦੇਣ ਦੀ ਗੱਲ ਕੀਤੀ। ਲੋਕਾਂ ਨੇ ਬੂਟੇ ਲਗਾਏ

ਵੀ ਸਨ। ਟ੍ਰਿਬਿਊਨ ਦੇ ਮੈਡਮ ਵੀਰ ਕਮਲ ਜੀ ਦੀ ਰਿਪੋਰਟ ਹੈ। ਉਹ ਕਹਿੰਦੇ ਹਨ ਕਿ ਸੁਲਤਾਨਪੁਰ ਲੋਧੀ ਦੀ ਧਰਤੀ ਦੇ ਆਲੇ ਦੁਆਲੇ ਪਿੰਡਾਂ ਦਾ ਸਰਵੇਅ ਕੀਤਾ। ਮੈਂ ਦੇਖਿਆ ਕਿ ਜਿਹੜੇ ਬੂਟੇ ਲੱਗੇ ਸਨ ਉਹ 50% ਤੋਂ ਜ਼ਿਆਦਾ ਮਰ ਗਏ ਹਨ। ਉਸ ਦਾ ਵੱਡਾ ਕਾਰਨ ਕਿ ਜਦੋਂ ਕੋਈ ਫਸਲ ਤੋਂ ਬਾਅਦ ਖੇਤ ਨੂੰ ਅੱਗ ਲਗਾਉਂਦੇ ਹਾਂ ਤਾਂ ਉਸ ਦੀ ਗਰਮੈਸ਼ ਨਾਲ ਬੂਟੇ ਸੜ ਗਏ ਹਨ। ਦੂਜਾ ਵੱਡਾ ਕਾਰਨ ਇਹ ਸੀ ਕਿ ਜੰਗਲਾਤ ਮਹਿਕਮਾ ਕਹਿੰਦਾ ਕਿ ਸਾਡਾ ਕੰਮ ਬੂਟਿਆਂ ਨੂੰ ਵੰਡਣਾ ਸੀ ਪਰ ਪੰਚਾਇਤੀ ਰਾਜ ਵੱਲੋਂ ਬੂਟੇ ਲਗਾਏ ਜਾਣੇ ਸਨ। ਮੇਨਟੇਨ ਕਰਨ ਲਈ ਕਿਸੇ ਦੀ ਵੀ ਡਿਊਟੀ ਨਹੀਂ ਲਗਾਈ ਗਈ। ਸੋ, ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਇਸ ਤਰ੍ਹਾਂ ਦਾ ਕਾਨੂੰਨ ਲਿਆਈਏ ਕਿ ਸਾਡਾ ਪੰਜਾਬ ਜਿੱਥੇ ਗੁਰੂਆਂ ਨੇ ਉਪਦੇਸ਼ ਦਿੱਤਾ। ਉਪਦੇਸ਼ ਤਾਂ ਸਾਡੇ ਲਈ ਹੀ ਦਿੱਤਾ ਹੈ। ਅਸੀਂ ਬਿਮਾਰ ਹੋਏ ਹਾਂ। ਅੱਜ ਸਾਨੂੰ ਕੈਂਸਰ ਦੀ ਬਿਮਾਰੀ ਚਿੰਬੜੀ ਪਈ ਹੈ। ਸਾਨੂੰ ਅੱਜ ਨਵੀਆਂ ਨਵੀਆਂ ਬਿਮਾਰੀਆਂ ਲੱਗਦੀਆਂ ਹਨ। ਇੱਥੋਂ ਤੱਕ ਕਿ ਕਈ ਜਾਨਵਰਾਂ ਦੀਆਂ ਪ੍ਰਜਾਤੀਆਂ ਵੀ ਖਤਮ ਹੋ ਗਈਆਂ ਹਨ। ਅਕਸਰ ਸਾਡੇ ਘਰਾਂ ਵਿੱਚ ਚਿੜੀਆਂ ਦੇ ਆਲ੍ਹਣੇ ਹੁੰਦੇ ਸਨ ਉਹ ਅੱਜ ਅਲੋਪ ਹੋ ਚੁੱਕੀਆਂ ਹਨ। ਅੱਜ ਗਿਰਜਾਂ ਵੀ ਅਲੋਪ ਹੋ ਗਈਆਂ ਹਨ। ਇਸ ਟਾਪਿਕ ਤੇ ਕਾਫੀ ਲੰਮਾ ਸਮਾਂ ਬੋਲਿਆ ਜਾ ਸਕਦਾ ਸੀ ਪਰ ਮੈਂ ਸਮਝਦਾ ਹਾਂ ਕਿ ਬਾਕੀ ਮੈਂਬਰ ਵੀ ਸੁਝਾਓ ਦੇਣ। ਮੈਂ ਭਗਵੰਤ ਮਾਨ ਜੀ ਦੀ ਸਰਕਾਰ ਤੋਂ ਇਹ ਆਸ ਕਰਦਾ ਹਾਂ ਕਿ ਚਲੋ, ਜਦੋਂ ਉੱਠੋ ਉਸੇ ਵੇਲੇ ਸਵੇਰਾ। ਅਸੀਂ ਕੋਈ ਇਸ ਤਰ੍ਹਾਂ ਦਾ ਕਾਨੂੰਨ ਲੈ ਕੇ ਆਈਏ ਕਿ ਸਾਡੇ ਜਿਹੜੇ ਲੋਕ ਬਿਨਾਂ ਪੁੱਛੇ ਦਰੱਖਤਾਂ ਨੂੰ ਕੱਟਦੇ ਹਨ, ਜਿਹੜੇ ਲੋਕ ਸਾਡੇ ਐਟਮੋਸਫੀਅਰ ਨੂੰ ਪਲਿਊਟ ਕਰ ਰਹੇ ਹਨ, ਜੋ ਸਾਡੇ ਗੁਰੂਆਂ ਦੀ ਕਹੀ ਗੱਲ ਨੂੰ ਮੰਨਣ ਲਈ ਵੀ ਤਿਆਰ ਨਹੀਂ ਹੈ। ਮੈਂ ਸਮਝਦਾ ਹਾਂ ਕਿ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਹੀ ਗੱਲ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਤੇ ਕੰਮ ਕਰੀਏ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।

ਹਾਂ ਜੀ, ਬੁੱਧ ਰਾਮ ਜੀ।

**ਸ੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ। ਇਹ ਬਹੁਤ ਮਹੱਤਵਪੂਰਨ ਵਿਸ਼ਾ ਹੈ। ਸਾਡੀ ਜ਼ਿੰਦਗੀ ਦੇ ਬਹੁਤ ਸਾਰੇ ਪੱਖ ਹਨ। ਜਿਹੜਾ ਵਾਤਾਵਰਨ ਦਾ ਮੁੱਦਾ ਹੈ ਉਹ ਇੱਕ ਅਜਿਹਾ ਪੱਖ ਹੈ, ਜਿਸ ਕਰਕੇ ਅਸੀਂ ਜਿਉਂਦੇ ਰਹਿ ਸਕਦੇ ਹਾਂ। ਸਾਡੀਆਂ ਕਈ ਤਰ੍ਹਾਂ ਦੀਆਂ ਮੰਗਾਂ ਹਨ। ਅਸੀਂ ਉਨ੍ਹਾਂ ਲਈ ਲੜਦੇ ਝਗੜਦੇ ਹਾਂ ਅਤੇ ਹੋਰ ਵੀ ਕੰਮ ਕਰਦੇ ਹਾਂ ਪਰ ਜੇਕਰ ਵਾਤਾਵਰਨ ਹੀ ਠੀਕ ਨਾ ਰਿਹਾ ਤਾਂ ਸਾਡਾ ਜਿਊਣਾ ਕਿਸ ਕੰਮ ਆਉਂਦਾ ਹੈ। ਇਸ ਦਾ ਕੋਈ ਫਾਇਦਾ

ਨਹੀਂ। ਦੁਨੀਆ ਭਰ ਵਿੱਚ ਵਾਤਾਵਰਨ ਇੱਕ ਮਹੱਤਵਪੂਰਨ ਮੁੱਦਾ ਹੈ। ਭਾਵੇਂ ਯੂ.ਐਨ.ਓ. ਵਿੱਚ ਮੁੱਦਾ ਉੱਠਦਾ ਹੋਵੇ, ਭਾਵੇਂ ਸਪੈਸ਼ਲ ਇਸ ਵਾਸਤੇ ਦੁਬਈ ਕਾਨਫਰੰਸ ਹੋਈ ਸੀ ਅਤੇ ਉਸ ਤੋਂ ਪਹਿਲਾਂ ਫਰਾਂਸ ਦੀ ਕਾਨਫਰੰਸ ਹੋਈ ਸੀ। ਵੱਖ ਵੱਖ ਵਿਸ਼ਿਆਂ ਤੇ ਵਾਤਾਵਰਨ ਦਾ ਕਾਰਬਨ ਦਾ ਫੈਲਾਅ ਹੋ ਰਿਹਾ ਹੈ ਉਸ ਨੂੰ ਘਟਾਉਣ ਵਾਸਤੇ ਅੰਤਰਰਾਸ਼ਟਰੀ ਪੱਧਰ ਤੇ ਵੀ ਮੁੱਦਾ ਉੱਠਦਾ ਹੈ ਪਰ ਇਸ ਤੇ ਅਮਲ ਬਹੁਤ ਘੱਟ ਹੁੰਦਾ ਹੈ। ਸੁੱਖੀ ਜੀ ਆਪ ਡਾਕਟਰ ਹਨ। ਇਹ ਬਹੁਤ ਸਿਆਣੇ ਹਨ। ਇਨ੍ਹਾਂ ਨੇ ਇਹ ਮੁੱਦਾ ਬਹੁਤ ਵਧੀਆ ਰੱਖਿਆ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।

ਨੂੰ ਲੈ ਕੇ ਜਦੋਂ ਗੱਲ ਕਰਦੇ ਹਾਂ ਤਾਂ ਇਹ ਬਿਲਕੁਲ ਠੀਕ ਹੈ। 500 ਸਾਲ ਪਹਿਲਾਂ ਸਾਡੇ ਗੁਰੂਆਂ ਨੇ ਕਿੰਨਾ ਵੱਡਾ ਸੰਦੇਸ਼ ਦਿੱਤਾ ਹੈ। ਧਰਤੀ ਸਾਡੀ ਗੁਰੂ ਹੈ ਜਿਸ ਧਰਤੀ ਤੇ ਅਸੀਂ ਰਹਿੰਦੇ ਹਾਂ। ਸਾਡੀਆਂ ਤਿੰਨ ਮਾਵਾਂ ਹਨ। ਧਰਤੀ ਸਾਡੀ ਮਾਂ ਹੈ। ਇੱਕ ਸਾਡੀ ਜਨਮ ਦੇਣ ਵਾਲੀ ਮਾਂ ਹੈ। ਤੀਜੀ ਮਾਂ ਸਾਡੀ ਮਾਂ ਬੋਲੀ ਹੈ। ਸਾਡੀ ਮਾਂ ਨੇ ਸਾਨੂੰ ਜਨਮ ਦਿੱਤਾ, ਅਸੀਂ ਫਿਰ ਥੋੜ੍ਹੇ ਜਿਹੇ ਵੱਡੇ ਹੋਏ ਅਤੇ ਸਾਨੂੰ ਧਰਤੀ ਮਾਂ ਦੇ ਸਪੁਰਦ ਕਰ ਦਿੱਤਾ। ਉਸ ਤੋਂ ਬਾਅਦ ਧਰਤੀ ਮਾਂ ਵਿੱਚੋਂ ਖਣਿਜ ਪੈਦਾ ਹੋਏ, ਧਰਤੀ ਮਾਂ ਵਿੱਚੋਂ ਕਣਕ ਪੈਦਾ ਹੋਈ।

**1250/Gurpreet kaur/Shubham jain**

**1255/Rajneet Kaur**

ਕਣਕ ਅਤੇ ਹੋਰ ਘਾਹ-ਫੂਸ ਜੋ ਸਾਡੀਆਂ ਗਾਵਾਂ ਮੱਝਾਂ ਖਾਂਦੀਆਂ ਹਨ, ਉਸ ਤੋਂ ਬਾਅਦ ਉਹ ਸਾਨੂੰ ਦੁੱਧ ਦਿੰਦੀਆਂ ਹਨ ਅਤੇ ਉਹੀ ਦੁੱਧ ਅਸੀਂ ਪੀਤਾ। ਅਸੀਂ ਵੱਡੇ ਹੋਏ ਧਰਤੀ ਦੇ ਉੱਪਰ ਘਰ ਪਾਏ, ਮੈਦਾਨ ਤਿਆਰ ਕੀਤੇ ਅਤੇ ਉਸ ਵਿੱਚ ਖੇਡਣ ਲੱਗੇ। ਖੇਤੀ ਕੀਤੀ, ਕਾਰਖਾਨੇ ਲਗਾਏ ਤਾਂ ਧਰਤੀ ਮਾਂ ਨੇ ਸਾਨੂੰ ਬਹੁਤ ਕੁਝ ਦਿੱਤਾ। ਜਿਸ ਮਾਂ ਨੇ ਸਾਨੂੰ ਪੈਦਾ ਕੀਤਾ, ਉਸ ਮਾਂ ਨੇ ਜੇ ਉਹ ਪੰਜਾਬੀ ਬੋਲਦੀ ਸੀ ਤਾਂ ਅਸੀਂ ਪੰਜਾਬੀ ਸਿੱਖੀ ਜਿਹੜੀ ਮਾਂ ਹਿੰਦੀ ਬੋਲਦੀ ਸੀ, ਅਸੀਂ ਹਿੰਦੀ ਸਿੱਖੀ, ਜਿਹੜੀ ਅੰਗਰੇਜ਼ੀ ਬੋਲਦੀ ਸੀ, ਉਸ ਮਾਂ ਨੇ ਅੰਗਰੇਜ਼ੀ ਸਿਖਾਈ। ਜਿਹੜੀ ਮਾਂ ਪੁਆਧੀ ਬੋਲਦੀ ਸੀ, ਉਸ ਨੇ ਪੁਆਧੀ ਬੋਲੀ ਸਿਖਾਈ। ਸੋ, ਧਰਤੀ ਸਾਡੀ ਮਾਂ ਹੈ, ਪਾਣੀ ਸਾਡਾ ਪਿਤਾ ਹੈ ਅਤੇ ਪਵਣ ਸਾਡੀ ਗੁਰੂ ਹੈ। ਅੱਜ ਇਹ ਤਿੰਨੋਂ ਚੀਜ਼ਾਂ ਪਲੀਤ ਹੋ ਰਹੀਆਂ ਹਨ। ਸਪੀਕਰ ਸਾਹਿਬ, ਜਿਹੜੀ ਸਾਡੀ ਪਵਣ ਗੁਰੂ ਸੀ, ਅੱਜ ਕਿਵੇਂ ਵੱਡੇ ਵੱਡੇ ਕਾਰਖਾਨੇ ਲਗਾ ਕੇ ਧੂੰਆਂ ਛੱਡ ਰਹੇ ਹਾਂ। ਕਾਰਖਾਨੇ ਲਗਾਉਣਾ ਵਧੀਆ ਗੱਲ ਹੈ, ਇਸ ਤੋਂ ਬਿਨਾਂ ਵਿਕਾਸ ਨਹੀਂ ਹੁੰਦਾ ਪਰ ਕਾਰਖਾਨੇ ਦੇ ਨਾਲ ਨਾਲ ਧੂੰਏਂ ਨੂੰ ਰੋਕਣ ਲਈ ਮਸ਼ੀਨਰੀ

ਲਗਾਉਣੀ ਵੱਡੀ ਗੱਲ ਹੈ। ਵੱਡੇ ਵੱਡੇ ਤੇਲ ਦੇ ਖੂਹ ਲੱਗੇ, ਦਿਨ ਪ੍ਰਤੀ ਦਿਨ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋਇਆ ਇਸ ਕਰਕੇ ਜਿਹੜੀ ਸਾਡੀ ਪਵਣ ਗੁਰੂ ਪਲੀਤ ਹੋ ਗਈ।

ਇਸ ਤੋਂ ਇਲਾਵਾ ਜਿਹੜੇ ਸਾਡੇ ਪਾਣੀ ਦੇ ਸਰੋਤ ਹਨ, ਵਧ ਰਹੇ ਤਾਪਮਾਨ ਕਰਕੇ ਸਾਡੇ ਗਲੇਸ਼ੀਅਰ ਵੀ ਪਾਣੀ ਹੋ ਰਹੇ ਹਨ। ਇੱਕ ਦਿਨ ਐਸਾ ਆਏਗਾ ਕਿ ਜਿਹੜੇ ਛੋਟੇ ਛੋਟੇ ਟਾਪੂ ਹਨ, ਉਹ ਵੀ ਪਾਣੀ ਦੇ ਵਾਧੇ ਕਾਰਨ ਖਤਮ ਹੋ ਜਾਣਗੇ। ਟਾਪੂਆਂ ਤੇ ਵੱਸੇ ਹੋਏ, ਵੱਡੇ ਵੱਡੇ ਸ਼ਹਿਰਾਂ ਨੂੰ ਖਤਰਾ ਪੈਦਾ ਹੋ ਜਾਵੇਗਾ। ਇਸ ਕਰਕੇ ਪਵਣ ਨੂੰ ਠੰਢਾ ਅਤੇ ਸ਼ਾਂਤ ਰੱਖਣ ਵਾਸਤੇ ਯਤਨ ਕਰਨੇ ਪੈਣੇ ਹਨ, ਤਾਂ ਹੀ ਅਸੀਂ ਸਾਡੇ ਪਵਣ ਗੁਰੂ ਨੂੰ ਨਤਮਸਤਕ ਹੋ ਸਕਦੇ ਹਾਂ। ਇਸੇ ਤਰ੍ਹਾਂ ਪਾਣੀ ਸਾਡਾ ਪਿਤਾ ਹੈ, ਧਰਤੀ ਅੰਦਰਲੇ ਪਾਣੀ ਨਾਲ ਅਸੀਂ ਖਿਲਵਾੜ ਕਰ ਲਿਆ ਹੈ। ਮੈਂ ਇਹ ਨਹੀਂ ਕਹਿੰਦਾ ਕਿ ਖੇਤਾਂ ਵਿੱਚ ਇਹ ਚੀਜ਼ਾਂ ਪਾਉਣੀਆਂ ਜ਼ਰੂਰੀ ਨਹੀਂ ਹਨ, ਰੇਹਾਂ, ਸਪਰੇਆਂ, ਸਲਫਰ, ਯੂਰੀਆ, ਨਾਈਟ੍ਰੋਜਨ ਦੀ ਘਾਟ ਹੈ ਤਾਂ ਪਾਉਣੀਆਂ ਜ਼ਰੂਰੀ ਹਨ। ਜੇਕਰ ਕਿਸੇ ਤਰ੍ਹਾਂ ਦੀ ਵੀ ਖਾਦ ਦੀ ਘਾਟ ਹੈ ਤਾਂ ਉਹ ਦੇਖ ਕੇ ਪਾਈ ਜਾਂਦੀ ਹੈ, ਬਾਹਰਲੇ ਦੇਸ਼ਾਂ ਵਾਲੇ ਖਾਦ ਨੂੰ ਦੇਖ ਕੇ ਪਾਉਂਦੇ ਹਨ। ਅਸੀਂ ਤਾਂ ਬਿਨਾਂ ਦੇਖੇ ਹੀ ਖਾਦਾਂ ਪਾਈ ਜਾਂਦੇ ਹਾਂ। ਜੇ ਦੋ ਬੋਰੀਆਂ ਦੀ ਲੋੜ ਹੈ ਤਾਂ ਅਸੀਂ 8 ਬੋਰੀਆਂ ਪਾ ਦਿੰਦੇ ਹਾਂ ਕਿ ਕਣਕ ਵੱਧ ਤੋਂ ਵੱਧ ਪੈਦਾ ਕਰੀਏ। ਉਹੀ ਕਣਕ ਅਸੀਂ ਵੀ ਖਾਂਦੇ ਹਾਂ, ਸਾਡੀ ਮੱਝ ਵੀ ਖਾਂਦੀ ਹੈ, ਉਹੀ ਕਣਕ ਸਾਡੀ ਬੱਕਰੀ ਵੀ ਖਾਂਦੀ ਹੈ, ਗਾਂ ਵੀ ਖਾਂਦੀ ਹੈ। ਉਹੀ ਦੁੱਧ ਜਦੋਂ ਅਸੀਂ ਪੀਂਦੇ ਹਾਂ ਤਾਂ ਸਾਡੇ ਵਿੱਚ ਵੀ ਨਾਈਟ੍ਰੋਜਨ ਦੀ ਮਾਤਰਾ ਵਧ ਜਾਂਦੀ ਹੈ।

ਅੱਜ ਜਦੋਂ ਅਸੀਂ ਵਿਆਹਾਂ ਵਿੱਚ ਜਾਂਦੇ ਹਾਂ, ਕੁਦਰਤੀ ਗੱਲ ਹੈ ਕਿ ਇੱਕ ਦੋ ਮਹੀਨੇ ਵਿੱਚ ਹੀ ਵੱਡੇ ਪੱਧਰ ਤੇ ਵਿਆਹ ਹੁੰਦੇ ਹਨ। ਤੁਸੀਂ ਕਿਸੇ ਵੀ ਹਲਵਾਈ ਕੋਲ ਚਲੇ ਜਾਓ ਅਤੇ ਪੁੱਛੋ ਕਿ ਕੁਇੰਟਲ ਪਨੀਰ ਚਾਹੀਦਾ ਹੈ ਤਾਂ ਉਹ ਕਹਿੰਦਾ ਹੈ ਕਿ ਮਿਲ ਜਾਏਗਾ, ਦੂਜਾ ਬੰਦਾ ਜਾਂਦਾ ਹੈ, ਉਹ ਕਹਿੰਦਾ ਹੈ ਕਿ ਜੀ ਕੁਇੰਟਲ ਖੋਆ ਚਾਹੀਦਾ ਹੈ, ਉਹ ਕਹਿੰਦਾ ਹੈ ਕਿ ਮਿਲ ਜਾਏਗਾ। ਸਾਨੂੰ ਦੁੱਧ ਚਾਹੀਦਾ ਹੈ, ਉਹ ਵੀ ਮਿਲ ਜਾਏਗਾ। ਉਹ ਕਿਸੇ ਗੱਲ ਤੇ ਜਵਾਬ ਦਿੰਦੇ ਹੀ ਨਹੀਂ। ਉਹ ਜਵਾਬ ਕਿਉਂ ਨਹੀਂ ਦਿੰਦੇ ਕਿਉਂਕਿ ਵੱਡੀ ਪੱਧਰ ਤੇ ਨਕਲੀ ਦੁੱਧ ਪੈਦਾ ਕੀਤਾ ਜਾ ਰਿਹਾ ਹੈ। ਦੁੱਧ ਨੂੰ ਪੈਦਾ ਕਰਨ ਵਿੱਚ ਵੀ ਜਿਹੜਾ ਸਮਾਨ ਪਾਇਆ ਜਾਂਦਾ ਹੈ, ਉਹ ਸਭ ਨੂੰ ਪਤਾ ਹੈ। ਇਸ ਕਰਕੇ ਜਿਹੜਾ ਸਾਡਾ ਪਾਣੀ ਪਿਤਾ ਹੈ, ਉਸ ਨੂੰ ਵੱਡੇ ਪੱਧਰ ਤੇ ਪਲੀਤ ਕੀਤਾ ਜਾ ਰਿਹਾ ਹੈ।

**ਮਾਣਯੋਗ ਸਪੀਕਰ** : ਇੱਕ ਮਿੰਟ ਬੁੱਧ ਰਾਮ ਜੀ। ਡਾਕਟਰ ਬਲਬੀਰ ਸਿੰਘ ਜੀ, ਨਕਲੀ ਦੁੱਧ, ਨਕਲੀ ਪਨੀਰ ਦੀ ਗੱਲ ਬਹੁਤ ਆਉਂਦੀ ਹੈ। ਇਸ ਤੇ ਆਪਾਂ ਕੀ ਕਰ ਰਹੇ ਹਾਂ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ(ਡਾਕਟਰ ਬਲਬੀਰ ਸਿੰਘ)** : ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਬਹੁਤ ਹੀ ਰੈਲੇਵੈਂਟ ਸਵਾਲ ਪੁੱਛਿਆ ਹੈ। ਵੈਸੇ ਵੀ ਜਿਹੜਾ ਵਾਤਾਵਰਣ ਦਾ ਟੌਪਿਕ ਹੈ, ਮੇਰਾ ਪਸੰਦੀਦਾ ਟੌਪਿਕ ਹੈ, ਮੈਨੂੰ ਵਾਤਾਵਰਣ ਨਾਲ ਬਹੁਤ ਪਿਆਰ ਹੈ। ਜਿਹੜੀ ਤੁਸੀਂ ਟੈਸਟਿੰਗ ਦੀ ਗੱਲ ਕੀਤੀ ਹੈ, ਅਸੀਂ ਟੈਸਟਿੰਗ ਕਰਦੇ ਹਾਂ। ਇਸ ਨੂੰ ਸਟਰੈਂਥਨ ਕਰਨ ਲਈ ਜਿਹੜੀ ਸਟੇਟ ਫੂਡ ਐਂਡ ਡਰੱਗ ਐਡਮਿਨਸਟ੍ਰੇਸ਼ਨ ਹੈ, ਜਿਹੜਾ ਮੋਹਾਲੀ, ਖਰੜ ਦੇ ਹਸਪਤਾਲ ਦੇ ਨੇੜੇ ਹੈੱਡ ਕੁਆਰਟਰ ਹੈ। ਉਸ ਨੂੰ ਮਸ਼ੀਨਰੀਏਟ ਕੀਤਾ ਹੈ, ਉੱਥੇ ਇੱਕ ਫੂਲੀ ਇਕੂਪਡ ਲੈਬੋਰੇਟਰੀ ਸਥਾਪਿਤ ਕੀਤੀ ਹੈ, ਜਿਹੜੀ ਸਾਰੇ ਤਰ੍ਹਾਂ ਦੇ ਟੈਸਟ ਕਰੇਗੀ। ਇਸ ਦੇ ਚਾਰ ਗੁਰਦਾਸਪੁਰ, ਜਲੰਧਰ, ਬਠਿੰਡਾ ਰਿਜਨਲ ਸੈਂਟਰ ਹਨ। ਅਸੀਂ 13 ਵੈਨਜ਼ ਬਣਾਈਆਂ ਹਨ, ਜਿਹੜੀਆਂ ਕਿ ਆਨ ਦਿ ਸਪਾਟ ਕੋਈ ਵੀ ਜਾ ਕੇ ਟੈਸਟ ਕਰਵਾ ਸਕਦਾ ਹੈ। ਇਸ ਦੀ ਬੜੀ ਨਾਮੀਨਲ ਜਿਹੀ 40-50 ਰੁਪਏ ਫੀਸ ਹੈ। ਇਸ ਵਿੱਚ ਤੁਸੀਂ ਜੋ ਮਰਜ਼ੀ ਦੁੱਧ ਚਾਹੇ ਪਨੀਰ ਟੈਸਟ ਕਰਵਾ ਸਕਦੇ ਹੋ। ਬਹੁਤ ਹੀ ਜਲਦੀ ਪੈਸਟੀਸਾਈਡ ਦਾ ਕੰਨਟੈਕਸਟ ਵੀ content ਦੱਸ ਦੇਵੇਗੀ ਜਲਦੀ ਹੀ ਅਜਿਹੀ ਕਿੱਟ ਵੀ ਅਸੀਂ ਦੇਣ ਜਾ ਰਹੇ ਹਾਂ। ਸਾਨੂੰ ਬਹੁਤ ਸਾਰੇ ਡੇਅਰੀ ਵਾਲਿਆਂ ਨੇ ਵੀ ਅਪਰੋਚ ਕੀਤਾ ਹੈ ਕਿ ਸਰ, ਅਸੀਂ ਵੀ ਦੁੱਧ ਕਿਸੇ ਕੋਲੋਂ ਖਰੀਦਦੇ ਹਾਂ ਅਤੇ ਅੱਗੇ ਵੇਚਦੇ ਹਾਂ ਅਤੇ ਅਸੀਂ ਮਿਲਾਵਟ ਨਹੀਂ ਕਰਦੇ। ਉਨ੍ਹਾਂ ਸਾਰਿਆਂ ਵਾਸਤੇ ਇਹ ਸਹੂਲਤ ਹੈ। ਸਾਡੇ ਹਾਊਸ ਦੇ ਜਿੰਨੇ ਵੀ ਮੈਂਬਰ ਹਨ ਜਾਂ ਪਬਲਿਕ ਵਿੱਚ ਜਿੱਥੇ ਤੱਕ ਵੀ ਮੇਰੀ ਆਵਾਜ਼ ਪਹੁੰਚਦੀ ਹੈ ਕਿਉਂਕਿ ਮਾਨ ਸਾਹਿਬ ਨੇ ਲਾਈਵ ਟੈਲੀਕਾਸਟ ਦਾ ਵਧੀਆ ਉਪਰਾਲਾ ਕੀਤਾ ਹੈ, ਇਸ ਨੂੰ ਸਾਰੇ ਪੰਜਾਬੀ ਸੁਣ ਰਹੇ ਹੋਣਗੇ।

**1255/Rajneet Kaur/Shubham jain**

**1300/Kuldeep kaur**

ਸੋ, ਉਨ੍ਹਾਂ ਸਾਰਿਆਂ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਆਪਣੇ ਜ਼ਿਲ੍ਹੇ ਦੇ ਸਿਵਲ ਸਰਜਨ ਨੂੰ ਕੰਟੈਕਟ ਕਰਨ, ਉਹ ਜਿਹੜੀ ਵੈਨ ਹੈ, ਬਾਜ਼ਾਰ ਵਿੱਚ ਜੋ ਵੀ ਕਿਸੇ ਨੇ ਖਾਣਾ ਹੈ, ਹਰ ਚੀਜ਼ ਨੂੰ ਟੈਸਟ ਕਰਵਾ ਸਕਦੇ ਹਨ। ਆਪਣੇ ਨਜ਼ਦੀਕੀ ਲੈਬੋਰੇਟਰੀ ਵਿੱਚੋਂ ਟੈਸਟ ਕਰਵਾ ਸਕਦੇ ਹਨ। ਜਿਹੜੇ ਸਾਡੇ ਸਿਵਲ ਸਰਜਨ ਹਨ ਜਾਂ ਜ਼ਿਲ੍ਹਾ ਸਿਹਤ ਅਫਸਰ ਹਨ ਜਾਂ ਸਿਹਤ ਨਾਲ ਸੰਬਧਿਤ ਅਫਸਰ ਹਨ, ਉਹ ਵੈਨ ਮੰਗਵਾ ਕੇ ਬਾਜ਼ਾਰ ਵਿੱਚ ਖੜ੍ਹੀ ਕਰਕੇ ਉੱਥੇ ਮੌਕੇ ਤੇ ਟੈਸਟ ਕਰਕੇ ਉਨ੍ਹਾਂ ਨੂੰ ਰਿਪੋਰਟ ਦਿੱਤੀ ਜਾਵੇਗੀ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਪਹਿਲਾਂ ਵੀ enforcement teams ਹੁੰਦੀਆਂ ਸਨ ਅਤੇ ਹੁਣ ਵੀ ਹਨ ਜਿਹੜੀਆਂ ਜਾ ਕੇ ਸੈਂਪਲ ਭਰਦੀਆਂ ਸਨ। ਫਿਰ ਉਹ ਸੈਂਪਲ ਟੈਸਟ ਹੋਣ ਲਈ ਜਾਂਦੇ ਸਨ ਅਤੇ ਦੋਸ਼ੀਆਂ ਨੂੰ ਸਜ਼ਾ ਮਿਲਦੀ ਸੀ। ਇਸ ਨੂੰ ਅਸੀਂ ਇੱਕ as an educational campaign ਚਲਾ ਰਹੇ ਹਾਂ। ਇਸ ਤੋਂ ਡਰਨ ਦੀ ਲੋੜ ਨਹੀਂ ਹੈ। ਇਸ ਦਾ ਪਰਪਜ਼ ਲੋਕਾਂ ਨੂੰ ਐਜੂਕੇਸ਼ਨ ਦੇਣਾ ਹੈ, ਲੋਕਾਂ ਨੂੰ ਜਾਣਕਾਰੀ ਦੇਣਾ ਹੈ। ਇਸ ਦਾ ਨਾਂ Eat Right Initiative ਰੱਖਿਆ ਗਿਆ ਹੈ।

ਕਿਸੇ ਵੀ ਮਿਲਾਵਟ ਵਾਲੀ ਚੀਜ਼ ਦੇ ਟੈਸਟ ਇਨ੍ਹਾਂ ਵੈਨਾਂ ਵਿੱਚ ਅਵੇਲੇਬਲ ਹਨ। ਉਹ ਐਜੂਕੇਟ ਵੀ ਕਰਦੇ ਹਨ ਅਤੇ ਉਹ ਆਪ ਜਾ ਕੇ ਚੈੱਕ ਕਰਦੇ ਹਨ। ਖਾਣੇ ਨਾਲ ਸਬੰਧਿਤ ਜਿੰਨੀਆਂ ਵੀ Halwai ਐਸੋਸੀਏਸ਼ਨਜ਼ ਬਣੀਆਂ ਹੋਈਆਂ ਹਨ ਖਾਣੇ ਨਾਲ ਸਬੰਧਤ, ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਬੁਲਾਓ ਅਤੇ ਖਾਣ ਵਾਲਾ ਸਮਾਨ ਟੈਸਟ ਕਰਵਾਓ। ਅਸੀਂ ਇਹ ਵੀ ਪਰਮੋਟ ਕਰ ਰਹੇ ਹਾਂ ਕਿ ਖਾਣ ਵਾਲੀਆਂ ਸਾਰੀਆਂ ਦੁਕਾਨਾਂ ਦੇ ਉੱਤੇ ਲੇਬਲ ਲੱਗਿਆ ਹੋਵੇ, ਉਹ FSSAI ਦੀਆਂ ਗਾਈਡਲਾਈਨਜ਼ ਨੂੰ ਫਾਲੋ ਕਰਨ।

ਸਰ, ਮੈਂ ਆਖਰੀ ਗੱਲ ਕਹਿਣਾ ਚਾਹੁੰਦਾ ਹਾਂ। ਇਹ ਬਹੁਤ ਇੰਪਾਰਟੈਂਟ ਮੁੱਦਾ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਅਸੀਂ ਪਟਿਆਲੇ ਵਿੱਚ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਤੋਂ ਲੈ ਕੇ ਥਾਪਰ ਤੱਕ ਇੱਕ ਸਰਕਾਰ ਜਗ੍ਹਾ ਉੱਤੇ ਬਾਇਓ ਡਾਇਵਰਸਟੀ ਪਾਰਕ ਬਣਾਇਆ ਗਿਆ ਹੈ। ਜਿਸ ਵਿੱਚ 100 ਤੋਂ ਵੱਧ ਵੈਰਾਇਟੀਆਂ ਹਨ। ਵਾਤਾਵਰਨ ਵਿੱਚੋਂ ਜੇਕਰ ਡੱਡੂ ਖਤਮ ਹੋਏ ਹਨ, ਗੰਡੋਏ ਖਤਮ ਹੋਏ ਹਨ ਜਾਂ ਚਿੜੀਆਂ ਖਤਮ ਹੋਈਆਂ ਹਨ। ਵਾਤਾਵਰਨ ਵਿੱਚੋਂ ਤਿਤਲੀਆਂ ਖਤਮ ਹੋ ਰਹੀਆਂ ਹਨ। ਅਲਬਰਟ ਆਈਨਸਟਾਈਨ ਨੇ ਕਿਹਾ ਸੀ ਕਿ ਜਦੋਂ ਸ਼ਹਿਦ ਦੀਆ ਮੱਖੀਆਂ ਖਤਮ ਹੋ ਜਾਣਗੀਆਂ : "If the bee disappered off the face of the Earth, man would only have four years left to live." ਮੇਰਾ ਖਿਆਲ ਹੈ ਕਿ ਸਾਰੇ ਮੈਂਬਰ ਸਹਿਮਤ ਹੋਣਗੇ ਕਿ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਲਗਭਗ ਖਤਮ ਹੋ ਚੁੱਕੇ ਹਨ। ਕਿਤੇ-ਕਿਤੇ ਹੀ ਕੋਈ ਛੱਤਾ ਲੱਭਦਾ ਹੈ। ਬਹੁਤ ਘੱਟ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਹਨ। ਪਹਿਲਾਂ ਪਿੰਡਾਂ ਵਿੱਚ ਆਮ ਹੀ ਪਿੱਪਲ, ਬੋਹੜ ਦੇ ਦਰੱਖਤ ਸ਼ਹਿਦ ਦੀਆਂ ਮੱਖੀਆਂ ਦੇ ਛੱਤਿਆਂ ਨਾਲ ਭਰੇ ਹੁੰਦੇ ਸਨ। ਹੁਣ ਉਹ ਨਹੀਂ ਹਨ। ਇਸ ਦਾ ਮੁੱਖ ਕਾਰਨ environment toxicity ਹੈ। ਸਰ, ਮੇਰੇ ਅਤੇ ਤੁਹਾਡੇ ਵੀ ਇੱਕ ਬਹੁਤ ਹੀ ਪਰਮ ਮਿੱਤਰ ਡਾਕਟਰ ਅਮਰ ਸਿੰਘ ਆਜ਼ਾਦ ਹੁਰਾਂ ਨੇ ਸਾਰੀ ਉਮਰ ਵਾਤਾਵਰਨ ਨੂੰ ਡੈਡੀਕੇਟ ਕੀਤੀ ਹੈ। ਅੱਜ ਉਹ ਸਾਡੇ ਵਿੱਚ ਨਹੀਂ ਰਹੇ। ਉਨ੍ਹਾਂ ਨੇ ਵਾਤਾਵਰਨ ਤੇ ਬਹੁਤ ਅੱਛਾ ਕੰਮ ਕੀਤਾ ਹੈ। ਅਸੀਂ ਕਰਾਪਸ ਲਈ Insecticides poisoning ਦੀ ਵਰਤੋਂ ਕਰਦੇ ਹਾਂ ਜਾਂ ਖੇਤੀ ਲਈ ਪਾਣੀ ਯੂਜ਼ ਕਰਦੇ ਹਾਂ। Fresh water ਵੀ ਅੱਜ ਖਤਮ ਹੋ ਗਿਆ ਹੈ। ਮੈਂ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹ ਨਹਿਰੀ ਪਾਣੀ ਖੇਤੀ ਲਈ ਦੁਬਾਰਾ ਤੋਂ ਪਹੁੰਚਾ ਰਹੇ ਹਨ। ਇਨ੍ਹਾਂ ਸਭ ਚੀਜ਼ਾਂ ਦਾ ਵਾਤਾਵਰਨ ਨੂੰ ਖਰਾਬ ਕਰਨ ਵਿੱਚ ਬਹੁਤ ਵੱਡਾ ਰੋਲ ਹੈ। ਸਰ, ਮੈਂ ਇਹ ਗੱਲ ਕਿਉਂ ਕਰ ਰਿਹਾ ਹਾਂ? ਜਿਹੜੀਆਂ ਗਿੱਦਾਂ ਮਰੀਆਂ ਜਾਂ ਗੰਡੋਏ ਮਰੇ ਹਨ। ਡੱਡੂ ਮਰੇ ਹਨ। ਸਰ, ਇਹ ਇਸ ਕਰਕੇ ਨਹੀਂ ਮਰੇ ਕਿ ਇਨ੍ਹਾਂ ਨੂੰ ਕਿਸੇ ਨੇ ਜ਼ਹਿਰ ਦਾ ਟੀਕਾ ਲਗਾ ਦਿੱਤਾ ਹੈ। Environmental poisoning and toxins ਸਭ ਤੋਂ ਪਹਿਲਾਂ re-productive ਸਿਸਟਮ ਨੂੰ ਅਫੈਕਟ ਕਰਦੀਆਂ ਹਨ। ਪੰਜਾਬ ਵਿੱਚ ਆਲਰੇਡੀ ਇਸ ਦੇ ਇਫੈਕਟਸ ਨਜ਼ਰ ਆ ਰਹੇ ਹਨ। ਪੰਜਾਬ ਵਿੱਚ ਆਈ.ਵੀ.ਐਫ. ਸੈਂਟਰ ਭਰੇ ਪਏ ਹਨ। ਨਿੱਕੂ ਨਿਊਰੋ ਐਂਡ ਇੰਟੈਸਿਵ ਕੇਅਰ ਯੂਨਿਟ ਭਰੇ ਪਏ ਹਨ। ਬੱਚੇ ਸਮੇਂ ਤੋਂ ਪਹਿਲਾਂ ਹੋ ਰਹੇ ਹਨ। ਜੇਕਰ ਤੁਸੀਂ

ਕਿਸੇ ਕਿਸਾਨ ਨਾਲ ਗੱਲ ਕਰੋਗੇ ਤਾਂ ਉਹ ਤੁਹਾਨੂੰ ਦੱਸ ਦੇਣਗੇ ਕਿ ਸਾਡੀ ਮੱਝ ਜਾਂ ਗਾਂ ਤੂ ਜਾਂਦੀ ਹੈ। This is because of Environmental toxicity. ਕੀ ਹੁਣ ਔਰਤਾਂ ਬੱਚੇ ਪੈਦਾ ਕਰਨੇ ਭੁੱਲ ਗਈਆਂ ਹਨ? ਕੀ ਖਰਾਬੀ ਹੋ ਗਈ ਹੈ? ਬੱਚੇ ਕਿਉਂ ਨਹੀਂ ਹੁੰਦੇ? ਸਪੈਸ਼ਲੀ ਜਿਹੜੇ upper to-do people ਹਨ, ਉਨ੍ਹਾਂ ਵਿੱਚ 40% assisted fertilization ਹੁੰਦੀ ਹੈ। ਆਪਣੇ ਆਪ ਬੱਚਾ ਹੁੰਦਾ ਹੀ ਨਹੀਂ ਹੈ। ਡਾਕਟਰ ਕੋਲ ਜਾਣਾ ਪੈਂਦਾ ਹੈ। ਦੇਖੋ ਉਹ, ਪ੍ਰਾਈਮ ਟਾਈਮ ਤੇ ਕਿੰਨੀਆਂ advertisements ਦਿੰਦੇ ਹਨ। Its because of environmental toxicity. Not only humans, all living beings ਲਈ ਵਾਤਾਵਰਨ ਤੇ ਕੰਮ ਕਰਨਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਡਾਕਟਰ ਸਾਹਿਬ, ਮੈਂਬਰ ਸਾਹਿਬ ਨੂੰ ਕੰਟੀਨਿਊ ਕਰਵਾ ਲਈਏ। ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ:** ਡਾਕਟਰ ਸਾਹਿਬ, ਬਹੁਤ ਧੰਨਵਾਦ ਜੀ। ਸੋ, ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਅੱਜ ਪਵਨ, ਪਾਣੀ ਸਭ ਗੰਧਲਾ ਹੋ ਰਿਹਾ ਹੈ। ਸਭ ਸਾਡੇ ਕੁਦਰਤੀ ਸੋਮਿਆਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਧਰਤੀ ਹੇਠਲਾ ਪਾਣੀ, ਗੈਰ-ਕਾਨੂੰਨੀ ਮਾਈਨਿੰਗ ਅਤੇ ਰੁੱਖਾਂ ਦੀ ਕਟਾਈ ਵਾਤਾਵਰਨ ਨੂੰ ਪਲੀਤ ਕਰਨ ਦੇ ਵੱਡੇ ਕਾਰਨ ਹਨ। ਸੂਬੇ ਵਿੱਚ ਜ਼ਿਆਦਾ ਫਸਲ ਪੈਦਾ ਕਰਨ ਦੀ ਹੋੜ ਵਿੱਚ ਜ਼ਹਿਰਾਂ ਅਤੇ ਰਸਾਇਣਿਕ ਖਾਦਾਂ ਦੀ ਵੱਡੀ ਪੱਧਰ ਤੇ ਵਰਤੋਂ ਨੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਇਸ ਦੇ ਨਤੀਜੇ ਵਜੋਂ ਪਾਣੀ ਨਾਲ ਹੈਜ਼ਾ, ਕੈਂਸਰ, ਹੈਪੇਟਾਈਟਸ-ਏ, ਬੀ, ਸੀ, ਟਾਈਫਾਈਡ ਅਤੇ ਮਲੇਰੀਆ ਵਰਗੇ ਭਿਆਨਕ ਰੋਗ ਪੈਦਾ ਹੋ ਰਹੇ ਹਨ। ਸਰ, ਸਭ ਤੋਂ ਵੱਡਾ ਮਸਲਾ ਅੱਜ ਜੋ ਚੱਲ ਰਿਹਾ ਹੈ, ਉਹ ਪਰਾਲੀ ਦਾ ਹੈ। ਮੈਂ ਨਹੀਂ ਕਹਿੰਦਾ ਕਿ ਕਿਸਾਨ ਪਰਾਲੀ ਨੂੰ ਜਾਣ-ਬੁੱਝ ਕੇ ਅੱਗ ਲਗਾਉਂਦੇ ਹਨ। ਇਹ ਉਨ੍ਹਾਂ ਦੀ ਮਜਬੂਰੀ ਹੈ ਕਿਉਂਕਿ ਧਾਨ ਦੀ ਫਸਲ ਤੋਂ ਬਾਅਦ ਇੱਕਦਮ ਹੀ ਕਣਕ ਦੀ ਫਸਲ ਬੀਜਣੀ ਹੁੰਦੀ ਹੈ। ਸਮਾਂ ਘੱਟ ਹੁੰਦਾ ਹੈ। ਇਸ ਲਈ ਐਨ.ਜੀ.ਟੀ. ਨੇ ਕਿਹਾ ਹੈ ਕਿ ਰਾਜਸਥਾਨ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਵਿੱਚ ਪਰਾਲੀ ਨੂੰ ਸਾੜਨ ਤੇ ਬੈਨ ਲਗਾ ਦਿੱਤਾ ਹੈ। ਉਨ੍ਹਾਂ ਨੇ ਕਿਸਾਨਾਂ ਦੀ ਮਜਬੂਰੀ ਨਹੀਂ ਸਮਝੀ। ਸਾਨੂੰ ਇਹ ਪਤਾ ਹੈ ਕਿ ਜੇਕਰ ਅਸੀਂ ਪਰਾਲੀ ਦਾ ਕੋਈ ਸਹੀ ਢੰਗ ਕੱਢੀਏ ਤਾਂ ਪਰਾਲੀ ਤੋਂ ਬਹੁਤ ਸਾਰੇ ਫਾਇਦੇ ਲਏ ਜਾ ਸਕਦੇ ਹਨ। ਪਰਾਲੀ ਜਲਾਉਣ ਨਾਲ ਕਾਰਬਨ ਡਾਈਆਕਸਾਈਡ ($CO_2$), ਕਾਰਬਨ ਮੋਨੋਆਕਸਾਈਡ, ਕਾਰਬਨ ਸਲਫਰ ਵੱਡੀ ਪੱਧਰ ਤੇ ਪੈਦਾ ਹੁੰਦੀ ਹੈ ਤੇ ਸਾਡੇ ਫੇਫੜਿਆਂ ਤੇ ਮਾੜਾ ਅਸਰ ਕਰਦੀ ਹੈ।

**1300/Kuldeep kaur/ Harjinder singh**

**1305/Pawan sharma**

***1.05 ਵਜੇ ਬਾਅਦ ਦੁਪਹਿਰ** (ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ

ਸੰਭਾਲੀ।)

**ਸ੍ਰੀ ਬੁੱਧ ਰਾਮ (ਬੁਢਲਾਡਾ)**:....ਜਾਰੀ। ਪਰਾਲੀ ਸਾੜਨ ਦੇ ਨਾਲ ਧਰਤੀ ਉਧਰਲੀ ਤੈਅ ਤੇ ਸਮਾਏ ਦੂਜੇ Micro Organism ਹਨ, ਉਹ ਤਬਾਹ ਹੋ ਜਾਂਦੇ ਹਨ। ਧਰਤੀ ਦੀ ਜਿਹੜੀ Organ Quality ਹੈ, ਉਹ ਵੀ ਖਤਮ ਹੋ ਜਾਂਦੀ ਹੈ। ਪਰ ਮਾਨ ਸਰਕਾਰ ਨੇ ਇਸ ਦਾ ਵੱਡੀ ਪੱਧਰ ਤੇ ਹੱਲ ਕਰਨ ਲਈ ਕਦਮ ਚੁੱਕੇ ਹਨ। ਪਿਛਲੇ ਸਮਿਆਂ ਦੌਰਾਨ ਅਤੇ ਇਸ ਸਾਲ ਵਿੱਚ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਜਿਹੜੀ ਮਸ਼ੀਨਾਂ ਹਨ, ਉਸ ਲਈ ਵੱਡੇ ਪੱਧਰ ਤੇ ਕਿਸਾਨਾਂ ਨੂੰ ਸਬਸਿਡੀਆਂ ਦਿੱਤੀਆਂ ਹਨ। ਇਸ ਦੌਰਾਨ ਕਈ ਘਪਲੇ ਵੀ ਸਾਹਮਣੇ ਆਏ ਹਨ। ਇਨ੍ਹਾਂ ਘਪਲਿਆਂ ਵਿਰੁੱਧ ਸਾਡੇ ਖੇਤੀਬਾੜੀ ਮੰਤਰੀ ਨੇ ਸਖਤ ਸਟੈਂਡ ਵੀ ਲਿਆ ਹੈ। Happy Seeder, Mulcher, Super Seeder, Rotavator, Zero Drill Seed, Baler, Paddy Straw, Chopper, Reaper Binder ਮਸ਼ੀਨਾਂ ਦੀ ਵਰਤੋਂ ਕਰਨ ਲਈ ਕਿਹਾ ਗਿਆ ਹੈ ਅਤੇ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕਰਨ ਲਈ ਜਾਗਰੂਕ ਵੀ ਕੀਤਾ ਗਿਆ ਹੈ। ਕਿਸਾਨ ਇਸ ਗੱਲ ਨੂੰ ਸਮਝਦੇ ਵੀ ਹਨ ਕਿ ਜੇਕਰ ਅਸੀਂ ਫਸਲ ਜਾਂ ਪਰਾਲੀ ਦਾ ਨਾੜ ਸਾੜਦੇ ਹਾਂ ਤਾਂ ਸਭ ਤੋਂ ਪਹਿਲੇ ਉਨ੍ਹਾਂ ਦਾ ਘਰ ਅਤੇ ਬੱਚੇ ਇਸ ਦੀ ਲਪੇਟ ਵਿੱਚ ਆਉਂਦੇ ਹਨ। ਇਨ੍ਹਾਂ ਤੋਂ ਉੱਠਦੇ ਧੂੰਏਂ ਕਾਰਨ ਕਈ ਵਾਰੀ ਸੜਕਾਂ ਤੇ ਟਰੈਫਿਕ ਹੋਣ ਕਰਕੇ ਵਹੀਕਲ ਨਾ ਦਿੱਖਣ ਕਾਰਨ ਐਕਸੀਡੈਂਟ ਵੀ ਹੋਏ ਹਨ। ਮੈਂ ਇਸ ਕਰਕੇ ਮਾਣਯੋਗ ਖੇਤੀਬਾੜੀ ਮੰਤਰੀ ਖੁੱਡੀਆਂ ਜੀ ਨੂੰ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੀਆਂ ਪੰਚਾਇਤਾਂ ਐਸੀਆਂ ਹਨ, ਜਿਨ੍ਹਾਂ ਨੂੰ ਪਿਛਲੀ ਕਾਂਗਰਸ ਸਰਕਾਰ ਵੇਲੇ ਸਬਸਿਡੀਆਂ ਦਿੱਤੀਆਂ ਗਈਆਂ ਸਨ ਕਿ ਭਾਈ ਤੁਸੀਂ ਇਹ ਮਸ਼ੀਨਾਂ ਖਰੀਦੋ ਪਰੰਤੂ ਉਨ੍ਹਾਂ ਨੇ ਮਸ਼ੀਨ ਦੇ ਪੈਸੇ ਲੈ ਲਏ ਪਰ ਮਸ਼ੀਨ ਨਹੀਂ ਖਰੀਦੀ। ਇਹ ਗੱਲ ਸਾਡੇ ਨੋਟਿਸ ਵਿੱਚ ਹੈ। ਮੈਂ ਆਪਣੇ ਮਾਣਯੋਗ ਏ.ਡੀ.ਸੀ. ਸਾਹਿਬ ਨੂੰ 9 ਪਿੰਡਾਂ ਦੇ ਨਾਂਅ ਲਿਖ ਕੇ ਦਿੱਤੇ ਹਨ ਕਿ ਇਨ੍ਹਾਂ ਦੀ ਤੁਸੀਂ ਜਾਂਚ ਕਰੋ ਕਿ ਕੀ ਇਨ੍ਹਾਂ ਨੇ ਇਹ ਮਸ਼ੀਨਾਂ ਲਈਆਂ ਵੀ ਹਨ ਜਾਂ ਨਹੀਂ? ਔਰ ਕਈ ਥਾਂਵਾਂ ਤੇ ਮਸ਼ੀਨਾਂ ਤਾਂ ਲੈ ਲਈਆਂ ਪਰ ਉਸੇ ਹੀ ਰੇਟ ਤੇ ਅੱਗੇ ਆਪਣੇ ਦੋਸਤਾਂ ਨੂੰ ਦੇ ਦਿੱਤੀਆਂ। ਇੱਥੇ ਬੜਾ ਨੁਕਸਾਨ ਹੋਇਆ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਮਾਨ ਸਾਹਿਬ ਦੀ ਸਰਕਾਰ ਨੇ ਇਸ ਵਾਰੀ ਇਸ ਗੱਲ ਨੂੰ ਬਹੁਤ ਸੀਰੀਅਸ ਲਿਆ ਹੈ ਅਤੇ ਜਿੱਥੇ ਅਸੀਂ ਕਿਸਾਨਾਂ ਦੀ ਪਰਾਲੀ ਨੂੰ ਸਾੜਨ ਸਬੰਧੀ ਮਜਬੂਰੀ ਨੂੰ ਸਮਝਦੇ ਹੋਏ ਵੱਡੇ ਤੋਂ ਵੱਡੇ ਸੰਦ ਲੈਣ ਲਈ ਸਬਸਿਡੀਆਂ ਦਿੱਤੀਆਂ ਹਨ। ਮੈਂ ਦੇਖਿਆ ਹੈ ਕਿ ਲੋਕਾਂ ਨੇ ਵੱਡੇ ਸੰਦ ਲਏ ਵੀ ਹਨ। ਕਈ ਵਾਰੀ ਵੱਡੇ ਟਰੈਕਟਰ ਲੈਣੇ ਪੈਂਦੇ ਹਨ, ਛੋਟਿਆਂ ਨਾਲ ਕੰਮ ਨਹੀਂ ਚੱਲਦਾ ਪਰ ਉਨ੍ਹਾਂ ਨੇ ਵੱਡੀ ਪੱਧਰ ਤੇ ਸੰਦ ਖਰੀਦ ਕੇ ਪਰਾਲੀ ਨਾ ਸਾੜਨ ਦਾ ਅਹਿਦ ਵੀ ਲਿਆ ਹੈ।

ਮੈਂ ਬਠਿੰਡਾ ਸਬੰਧੀ ਇੱਕ ਲੇਖ ਪੜ੍ਹਿਆ ਸੀ। ਸਾਡੇ ਬਠਿੰਡਾ ਦੇ ਇੱਕ ਮੈਡੀਸਨ ਦੇ ਪ੍ਰੋਫੈਸਰ ਵਿਟਲ ਕੇ. ਗੁਪਤਾ ਹਨ। ਉਨ੍ਹਾਂ ਨੇ ਲਿਖਿਆ ਹੈ ਕਿ ਪਰਾਲੀ ਦੇ ਧੂੰਏਂ ਨਾਲ 85 ਪ੍ਰਤੀਸ਼ਤ ਲੋਕ suffer ਕਰਦੇ ਹਨ, 76 ਪ੍ਰਤੀਸ਼ਤ ਲੋਕਾਂ ਨੂੰ ਅੱਖਾਂ ਵਿੱਚ ਜਲਨ ਪੈਦਾ ਹੋ ਜਾਂਦੀ ਹੈ, 45 ਪ੍ਰਤੀਸ਼ਤ ਲੋਕਾਂ ਨੂੰ ਨੱਕ ਦੀ irritation ਹੁੰਦੀ ਹੈ ਅਤੇ 46 ਪ੍ਰਤੀਸ਼ਤ ਲੋਕਾਂ ਨੂੰ ਗਲ ਦੀ irritation ਹੁੰਦੀ ਹੈ। ਸੋ, ਸਰ ਮੈਂ ਇਹ ਗੱਲ ਕਹਿੰਦਾ ਹਾਂ ਕਿ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਇਹ ਠੀਕ ਹੈ ਕਿ ਜ਼ਿੰਦਗੀ ਜਿਊਣ ਵਾਸਤੇ ਪੈਸਾ ਬਹੁਤ ਜ਼ਰੂਰੀ ਹੈ ਪਰ ਪੈਸਾ ਸਭ ਕੁਝ ਵੀ ਨਹੀਂ। ਜੇਕਰ ਅਸੀਂ ਲਾਲਚ ਕਰਕੇ ਠੱਗੀਆਂ ਮਾਰੀਏ, ਦਰੱਖਤ ਕੱਟ ਕੇ ਵੇਚੀਏ, ਪਾਣੀ ਪਲੀਤ ਕਰੀਏ, ਉਦਯੋਗਿਕ ਇਕਾਈਆਂ ਵਿੱਚ ਉਹ ਮਸ਼ੀਨਰੀ ਨਾ ਲਗਾਈਏ ਜਿਹੜੀ ਵਾਤਾਵਰਣ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੀ, ਉਹ ਪੈਸੇ ਬਚਾ ਲਈਏ ਪਰ ਇਸ ਨਾਲ ਜਿਹੜੇ ਲੱਖਾਂ ਕਰੋੜਾਂ ਲੋਕਾਂ ਦਾ ਨੁਕਸਾਨ ਹੁੰਦਾ ਹੈ, ਉਹ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ। ਪ੍ਰਮਾਤਮਾ ਦੀ ਅਦਾਲਤ ਸਭ ਤੋਂ ਵੱਡੀ ਅਦਾਲਤ ਹੈ। ਉਹ ਅਦਾਲਤ ਵੀ ਉਨ੍ਹਾਂ ਨੂੰ ਸਜ਼ਾ ਦਿੰਦੀ ਹੈ। ਸੋ, ਪੈਸੇ ਨਾਲ ਅਸੀਂ ਦਵਾਈ ਖਰੀਦ ਸਕਦੇ ਹਾਂ ਪਰ ਪੈਸੇ ਨਾਲ ਤੰਦਰੁਸਤੀ ਨਹੀਂ ਖਰੀਦ ਸਕਦੇ, ਪੈਸੇ ਨਾਲ ਅਸੀਂ ਬਿਸਤਰ ਖਰੀਦ ਸਕਦੇ ਹਾਂ ਪਰ ਨੀਂਦ ਨਹੀਂ ਖਰੀਦ ਸਕਦੇ, ਪੈਸੇ ਨਾਲ ਅਸੀਂ ਸਾਥੀ ਖਰੀਦ ਸਕਦੇ ਹਾਂ ਪਰ ਮਿੱਤਰ ਨਹੀਂ ਖਰੀਦ ਸਕਦੇ, ਪੈਸੇ ਨਾਲ ਤਸਵੀਰ ਖਰੀਦ ਸਕਦੇ ਹਾਂ ਪਰ ਚਿੱਤਰ ਨਹੀਂ, ਪੈਸੇ ਨਾਲ ਮੂਰਤੀ ਖਰੀਦ ਸਕਦੇ ਹਾ ਪਰ ਭਗਵਾਨ ਨਹੀਂ ਖਰੀਦ ਸਕਦੇ, ਪੈਸੇ ਨਾਲ ਅਸੀਂ ਪਾਊਡਰ ਖਰੀਦ ਸਕਦੇ ਹਾਂ ਪਰ ਰੰਗ ਰੂਪ ਨਹੀਂ ਖਰੀਦ ਸਕਦੇ, ਪੈਸੇ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ ਪਰ ਜ਼ਿੰਦਗੀ ਨਹੀਂ ਖਰੀਦੀ ਜਾ ਸਕਦੀ। ਜ਼ਿੰਦਗੀ ਬੜੀ ਮਹਾਨ ਹੈ। ਇਸ ਕਰਕੇ ਜਿਵੇਂ ਕਿਸੇ ਨੇ ਕਿਹਾ ਸੀ ਕਿ "ਹਰ ਆਦਮੀ ਦਿਲ ਦਾ ਬੁਰਾ ਨਹੀਂ ਹੁੰਦਾ, ਹਰ ਉੱਠਿਆ ਹੋਇਆ ਹੱਥ ਵੀ ਦੁਆ ਨਹੀਂ ਹੁੰਦਾ, ਬੁੱਝ ਜਾਂਦੇ ਨੇ ਦੀਵੇ ਅਕਸਰ ਆਪਣੀਆਂ ਗਲਤੀਆਂ ਨਾਲ, ਹਰ ਵਾਰ ਕਸੂਰ ਹਵਾ ਦਾ ਨਹੀਂ ਹੁੰਦਾ" ਕਿਉਂਕਿ ਹਵਾ ਨਾਲ ਵੀ ਦੀਵੇ ਜਲਦੇ ਹੁੰਦੇ ਹਨ। ਇਸ ਗੱਲ ਨਾਲ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਵਾਤਾਵਰਨ ਨੂੰ ਸੁਧਾਰਨ ਵਾਸਤੇ ਇੱਕ 19 ਸਾਲਾਂ ਆਸਟ੍ਰੇਲੀਆ ਦੀ ਕੁੜੀ Greta Thunberg ਹੈ, ਇਸ ਗੱਲ ਵਿੱਚ ਉਸ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। 20 ਸਤੰਬਰ 2019 ਨੂੰ ਆਸਟ੍ਰੇਲੀਆ ਤੋਂ ਲੈ ਕੇ ਅਲਾਸਕਾ ਤੱਕ 150 ਦੇਸ਼ਾਂ ਦੇ ਸਕੂਲੀ ਬੱਚਿਆਂ ਦੇ ਨਾਲ ਮੌਸਮ ਤਬਦੀਲੀਆਂ ਵਾਲੇ ਰੋਸ ਮਾਰਚ ਵਿੱਚ ਭਾਗ ਲਿਆ। ਆਸਟ੍ਰੇਲੀਆ ਕਿੱਥੇ ਹੈ, ਅਲਾਸਕਾ ਕਿੱਥੇ ਹੈ।

**1305/Pawan sharma/ Harjinder singh**

**1310/Jaspal Singh**

ਉਨ੍ਹਾਂ ਨੇ ਆਪਣੇ ਦੇਸ਼ ਕੀਤਾ, ਦੂਜਿਆਂ ਨੇ ਆਪਣੇ ਦੇਸ਼ ਕੀਤਾ। ਆਸਲੇ ਸ਼ਹਿਰ ਮੈਲਬੋਰਨ ਤੋਂ ਇੱਕ ਲੱਖ ਬੱਚੇ 2019 ਵਿਚ ਸ਼ਾਮਲ ਹੋਏ, ਮੈਂ ਤਾਂ ਇਹ ਰਿਪੋਰਟ ਪੜੀ ਹੈ। ਅਮਰੀਕਾ ਦੇ 11 ਲੱਖ ਬੱਚਿਆਂ ਨੇ ਭਾਗ ਲਿਆ। ਤੁਸੀਂ

ਅੰਦਾਜ਼ਾ ਲਗਾ ਸਕਦੇ ਹੋ ਕਿ ਕਿੱਡੀ ਵੱਡੀ ਪੱਧਰ ਉਤੇ ਲੋਕਾਂ ਨੇ ਭਾਗ ਲਿਆ ਹੋਵੇਗਾ? ਇਹ ਜਾਗਰੂਕਤਾ ਕਿਸੇ ਵੱਡੇ ਨੇਤਾ ਨੇ ਨਹੀਂ ਕੀਤੀ, ਕਿਸੇ ਵੱਡੇ ਲੀਡਰ ਨੇ ਨਹੀਂ ਕੀਤੀ, ਇਹ ਕਾਰਵਾਈ ਸਗੋਂ ਸਵੀਡਨ ਦੀ 16 ਸਾਲ ਦੀ ਸਕੂਲੀ ਬੱਚੀ ਗਰੇਟਾ ਥਨਬਰਗ ਦੀ ਅਗਵਾਈ ਵਿਚ ਹੋਈ ਸੀ, ਉਹ 16 ਸਾਲ ਦੀ ਉਮਰ ਦੀ ਸੀ। 2018 ਦੇ ਵਿਚ ਇੱਕ ਹਫਤੇ ਲਈ ਸਕੂਲ ਨਾ ਜਾ ਕੇ ਉਹ ਸੰਸਦ ਅੱਗੇ ਬਹਿ ਗਈ, ਸ਼ਾਂਤੀਪੂਰਵਕ ਧਰਨਾ ਦਿੱਤਾ। ਲੋਕਾਂ ਨੇ ਕਿਹਾ, ਉਥੋਂ ਦੇ ਜਿਹੜੇ ਐਮ.ਪੀ.ਹੋਣਗੇ, ਜਿਹੜੇ ਮਨਿਸਟਰ ਹੋਣਗੇ ਕਿ ਬੇਟਾ ਤੇਰੀ ਜਿੰਦਗੀ ਦਾ ਸਵਾਲ ਹੈ, ਤੇਰੇ ਫਿਊਚਰ ਦਾ ਸਵਾਲ ਹੈ ਤਾਂ ਪਤਾ ਉਸ ਨੇ ਕੀ ਜਵਾਬ ਦਿੱਤਾ, ਪੜ੍ਹਾਈ ਲਿਖਾਈ ਭਵਿੱਖ ਸੰਵਾਰਨ ਲਈ ਹੁੰਦੀ ਹੈ, ਪੜ੍ਹਾਈ ਲਿਖਾਈ ਭਵਿੱਖ ਸੰਵਾਰਨ ਲਈ ਹੁੰਦੀ ਹੈ ਪਰ ਸਾਡਾ ਭਵਿੱਖ ਤਾਂ ਤੁਸੀਂ ਪਹਿਲਾਂ ਹੀ ਤਬਾਹ ਕਰ ਦਿੱਤਾ, ਨਾ ਸਾਫ ਹਵਾ, ਨਾ ਸਾਫ ਪਾਣੀ, ਨਾ ਸਾਫ ਮਿੱਟੀ ਤੇ ਪਾਣੀ ਜ਼ਹਿਰੀਲਾ ਹੈ, ਸਾਡਾ ਭਵਿੱਖ ਤੁਸੀਂ ਕੀ ਠੀਕ ਕਰਨਾ ਹੈ। ਸੋ, ਇੱਕ 19 ਸਾਲ ਦੀ ਕੁੜੀ ਨੇ ਉਸ ਵਕਤ ਇਹ ਸ਼ਬਦ ਬੋਲੇ । ਅੱਜ ਅਸੀਂ ਉਸ ਨੂੰ ਨਮਨ ਕਰਦੇ ਹਾਂ, ਉਸ ਨੂੰ ਯਾਦ ਕਰਦੇ ਹਾਂ । ਹਰ ਸੁੱਕਰਵਾਰ ਉਹ ਸ਼ਹਿਰ ਵਿਚ ਕਿਤੇ ਨਾ ਕਿਤੇ ਜਾ ਕੇ ਧਰਨਾ ਲਗਾਉਂਦੀ ਹੈ, ਉਸ ਨੇ ਇੱਕ ਮੁਹਿੰਮ ਬਣਾ ਦਿੱਤੀ। ਉਸ ਦਾ ਨਾਂ ਰੱਖਿਆ Friday for the future and climate strike. ਸੋ, ਏਡਾ ਵੱਡਾ ਉਸ ਨੇ ਕੀਤਾ ਕਿ ਮੌਸਮੀ ਤਬਦੀਲੀਆਂ ਬਾਰੇ ਜਦੋਂ ਗੱਲ ਹੋਈ ਤਾਂ ਮੌਸਮੀ ਤਬਦੀਲੀਆਂ ਬਾਰੇ ਪੋਲੈਂਡ ਦੇ ਸ਼ਹਿਰ ਕਾਟੋਵਿਸ ਵਿਚ ਲੀਡਰਾਂ ਨੂੰ ਸੰਬੋਧਨ ਕਰਦੇ ਉਸ ਨੇ ਕਿਹਾ,ਸਾਡਾ ਘਰ ਜਲ ਰਿਹਾ ਹੈ, ਇਹ ਬੜੀ ਸੀਰੀਅਸ ਗੱਲ ਹੈ, ਸਾਡਾ ਘਰ ਜਲ ਰਿਹਾ ਹੈ, ਤੁਸੀਂ ਠੋਸ ਉਪਰਾਲੇ ਕਰੋ, ਤੁਸੀਂ ਕਹਿੰਦੇ ਹੋ ਕਿ ਅਸੀਂ ਤੁਹਾਡੇ ਵੱਡੇ ਹਾਂ, ਤੁਹਾਡੇ ਹਿੱਤਾਂ ਦਾ ਖਿਆਲ ਰੱਖਾਂਗੇ ਪਰ ਤੁਸੀਂ ਸਾਡਾ ਭਵਿੱਖ ਖਰਾਬ ਕਰ ਰਹੇ ਹੋ। ਮੈਂ ਤੁਹਾਨੂੰ ਪੁੱਛ ਰਹੀ ਹਾਂ ਕਿ ਤੁਸੀਂ ਆਪਣੇ ਬੱਚਿਆਂ ਲਈ ਦੁਨੀਆਂ ਵਿਚ ਕੁਝ ਛੱਡੋਗੇ ਵੀ ਜਾਂ ਨਹੀਂ? ਕਿੰਨੀ ਵੱਡੀ ਗੱਲ ਉਸ ਕੁੜੀ ਗਰੇਟਾ ਥਨਬਰਗ ਨੇ ਕਹੀ ਕਿ ਤੁਸੀਂ ਆਪਣੇ ਬੱਚਿਆਂ ਲਈ ਦੁਨੀਆ ਵਿਚ ਕੁਝ ਛੱਡੋਗੇ ਵੀ ਜਾਂ ਨਹੀਂ। ਸਰ, 2015 ਵਿਚ ਪੈਰਿਸ ਵਿਚ ਇਕ ਸੰਧੀ ਹੋਈ ਸੀ, ਉਹ ਮੌਸਮੀ ਸੰਧੀ 2020 ਤੱਕ ਅਮਲ ਵਿਚ ਲਿਆਉਣੀ ਸੀ ਕਿ 2020 ਤੱਕ ਜਿਹੜੀ ਕਾਰਬਨ ਦੀ ਨਿਕਾਸੀ ਹੈ, ਇਸ ਵਿਚ ਕਟੌਤੀ ਕਰਾਂਗੇ। ਇਹ ਅਮਰੀਕਾ ਦੇ ਸ਼ਹਿਰ ਵਿੱਚ ਵੀ ਹੋਈ ਸੀ, ਉਸ ਤੋਂ ਪਹਿਲਾਂ ਬ੍ਰਾਜੀਲ ਵਿਚ ਵੀ ਹੋਈ ਸੀ। ਇਹ ਜਿਹੜੇ ਪੱਛਮੀ ਦੇਸ਼ ਹਨ, ਜਿਹੜੇ ਕਹਿੰਦੇ ਹਨ ਜਿਥੇ ਹੁੰਦੀ ਹੈ, ਉਥੇ ਕਾਰਬਨ ਨੂੰ ਘੱਟ ਕਰਨ ਵਿੱਚ ਸਾਰਿਆਂ ਨਾਲੋਂ ਵੱਡਾ ਨੁਕਸਾਨ ਉਨ੍ਹਾਂ ਦਾ ਹੀ ਹੈ, ਉਹੀ ਨੁਕਸਾਨ ਕਰ ਰਹੇ ਹਨ । ਸੋ, ਆਪਾਂ ਸਾਰੇ ਬੈਠੇ ਹਾਂ । ਠੀਕ ਆਪਾਂ ਸਾਰੇ ਕਿਸੇ ਦੇ ਭਰਾ ਹਾਂ, ਵੱਡੇ ਹਾਂ, ਕਿਸੇ ਦੇ ਮਾਪੇ ਹਾਂ, ਕਿਸੇ ਦੇ ਲੀਡਰ ਹਾਂ, ਕਿਸੇ ਦੇ ਕੁਝ ਹਾਂ। ਅਸੀਂ ਆਪਣੀ ਇੱਕ ਜਿੰਮੇਵਾਰੀ ਸਮਝਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਵਧੀਆ ਪਾਣੀ, ਧਰਤੀ ਤੇ ਹਵਾ ਨਹੀਂ ਦੇ ਸਕੇ। ਅਸੀਂ ਇਸ ਉਮਰ ਦੇ ਲੋਕ ਹਾਂ। ਜੇਕਰ ਸਾਡੀ ਧਰਤੀ ਮਾੜੀ ਹੈ, ਜੇਕਰ ਸਾਡਾ ਪਾਣੀ ਖਰਾਬ, ਪਲਿਊਟਿਡ ਹੈ, ਜੇ ਸਾਡੀ ਹਵਾ ਪਲਿਊਟਿਡ ਹੈ ਤਾਂ ਜਿਥੇ ਇਨ੍ਹਾਂ ਨੇ ਕੀਤਾ ਹੈ, ਜਿਥੇ ਹੋਇਆ ਹੈ, ਉਸ ਦੇ ਵਿੱਚ ਅਸੀਂ ਸਾਰੇ ਵੀ ਹਾਂ। ਮੈਂ ਸਮਝਦਾ ਹਾਂ ਕਿ ਅਸੀਂ ਵਧੀਆ ਪਾਣੀ, ਧਰਤੀ ਨਹੀਂ ਦੇ ਸਕੇ ਜਿਸ ਕਰਕੇ ਸਾਡੇ ਤੇ ਇਲਜ਼ਾਮ ਰਹੇਗਾ, ਅਸੀਂ ਆਪਣੇ ਚੰਗੇ ਮਾਪੇ, ਚੰਗੇ ਨੇਤਾ ਵੀ ਤਾਂ

ਅਖਵਾ ਸਕਦੇ ਹਾਂ ਜੇ ਅਸੀਂ ਬਿਨਾਂ ਕਿਸੇ ਦੇਰੀ ਕੀਤੇ ਧਰਤੀ ਤੇ ਵਾਤਾਵਰਣ ਨੂੰ ਬਚਾਉਣ ਲਈ ਰਾਜ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਉਪਰਾਲੇ ਕਰਨੇ ਆਪਣਾ ਫਰਜ਼ ਬਣਦਾ ਹੈ। ਸੋ, ਇਸ ਕਰਕੇ ਰਾਜ ਵਿੱਚ ਉਸਾਰੀਆਂ ਗਤੀਵਿਧੀਆਂ ਉਤੇ ਰੋਕ ਲਗਾ ਦਿੱਤੀ ਜਾਣੀ ਚਾਹੀਦੀ ਹੈ ਜਿਸ ਨਾਲ ਵੱਡਮੁੱਲੇ ਕੁਦਰਤੀ ਸਰੋਤ ਪਲੀਤ ਹੋ ਰਹੇ ਹਨ, ਜੋ ਸਭ ਜੀਵਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ । ਜੇਕਰ ਅਸੀਂ ਹੁਣ ਵਾਲੇ ਰਾਹ ਉਤੇ ਚਲਦੇ ਰਹੇ ਤਾਂ ਸਾਡਾ ਤੇ ਖਾਸ ਤੌਰ ਉਤੇ ਬੱਚਿਆਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ, ਨਤੀਜੇ ਵਜੋਂ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ ਨਹੀਂ ਕਰਨਗੀਆਂ । ਸੋ ਇਹ ਇੱਕ ਬਹੁਤ ਵੱਡਾ ਸੰਦੇਸ਼ ਹੈ, ਉਨ੍ਹਾਂ ਸਿਆਣੇ ਲੋਕਾਂ ਦਾ ਜਿਹੜੇ ਆਪਾਂ ਅੱਜ ਇਸ ਦੁਨੀਆਂ ਦੇ ਵਿਚ ਬੈਠੇ ਹਾਂ। ਆਪਾਂ ਜਿਥੇ ਬੈਠੇ ਹਾਂ, ਜਿਸ ਘਰ ਵਿਚ ਰਹਿੰਦੇ ਹਾਂ, ਜਿਸ ਮੁਹੱਲੇ ਵਿਚ ਰਹਿੰਦੇ ਹਾਂ ਤਾਂ ਘੱਟੋ ਘੱਟ ਸਾਨੂੰ ਆਪਣੇ ਘਰ ਵਿਚ ਬੂਟੇ ਲਗਾਉਣ ਦੀ ਮੁਹਿੰਮ ਸੁਰੂ ਕਰ ਸਕਦੇ ਹਾਂ। ਮੈਂ ਸਕੂਲ ਵਿਚ ਪ੍ਰਿੰਸੀਪਲ ਸੀ, ਮੈਂ ਜਿਹੜੇ ਵੀ ਸਕੂਲ ਵਿੱਚ ਵੀ ਪ੍ਰਿੰਸੀਪਲ ਦੇ ਤੌਰ ਉਤੇ ਕੰਮ ਕੀਤਾ, ਸਾਡੇ ਜੇਕਰ ਨਾ ਕੋਈ ਦਰੱਖਤ ਹੁੰਦਾ ਤਾਂ ਅੱਜ ਨਿੰਮ ਸਾਡੇ ਹਰੇਕ ਜਗ੍ਹਾ ਉਤੇ ਹੋ ਜਾਂਦੇ ਸੀ, ਸਾਡੇ ਮਾਲਵੇ ਵੀ ਆਮ ਹੋ ਜਾਂਦਾ ਸੀ। ਅਸੀਂ ਵੱਡੀ ਪੱਧਰ ਉਤੇ ਨਿੰਮ ਲਗਾਏ, ਅਸੀਂ ਵੱਡੀ ਪੱਧਰ ਉਤੇ ਕਿੱਕਰਾਂ ਵੀ ਲਗਾਈਆਂ ਜਿਥੇ ਕਿਤੇ ਕੋਈ ਕਿੱਕਰ ਹੁੰਦੀ ਸੀ ਤਾਂ ਉਥੇ ਕਿੱਕਰਾਂ ਵੀ ਲਗਾ ਦਿੱਤੀਆਂ ਕਿ ਕੋਈ ਗੱਲ ਨਹੀਂ, ਦਰੱਖਤ ਤਾਂ ਹਨ, ਆਕਸੀਜ਼ਨ ਤਾਂ ਪੈਦਾ ਕਰੇਗਾ। ਸੋ, ਅੱਜ ਸਾਨੂੰ ਮਾਨ ਸਾਹਿਬ ਦੀ ਸਰਕਾਰ ਉਤੇ ਮਾਣ ਹੈ ਕਿ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਨ ਦੇ ਉਤੇ ਅਸੀਂ ਹਰੇਕ ਹਲਕੇ ਵਿਚ ਦੋ ਲੱਖ ਬੂਟੇ ਲਗਾਉਣ ਦਾ ਟੀਚਾ ਅਪਣਾਇਆ ਹੈ, ਬਾਕੀ ਹਲਕਿਆਂ ਦੇ ਵਿੱਚ ਵੀ ਲੱਗੇ ਹੋਣਗੇ ਲੇਕਿਨ ਮੇਰੇ ਹਲਕੇ ਦੇ ਵਿੱਚ ਵੱਡੀ ਪੱਧਰ ਉਤੇ ਸਕੂਲਾਂ ਵਿੱਚ ਦਰੱਖਤ ਦਿੱਤੇ, ਬਕਾਇਦਾ ਇਕ ਲਹਿਰ ਬਣਾਈ, ਅਸੀਂ ਇਕ ਦੋ ਐਨ.ਓ.ਜ਼ੀ. ਨੂੰ ਨਾਲ ਲੈ ਕੇ ਅਸੀਂ ਆਪ ਬੂਟੇ ਲਗਾਏ। ਹੁਣ ਵੀ ਅਸੀਂ ਕਈ ਵਾਰੀ ਇਹ ਕਰ ਲੈਂਦੇ ਹਾਂ ਕਿ ਨਿਮੋਲੀਆਂ ਇਕੱਠੀਆਂ ਕਰ ਲੈਂਦੇ ਹਾਂ । ਮੈਂ ਇਕ ਸਕੂਲ ਵਿੱਚ ਜਾ ਕੇ ਇਹ ਭਾਸ਼ਣ ਦਿੱਤਾ ਕਿ ਜਿੰਨੇ ਤੁਹਾਡੇ ਸਕੂਲ ਵਿਚ ਨਿਮੋਲੀਆਂ ਹਨ ਉਹ ਇਕੱਠੀਆਂ ਕਰ ਲਵੋ, ਬੀਜ ਇਕੱਠੇ ਕਰ ਲਵੋ, ਤੁਰੇ ਜਾਂਦੇ ਹਾਂ..

**1310/Jaspal Singh/BS khokhar**

**1315/Beant kaur**

ਸਵੇਰੇ ਤੁਰੇ ਜਾਂਦਿਆਂ ਗੁਥਲੀ ਭਰ ਕੇ ਲੈ ਜਾਓ, ਬਾਹਰ ਲੈਟਰੀਨ ਜਾਂਦਿਆਂ ਜਾਂ ਤੁਰੇ ਜਾਂਦਿਆਂ ਜਿੱਥੇ ਤੁਹਾਨੂੰ ਲੱਗੇ, ਉਸ ਜਗ੍ਹਾ ਤੇ ਖਿਲਾਰ ਦਿਓ ਜੇਕਰ ਤੁਸੀਂ ਇਕ ਹਜ਼ਾਰ ਨਿਮੋਲੀ ਖਿਲਾਰ ਦਿੱਤੀ ਹੈ ਅਤੇ ਉਸ ਵਿਚੋਂ ਘੱਟੋ ਘੱਟ ਅੱਧੀ ਵੀ ਹੋ ਗਈ, ਚੌਥਾ ਹਿੱਸਾ ਹੋ ਗਿਆ ਜਾਂ 10% ਪੈਦਾ ਹੋ ਗਈਆਂ ਤਾਂ ਇਹ ਬਹੁਤ ਵੱਡੀ ਉਪਲਬਧੀ ਹੋਵੇਗੀ।

ਮੈਂ ਇਕ ਐਗਜ਼ਾਂਪਲ ਦੇਵਾਂਗਾ। ਸਾਡੀ ਇਕ ਐਨਜੀਓ ਨਾਲ ਮੀਟਿੰਗ ਹੋਈ ਸੀ, ਜਿਸ ਵਿੱਚ ਮੈਂ ਭਾਸ਼ਣ ਦਿੱਤਾ ਸੀ ਕਿ ਜਿਹੜੀਆਂ ਸਾਡੀਆਂ ਰੇਲਵੇ ਲਾਈਨਾਂ ਹਨ, ਉਨ੍ਹਾਂ ਦੇ ਇਕ ਕਿੱਲਾ ਇੱਧਰ ਅਤੇ ਇੱਕ ਕਿੱਲਾ ਪਰਲੇ ਪਾਸੇ ਥਾਵਾਂ ਖਾਲੀ ਪਈਆਂ ਹਨ। ਮੈਂ ਉਨ੍ਹਾਂ ਨੂੰ ਰਿਕੁਐਸਟ ਕੀਤੀ ਕਿ ਜਿਹੜੇ ਵੱਖ ਵੱਖ ਦਰੱਖਤਾਂ ਦੇ ਬੀਜ ਹਨ, ਉਹ ਤੁਸੀਂ ਇਨ੍ਹਾਂ ਥਾਵਾਂ ਤੇ ਅੱਧਾ ਅੱਧਾ ਕਿਲੋਮੀਟਰ ਜਾਂ 100 ਮੀਟਰ ਤੇ ਖਿਲਾਰਨੇ ਸ਼ੁਰੂ ਕਰ ਦਿਓ। ਜਿੰਨੇ ਦਰੱਖਤ ਪੈਦਾ ਹੋ ਜਾਣਗੇ, ਉਤਨਾ ਹੀ ਸਾਡੇ ਲਈ ਵਧੀਆ ਹੋਵੇਗਾ। ਸੋ, ਇਹ ਸਾਡੇ ਲਈ ਬਹੁਤ ਵੱਡਾ ਮੁੱਦਾ ਹੈ। ਇਸ ਲਈ ਅਸੀਂ ਹਮੇਸ਼ਾ ਧਿਆਨ ਵਿੱਚ ਰੱਖੀਏ ਕਿ ਇਸ ਨੂੰ ਕੋਈ ਵੀ ਕੰਮ ਕਰਦਿਆਂ ਅਸੀਂ ਕਰ ਸਕਦੇ ਹਾਂ। ਮੈਂ ਤਾਂ ਕਹਿੰਦਾ ਹਾਂ ਕਿ ਸਾਨੂੰ ਆਪਣੇ ਘਰ ਵਿੱਚ ਹੀ ਘੱਟੋ ਘੱਟ 4-5 ਦਰੱਖਤ ਲਗਾਉਣੇ ਚਾਹੀਦੇ ਹਨ। ਆਪਣਾ ਗੁਆਂਢ ਹਰਾ-ਭਰਾ ਹੋਣਾ ਚਾਹੀਦਾ ਸੀ। ਬਸ, ਇਥੋਂ ਸ਼ੁਰੂਆਤ ਹੋ ਜਾਵੇ ਤਾਂ ਸਾਰਾ ਹਰਾ-ਭਰਾ ਹੋ ਜਾਵੇਗਾ।

ਮੈਂ ਅਖੀਰ ਵਿੱਚ ਇਕ ਗੱਲ ਕਰ ਰਿਹਾ ਹਾਂ। ਸਾਡੀ ਕਿਸਾਨ ਵੀਰਾਂ ਨਾਲ ਇਕ ਮੀਟਿੰਗ ਹੋਈ ਸੀ। ਸੁਸਾਇਟੀਆਂ ਦਾ ਇਜਲਾਸ ਸੀ, ਉਥੇ ਵੀ ਮੈਂ ਇਹੀ ਗੱਲ ਕਹੀ ਸੀ ਕਿ ਜਿਸ ਕਿਸੇ ਦੇ ਵੀਹ ਕਿੱਲੇ ਹਨ ਜਾਂ 10 ਕਿੱਲੇ ਹਨ, ਤੁਸੀਂ ਵਿਚਾਲੇ ਦਰੱਖਤ ਨਾ ਲਗਾਓ। ਤੁਸੀਂ ਇੱਕ ਕਿੱਲੇ ਜਾਂ ਇੱਕ ਏਕੜ ਦੇ ਚਾਰੋਂ ਹਿੱਸਿਆਂ ਵਿੱਚ ਖੂੰਜੇ ਵਿੱਚ ਦਰੱਖਤ ਲਗਾ ਦਿਓ। ਕੰਮ ਕਰਦਿਆਂ ਜਾਂ ਗੋਡੀ ਕਰਦਿਆਂ ਥਕਾਵਟ ਮਹਿਸੂਸ ਕਰਦੇ ਹੋ ਤਾਂ ਕਿਸੇ ਵੀ ਦਰੱਖਤ ਥੱਲੇ ਤੁਸੀਂ ਦੋ ਮਿੰਟ ਅਰਾਮ ਕਰ ਸਕਦੇ ਹੋ। ਜਿਵੇਂ ਇਕ ਏਕੜ ਵਿੱਚ ਖੂੰਜਿਆਂ ਵਿੱਚ ਪੱਥਰ ਲੱਗੇ ਹੁੰਦੇ ਹਨ, ਇਸ ਤਰ੍ਹਾਂ ਦਰੱਖਤ ਲਗਾਓਗੇ ਤਾਂ ਮਿਣਤੀ ਵੀ ਪਤਾ ਲੱਗ ਜਾਵੇਗੀ ਕਿ ਇਹ ਸਾਡਾ ਕਿੱਲਾ ਹੈ। ਮੇਰਾ ਖਿਆਲ ਹੈ ਕਿ ਇਸ ਤੋਂ ਵਧੀਆ ਕੋਈ ਗੱਲ ਨਹੀਂ ਹੋ ਸਕਦੀ। ਸੋ, ਅੱਜ ਜਿਹੜਾ ਮਤਾ ਆਇਆ ਹੈ, it is a very serious matter. ਮੈਂ ਇੰਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ। ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ।

**ਖੇਡਾਂ ਤੇ ਯੁਵਕ ਮਾਮਲੇ ਮੰਤਰੀ(ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਸਰ, ਮੇਰੇ ਤੋਂ ਬਾਅਦ ਅਰੋੜਾ ਜੀ ਨੂੰ ਵੀ ਟਾਈਮ ਦੇ ਦਿਓ। ਇਨ੍ਹਾਂ ਤੋਂ ਪਹਿਲਾਂ ਮੈਂ ਟਾਈਮ ਲੈ ਗਿਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵਲੋਂ ਵੀ ਬੋਲਣ ਲਈ ਸਮੇਂ ਦੀ ਮੰਗ ਕੀਤੀ ਗਈ ਅਤੇ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਵੀ ਆਪਣੀ ਸੀਟ ਤੇ ਬੈਠ ਕੇ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਤੁਹਾਨੂੰ ਸਾਰਿਆਂ ਨੂੰ ਵੀ ਟਾਈਮ ਮਿਲੇਗਾ ਜੀ। ਕਾਹਲੀ ਨਾ ਕਰੋ। ਚੇਅਰ ਨੂੰ ਡਿਕਟੇਟ ਨਾ ਕਰੋ।

**ਮੰਤਰੀ**: ਸਰ, ਇੱਕ ਬੜੇ ਗੰਭੀਰ ਮੁੱਦੇ ਤੇ ਮਾਣਯੋਗ ਮੈਂਬਰ ਡਾ. ਸੁੱਖੀ ਜੀ ਮਤਾ ਲੈ ਕੇ ਆਏ ਹਨ। ਮੈਂ ਇਸ ਸਬੰਧੀ ਦੋ-ਚਾਰ ਗੱਲਾਂ ਸਦਨ ਅੱਗੇ ਰੱਖਣੀਆਂ ਚਾਹਾਂਗਾ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਅੱਜ ਚਾਹੇ

ਏਅਰ ਪਲਿਊਸ਼ਨ ਹੈ ਜਾਂ ਪਾਣੀ ਗੰਧਲਾ ਹੋ ਰਿਹਾ ਹੈ, ਪੂਰੀ ਦੁਨੀਆ ਵਿੱਚ ਹਰ ਸਾਲ 70 ਲੱਖ ਮੌਤਾਂ ਇਕੱਲੇ ਪਲਿਊਸ਼ਨ ਕਰਕੇ ਹੋ ਰਹੀਆਂ ਹਨ ਅਤੇ ਇਹ ਰਿਕਾਰਡ ਹੈ। ਤੁਸੀਂ ਕਹਿ ਸਕਦੇ ਹੋ ਕਿ ਇਸ ਵਾਸਤੇ ਪੂਰੀ ਦੁਨੀਆ ਦਿਨੋਂ-ਦਿਨ ਅਵੇਅਰ ਵੀ ਹੋ ਰਹੀ ਹੈ ਅਤੇ ਸਾਰੇ ਦੇਸ਼ ਇਸ ਵਾਸਤੇ ਨਿੱਤ ਦਿਨ ਸਟੈੱਪਸ ਵੀ ਚੁੱਕ ਰਹੇ ਹਨ। ਜਦੋਂ ਤੋਂ ਵਾਤਾਵਰਣ ਨੂੰ ਹੁੰਦੇ ਨੁਕਸਾਨਾਂ ਬਾਰੇ ਪਤਾ ਲੱਗਿਆ ਹੈ ਤਾਂ ਯੂਐਨਓ ਨੇ ਵੀ ਪਿਛਲੇ ਕੁਝ ਕੁ ਸਾਲਾਂ ਤੋਂ ਬਲੂ ਸਕਾਈ ਡੇਅ, ਇਨਵਾਇਰਨਮੈਂਟ ਡੇਅ ਮਨਾਉਣੇ ਸ਼ੁਰੂ ਕੀਤੇ ਹਨ। ਅਸਲ ਵਿੱਚ ਜਦੋਂ ਤੋ ਵਾਤਾਵਰਣ ਦੇ ਹੁੰਦੇ ਨੁਕਸਾਨ ਦਾ ਪਤਾ ਲੱਗਿਆ, ਉਦੋਂ ਦੀ ਡਿਪਲੀਸ਼ਨ ਹੋਈ, ਉਸ ਤੋਂ ਬਾਅਦ ਹੀ ਸ਼ੁਰੂਆਤ ਹੋਈ ਹੈ। ਇਹ ਸ਼ੁਰੂਆਤ ਕਰਨੀ ਜ਼ਰੂਰੀ ਵੀ ਸੀ ਕਿਉਂਕਿ ਮੈਂ ਸਮਝਦਾ ਹਾਂ ਕਿ ਜੇਕਰ ਕਿਸੇ ਨੇ ਸਭ ਤੋਂ ਵੱਧ ਨੁਕਸਾਨ ਕੀਤਾ ਹੈ ਤਾਂ ਇਹ ਮਨੁੱਖ ਨੇ ਕੀਤਾ ਹੈ। ਕਿਹਾ ਜਾਂਦਾ ਹੈ ਕਿ 370 ਕਰੋੜ ਸਾਲ ਪਹਿਲਾਂ ਧਰਤੀ ਤੇ ਜੀਵਨ ਸ਼ੁਰੂ ਹੋਇਆ। ਲੱਖਾਂ ਸਾਲ ਡਾਇਨਾਸੋਰ ਰਹੇ, ਹੋਰ ਜੀਵ-ਜੰਤੂ ਰਹੇ ਪਰੰਤੂ ਬੰਦੇ ਦਾ ਐਵੀਡੈਂਸ ਚਾਰ ਕੁ ਲੱਖ ਸਾਲ ਪਹਿਲਾਂ ਦਾ ਹੈ। ਤਕਰੀਬਨ 5000 ਜਾਂ 6000 ਸਾਲ ਪਹਿਲਾਂ ਬੰਦਾ ਸਿਵੀਲਾਈਜ਼ਡ ਹੋਇਆ ਹੈ। ਇਸ ਸਭ ਦੇ ਚਲਦਿਆਂ ਜਿਹੜਾ ਇਨਵਾਇਰਨਮੈਂਟ ਦਾ ਨੁਕਸਾਨ ਹੋਣਾ ਸ਼ੁਰੂ ਹੋਇਆ ਹੈ ਤਾਂ ਇਹ ਮੈਨੂੰ ਲਗਦਾ ਹੈ ਕਿ 200 ਜਾਂ 250 ਸਾਲ ਪਹਿਲਾਂ ਸ਼ੁਰੂ ਹੋਇਆ ਹੈ। ਤੁਸੀਂ ਮੰਨੋਗੇ ਕਿ ਧਰਤੀ ਬਣੀ ਨੂੰ ਇੰਨੇ ਸਾਲ ਹੋ ਗਏ, ਕਿੰਨੇ ਲੱਖ ਸਾਲ ਇੱਥੇ ਜ਼ਿੰਦਗੀ ਚਲਦੀ ਨੂੰ ਵੀ ਹੋ ਗਏ, ਜੇਕਰ ਅਸੀਂ ਮਨੁੱਖਤਾ ਦਾ ਹੀ ਕੰਪੈਰੀਜਨ ਕਰ ਲਈਏ ਤਾਂ ਐਗਜ਼ਾਂਪਲ ਦੇ ਤੌਰ ਤੇ ਇਕ ਦਿਨ ਧਰਤੀ ਬਣੀ ਨੂੰ ਹੋਇਆ ਹੈ ਅਤੇ ਮਨੁੱਖ ਨੂੰ ਇਸ ਤੇ ਆਇਆਂ ਸਿਰਫ 4 ਸਕਿੰਟ ਹੋਏ ਹਨ ਅਤੇ ਉਨ੍ਹਾਂ 4 ਸਕਿੰਟਾਂ ਦਾ ਕੰਪੈਰੀਜ਼ਨ ਵੀ ਤੁਸੀਂ ਪਿਛਲੇ 200 ਜਾਂ 250 ਸਾਲਾਂ ਨਾਲ ਕਰ ਲਓ, ਜਿਸ ਵਿੱਚ ਇੰਡਸਟ੍ਰੀਅਲ ਰੈਵੋਲਿਊਸ਼ਨ ਨਾਲ ਅਸੀਂ ਸਾਰਾ ਨੁਕਸਾਨ ਕੀਤਾ ਹੈ। ਮਨੁੱਖ ਨੇ ਤਰੱਕੀ ਨੂੰ ਤਰਜੀਹ ਦਿੱਤੀ ਅਤੇ ਇਹ ਭੁੱਲ ਹੀ ਗਿਆ ਕਿ ਅਸੀਂ ਇਸ ਨਾਲ ਵਾਤਾਵਰਣ ਦਾ ਕਿੰਨਾ ਨੁਕਸਾਨ ਕਰ ਰਹੇ ਹਾਂ।

**1315/Beant kaur/BS khokhar**

**1320/Karamjit kaur**

ਉਸ ਤੋਂ ਬਾਅਦ ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਦਿਨੋਂ-ਦਿਨ ਅਵੇਅਰ ਹੋਏ। ਮੇਰੇ ਕੋਲ ਇਨਵਾਇਰਨਮੈਂਟ ਡਿਪਾਰਟਮੈਂਟ ਰਿਹਾ ਹੈ, ਕਈ ਡੇਅਜ਼ ਦਾ ਤਾਂ ਮੈਨੂੰ ਵੀ ਉਦੋਂ ਪਤਾ ਲੱਗਿਆ। ਬਲਿਊ ਸਕਾਈ ਡੇਅ ਵੀ ਹੁੰਦਾ ਹੈ। ਮੈਨੂੰ ਲਗਦਾ ਹੈ ਕਿ ਜਦੋਂ ਕੋਵਿਡ ਆਇਆ ਸੀ, ਅਸੀਂ ਸਾਰਿਆਂ ਨੇ ਬਲਿਊ ਸਕਾਈ ਤਾਂ ਉਦੋਂ ਹੀ ਦੇਖਿਆ। ਉਦੋਂ ਜਲੰਧਰ ਤੋਂ ਪਹਾੜ ਦਿੱਖਣ ਲੱਗ ਪਏ ਸੀ, ਇੱਥੇ ਸਰਦਾਰ ਪ੍ਰਗਟ ਸਿੰਘ ਜੀ ਅਤੇ ਕੋਟਲੀ ਸਾਹਿਬ ਬੈਠੇ ਹਨ, ਇਹ ਦੱਸ ਸਕਦੇ ਹਨ। ਮੇਰੇ ਯਾਦ ਹੈ ਕਿ ਉਦੋਂ ਅਸੀਂ ਕਈ ਵਾਰੀ ਪਟਿਆਲੇ ਤੋਂ ਚੰਡੀਗੜ੍ਹ ਆਏ ਸੀ ਤਾਂ ਪਟਿਆਲੇ ਤੋਂ ਪਹਾੜ ਦਿਖਣ ਲਗ ਪਏ ਸੀ ਜਿਹੜੇ ਕਿ ਹੁਣ ਕਈ ਵਾਰੀ ਚੰਡੀਗੜ੍ਹ ਤੋਂ ਵੀ ਨਹੀਂ ਦਿਖਦੇ। ਇਸ ਤਰ੍ਹਾਂ ਉਸ ਸਮੇਂ ਦੌਰਾਨ ਵਾਤਾਵਰਨ ਸਾਫ ਸੁਥਰਾ ਹੋ ਗਿਆ ਸੀ। ਸੜਕਾਂ ਤੇ ਜੰਗਲੀ ਜਾਨਵਰ ਆਉਣ ਲਗ ਪਏ

ਸੀ। ਮੈਨੂੰ ਲਗਦਾ ਹੈ ਕਿ ਅੱਜ ਤੋਂ 100-150 ਸਾਲ ਪਹਿਲਾਂ ਇਸੇ ਤਰ੍ਹਾਂ ਦਾ ਹੀ ਸਾਫ ਸੁਥਰਾ ਵਾਤਾਵਰਨ ਹੋਵੇਗਾ, ਜੋ ਅਸੀਂ ਕੋਵਿਡ ਦੇ ਸਮੇਂ ਵਿੱਚ ਦੇਖਿਆ। ਉਸ ਤੋਂ ਬਾਅਦ ਕੋਵਿਡ ਚਲਿਆ ਗਿਆ, ਲਾੱਕ ਡਾਊਨ ਖੁਲ੍ਹ ਗਿਆ ਅਤੇ ਮਨੁੱਖ ਦੁਬਾਰਾ ਫਿਰ ਆਪਣੀਆਂ ਉਹੀ ਹਰਕਤਾਂ ਤੇ ਆ ਗਿਆ। ਪ੍ਰਿੰਸੀਪਲ ਬੁੱਧ ਰਾਮ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਸਰਕਾਰ ਪਰਾਲੀ ਨੂੰ ਲੈ ਕੇ ਸਟੈਪਸ ਲੈ ਰਹੀ ਹੈ। ਸਰਕਾਰ ਫੌਰੈਸਟ ਵੀ ਲਗਾ ਰਹੀ ਹੈ ਪਰ ਮੈਨੂੰ ਲਗਦਾ ਹੈ ਕਿ ਇਸ ਦੇ ਵਿੱਚ ਸਾਨੂੰ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਕਿਉਂਕਿ ਇਕੱਲੀ ਸਰਕਾਰ ਦੀ ਹੀ ਜ਼ਿੰਮੇਵਾਰੀ ਨਹੀਂ ਹੁੰਦੀ, ਸਾਰੇ ਹੀ ਦੇਸ਼ ਵਾਸੀਆਂ ਅਤੇ ਸਾਰੇ ਹੀ ਪੰਜਾਬੀਆਂ ਨੂੰ, ਭਾਵ ਸਾਨੂੰ ਸਾਰਿਆਂ ਨੂੰ ਆਪਣਾ ਰੋਲ ਅਦਾ ਕਰਨ ਦੀ ਜ਼ਰੂਰਤ ਹੈ। ਕਿਉਂਕਿ ਪਿਛੇ ਜਿਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਅਵਤਾਰ ਦਿਵਸ ਆਇਆ, ਮੇਰੇ ਯਾਦ ਹੈ ਕਿ ਉਦੋਂ ਪੰਜਾਬ ਦੇ ਸਾਰੇ ਪਿੰਡਾਂ ਵਿੱਚ 550-550 ਬੂਟੇ ਲਗਾਏ ਗਏ। ਮੈਨੂੰ ਉਨ੍ਹਾਂ ਹਰੇਕ ਪਿੰਡ ਦੇ 550 ਬੂਟਿਆਂ ਵਿਚੋਂ ਕਿਤੇ ਸਾਢੇ 5 ਬੂਟੇ ਚੱਲੇ ਹੋਏ ਵੀ ਦਿਖਾ ਦਿਉ। ਇਕੱਲੇ ਐਲਾਨ ਹੋ ਜਾਂਦੇ ਹਨ ਪਰ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਨਹੀਂ ਹੁੰਦੀ। ਕਿਉਂਕਿ ਮੇਰੇ ਕੋਲ ਵਾਤਾਵਰਨ ਦਾ ਡਿਪਾਰਟਮੈਂਟ ਰਿਹਾ ਹੈ, ਉਸ ਦੇ ਵਿੱਚ ਬੜਾ ਕੰਮ ਕੀਤਾ ਗਿਆ। ਉਸ ਵਿੱਚ ਅਸੀਂ X.A.2 management ਤੇ ਕੰਮ ਕੀਤਾ ਅਤੇ NAC-2 management ਤੇ ਵੀ ਕੰਮ ਕੀਤਾ ਅਤੇ ਕਿਤੇ ਨਾ ਕਿਤੇ ਉਸ ਦੇ ਵਿੱਚ ਸਕਸੈਸਫੁੱਲ ਵੀ ਹੋਏ। ਪਿਛਲੇ ਸਾਲ ਨਾਲੋਂ ਪੰਜਾਬ ਵਿੱਚ ਪਰਾਲੀ 30% ਘੱਟ ਸਾੜੀ ਗਈ। ਫਿਰ ਵੀ ਮੈਨੂੰ ਲਗਦਾ ਹੈ ਕਿ ਅਸੀਂ ਪੂਰੇ ਸਕਸੈਸਫੁੱਲ ਨਹੀਂ ਹੋਏ। ਉਸ ਵਿੱਚ ਕਿਸਾਨਾਂ ਦੀ ਮਜ਼ਬੂਰੀ ਵੀ ਹੈ, ਉਸ ਵਿੱਚ ਕਿਤੇ ਨਾ ਕਿਤੇ ਅਵੇਅਰਨੈਸ ਦੀ ਕਮੀ ਵੀ ਹੈ। ਇਹ ਪਹਿਲੀ ਵਾਰ ਹੈ ਕਿ ਅਸੀਂ ਆਪਣੇ ਲੈਵਲ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇਨਵਾਲਵ ਕੀਤਾ। ਪਹਿਲੀ ਵਾਰ ਹੋਇਆ ਹੈ ਕਿ ਸਾਡੇ ਬੱਚਿਆਂ ਨੇ ਪਿੰਡ ਪਿੰਡ ਜਾ ਕੇ ਅਵੇਅਰ ਕੀਤਾ ਹੈ ਕਿ ਪਰਾਲੀ ਸਾੜਨ ਦੇ ਨੁਕਸਾਨ ਕੀ ਹਨ। ਧੂੰਆਂ ਦਿੱਲੀ ਜਾਂ ਹਰਿਆਣਾ ਨੂੰ ਪਾਰ ਕਰਕੇ ਹੋਰ ਸ਼ਹਿਰਾਂ ਵਿੱਚ ਤਾਂ ਬਾਅਦ ਵਿੱਚ ਜਾਂਦਾ ਹੈ, ਉਸ ਤੋਂ ਪਹਿਲਾਂ ਤਾਂ ਕਿਸਾਨ ਦੇ ਫੇਫੜਿਆਂ ਵਿਚੋਂ ਲੰਘਦਾ ਹੈ। ਮਾਣਯੋਗ ਸਪੀਕਰ ਸਾਹਿਬ ਹੁਣ ਬੈਠੇ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਬੈਠੇ ਹੋ। ਇਹ ਪਹਿਲੀ ਵਾਰ ਉਨ੍ਹਾਂ ਕਿਸਾਨਾਂ ਨੂੰ, ਜਿਨ੍ਹਾਂ ਨੇ 20-20, 25-25 ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਗਾਈ, ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਬੁਲਾ ਕੇ ਸਨਮਾਨਿਤ ਕੀਤਾ ਗਿਆ। ਪਹਿਲੀ ਵਾਰ ਹੋਇਆ ਕਿ ਪੂਰੇ ਪੰਜਾਬ ਵਿੱਚ, ਕੋਟਕਪੂਰੇ ਵੀ, ਲੁਧਿਆਣੇ ਵੀ ਅਤੇ ਕਈ ਸ਼ਹਿਰਾਂ ਵਿੱਚ ਉਨ੍ਹਾਂ ਕਿਸਾਨਾਂ ਨੂੰ ਬੁਲਾਇਆ ਗਿਆ ਅਤੇ ਮੈਂ ਆਪ ਉਥੇ ਕਈ ਪ੍ਰੋਗਰਾਮ ਅਟੈਂਡ ਕੀਤੇ ਅਤੇ ਮੈਂ ਸਾਰੇ ਹੀ ਮੀਡੀਆ ਨੂੰ ਕਹਿ ਦਿੰਦਾ ਸੀ ਕਿ ਮੇਰਾ ਭਾਸ਼ਣ ਜਾਂ ਸਾਡੇ ਕਿਸੇ ਅਫ਼ਸਰ ਦਾ ਭਾਸ਼ਣ ਬਿਲਕੁਲ ਵੀ ਕਿਸੇ ਚੈਨਲ ਤੇ ਨਾ ਵਿਖਾਇਉ ਔਰ ਜਿਹੜੇ ਕਿਸਾਨ ਇੱਥੇ ਆਏ ਹਨ, ਜਿਹੜੇ ਕਹਿੰਦੇ ਹਨ ਕਿ ਮੈਂ ਪਿਛਲੇ 20 ਸਾਲ ਤੋਂ ਪਰਾਲੀ ਨੂੰ ਅੱਗ ਨਹੀਂ ਲਗਾਈ, ਇਨ੍ਹਾਂ ਦਾ ਭਾਸ਼ਣ ਜ਼ਰੂਰ ਦਿਖਾਇਉ। ਅਸੀਂ ਉਨ੍ਹਾਂ ਸਾਰੇ ਕਿਸਾਨਾਂ ਨੂੰ ਸਟੇਜ ਤੇ ਬੁਲਾਇਆ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ । ਇਸ ਗੱਲ ਦਾ ਇਫੈਕਟ ਵੀ ਗਰਾਉਂਡ ਤੇ ਗਿਆ। ਪਰ ਫਿਰ ਵੀ ਮੈਨੂੰ ਲਗਦਾ ਹੈ ਕਿ ਕਿਤੇ ਨਾ ਕਿਤੇ ਲੋਕਾਂ ਦੀ ਹੋਰ ਸ਼ਮੂਲੀਅਤ ਦੀ ਜ਼ਰੂਰਤ

ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਕਿੱਥੇ ਕਮੀਆਂ ਪੇਸ਼ੀਆਂ ਆਈਆਂ, ਹੁਣ ਜਿਹੜੀ ਇੰਡਸਟਰੀ ਹੈ, ਸਾਡੇ ਮੈਂਬਰ ਗੈਰੀ ਵੜਿੰਗ ਜੀ ਦੇ ਹਲਕੇ ਵਿੱਚ, ਅਮਲੋਹ ਇੰਡਸਟਰੀ ਲਗਣੀ ਸੀ, ਕਿਉਂਕਿ ਅਸੀਂ ਕਈ ਇੰਡਸਟਰੀਜ਼ ਨੂੰ ਵੀ ਮੋਟੀਵੇਟ ਕਰ ਰਹੇ ਸੀ ਕਿ ਤੁਸੀਂ ਪਰਾਲੀ ਨੂੰ ਐਜ਼ ਏ ਫਿਊਲ ਯੂਜ਼ ਕਰੋ, ਤੁਸੀਂ ਉਹ ਬੋਆਇਲਰ ਲਗਾਉ। ਹੁਣ ਜਿਹੜਾ ਪਰਾਲੀ ਦਾ ਟਾਈਮ ਪੀਰੀਅਡ ਹੈ, ਉਸ ਫਿਊਲ ਨੇ 10-15 ਦਿਨਾਂ ਦੌਰਾਨ ਹੀ ਆਉਣਾ ਹੁੰਦਾ ਹੈ, ਕਿਉਂਕਿ ਜੇ ਕੋਲਾ ਵਰਤਦੇ ਹਨ ਤਾਂ ਉਹ ਤਾਂ ਹਰ ਮਹੀਨੇ ਆਈ ਜਾਂਦਾ ਹੈ ਅਤੇ ਹਰ ਮਹੀਨੇ ਵਰਤੀ ਜਾਂਦੇ ਹਨ। ਪ੍ਰੰਤੂ ਪਰਾਲੀ ਵਾਲੇ ਫਿਊਲ ਲਈ ਪਰਾਲੀ ਨੂੰ ਸਟੋਰ ਕਰਨ ਲਈ ਸਿਰਫ 15 ਦਿਨ ਬਣਦੇ ਹਨ ਅਤੇ ਵਰਤਣਾ ਪੂਰਾ ਸਾਲ ਹੁੰਦਾ ਹੈ। ਹੁਣ ਪਰਾਲੀ  ਕਮਰੇ ਜਾਂ ਦੋ ਕਮਰਿਆਂ ਵਿੱਚ ਤਾਂ ਸਟੋਰ ਨਹੀਂ ਹੋ ਸਕੇਗੀ, ਇਸ ਵਾਸਤੇ ਵੱਡੀ ਜਗ੍ਹਾ ਚਾਹੀਦੀ ਹੈ। ਉਥੇ ਇੰਡਸਟਰੀ ਵਾਲੇ ਨੇ 30-32 ਕਿੱਲੇ ਖਰੀਦੇ ਸੀ ਪਰ ਉਥੇ ਧਰਨਾ ਲਗ ਗਿਆ ਕਿ ਇਥੇ ਅਸੀਂ ਨਹੀਂ ਰੱਖਣ ਦੇਣੀ, ਬੜਾ ਰੌਲ਼ਾ ਪਿਆ। ਫਿਰ ਲੋਕਾਂ ਨੂੰ ਸਮਝਾਇਆ ਗਿਆ ਅਤੇ ਇਸ ਤਰ੍ਹਾਂ ਉਹ ਪ੍ਰੋਸੈਸ ਸਿਰੇ ਚੜ੍ਹਿਆ। ਇਸ ਤਰ੍ਹਾਂ  ਦੀਆਂ ਕਈ ਹੋਰ ਜਗ੍ਹਾ ਤੇ ਵੀ ਮੁਸ਼ਕਿਲਾਂ ਆਈਆਂ। ਬਠਿੰਡੇ ਜ਼ਿਲ੍ਹੇ ਵਿੱਚ ਇੱਕ ਬੱਲੋ ਨਾਮ ਦਾ ਪਿੰਡ ਹੈ, ਉਥੇ ਕਿਸੇ ਨੇ ਪਰਾਲੀ ਦੇ ਪਾਇਲਟਸ ਬਣਾਉਣ ਦਾ ਪਲਾਂਟ ਲਗਾਉਣਾ ਸੀ, ਉਥੇ ਵੀ ਧਰਨਾ ਮੁਜ਼ਾਹਰਾ ਹੋਇਆ। ਤੁਸੀਂ ਦੇਖੋ ਕਿ ਜਿਸ ਨੇ ਆਲੇ ਦੁਆਲੇ ਦੇ 1000-1500 ਤੋਂ 2000 ਕਿੱਲੇ ਤੱਕ ਦੀ ਪਰਾਲੀ ਚੁੱਕਣੀ ਸੀ, ਉਹ ਪਾਇਲਟਸ ਵਾਲਾ ਪ੍ਰਾਜੈਕਟ ਵੀ ਉਥੇ ਲੱਗਣ ਨਹੀਂ ਦਿੱਤਾ ਗਿਆ।

**1320/Karamjit kaur/Rajneesh kumar**

**1325/harpreet singh**

ਸੋ, ਮੇਰੀ ਇਹੀ ਬੇਨਤੀ ਹੈ ਕਿ ਸਾਰੇ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ। ਚਾਹੇ ਪਲਾਸਟਿਕ ਵਾਲਾ ਧੂਆਂ ਹੈ, ਚਾਹੇ ਪਰਾਲੀ ਵਾਲਾ ਧੂੰਆਂ ਹੈ। ਸਾਡੇ ਮੈਂਬਰ ਦਿਨੇਸ਼ ਚੱਢਾ ਸਾਹਿਬ ਨੇ ਵਿਧਾਨ ਸਭਾ ਵਿਚ ਮੇਰੇ ਤੋਂ ਸਵਾਲ ਪੁੱਛਿਆ ਸੀ ਕਿ ਪਲਾਸਟਿਕ ਪਾਲੀਥੀਨ ਦੀ ਰੋਕਥਾਮ ਵਾਸਤੇ ਤੁਸੀਂ ਕੀ ਕਰ ਰਹੇ ਹੋ, ਠੀਕ ਹੈ ਮੈਂ ਵਿਭਾਗ ਦਾ ਮੰਤਰੀ ਹਾਂ, ਮੈਂ ਵੀ ਜਵਾਬ ਦੇ ਦਿੱਤਾ ਕਿ ਅਸੀਂ ਬਹੁਤ ਸਖਤਾਈ ਕੀਤੀ ਹੈ, ਪੰਜਾਬ ਵਿਚ ਪਲਾਸਟਿਕ ਬੈਨ ਹੈ। ਪਰ ਡਿਪਟੀ ਸਪੀਕਰ ਸਾਹਿਬ, ਤੁਸੀਂ ਦੱਸੋ ਕਿ ਇਕੱਲਾ ਵਿਭਾਗ ਇਹ ਕਰ ਸਕਦਾ ਹੈ? ਜੇਕਰ ਸਖਤੀ ਕਰਦੇ ਹਾਂ ਤਾਂ ਲੋਕ ਸੋਸ਼ਲ ਮੀਡੀਆ ਤੇ ਕੁਮੈਂਟ ਕਰਨ ਲਗਦੇ ਹਨ ਕਿ ਤੁਸੀਂ ਗਰੀਬਾਂ ਨੂੰ ਤੰਗ ਕਰਦੇ ਹੋ, ਜਿੱਥੇ ਪਲਾਸਟਿਕ ਦੇ ਲਿਫਾਫੇ ਬਣਦੇ ਹਨ, ਤੁਸੀਂ ਉਸ ਇੰਡਸਟਰੀ ਨੂੰ ਬੰਦ ਕਿਉਂ ਨਹੀਂ ਕਰਦੇ। ਡਿਪਟੀ ਸਪੀਕਰ ਸਾਹਿਬ, ਕੋਈ ਵੀ ਵੱਡੀ ਇੰਡਸਟਰੀ ਪਲਾਸਟਿਕ ਦੇ ਲਿਫ਼ਾਫੇ ਨਹੀਂ ਬਣਾਉਂਦੀ। ਅਸਲ ਵਿਚ ਇਕ ਛੋਟੀ ਜਿਹੀ ਮਸ਼ੀਨ ਆਉਂਦੀ ਹੈ, ਉਹ ਕਿਸੇ ਵੀ ਗਲੀ ਵਿਚ ਕਿਸੇ ਵੀ ਘਰ ਦੇ ਖੂੰਜੇ ਵਿਚ ਲਗ ਜਾਂਦੀ ਹੈ ਤੇ ਪਤਾ ਵੀ ਨਹੀਂ ਲਗਦਾ। ਅਸੀਂ ਰੇਡਾਂ ਕਰਦੇ ਹਾਂ ਪਰ ਕੀ ਜਿਹੜੇ ਲੋਕ ਇਨ੍ਹਾਂ ਪਲਾਸਟਿਕ ਲਿਫਾਫਿਆਂ ਵਿਚ ਸਮਾਨ ਖਰੀਦਦੇ ਹਨ, ਕੀ ਉਨ੍ਹਾਂ ਦੀ

ਕੋਈ ਜ਼ਿੰਮੇਵਾਰੀ ਨਹੀਂ। ਸਰਕਾਰ ਸਖਤੀ ਕਰ ਸਕਦੀ ਹੈ। ਡਿਪਟੀ ਸਪੀਕਰ ਸਾਹਿਬ ਮੈਂ ਤੁਹਾਨੂੰ ਚਾਈਨਾ ਡੋਰ ਦੀ ਇਕ ਗੱਲ ਦੱਸਦਾ ਹਾਂ ਕਿ ਮੈਨੂੰ ਇਕ ਸੱਜਣ ਦਾ ਫੋਨ ਆਇਆ ਕਿ ਥਾਣੇ ਵਿਚ ਚਾਈਨਾ ਡੋਰ ਫੜੀ ਹੋਵੇਗੀ, ਸਾਡਾ ਜੁਆਕ ਮੰਗਦਾ ਹੈ, ਇਸ ਨੂੰ ਥਾਣੇ ਤੋਂ ਚਾਈਨਾ ਡੋਰ ਹੀ ਦਿਵਾ ਦਿਓ। ਸੋ, ਲੋਕਾਂ ਦੇ ਸਹਿਯੋਗ ਨਾਲ ਹੀ ਇਨ੍ਹਾਂ ਚੀਜ਼ਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਗਿੱਲਾ ਅਤੇ ਸੁੱਕਾ ਕੂੜਾ ਅਲੱਗ ਕਰਨ ਲਈ ਘਰ ਵਿਚ ਦੋ ਡਸਟਬਿਨ ਲਗਾਉਣੇ ਕਿੰਨੇ ਕੁ ਮੁਸ਼ਕਿਲ ਹਨ ਪਰ ਕਈ ਲੋਕ ਉਹ ਵੀ ਲਗਾਉਣ ਲਈ ਤਿਆਰ ਨਹੀਂ ਹਨ। ਸੋ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਪਹਿਲਾਂ ਲੋਕਾਂ ਦੇ ਨੁਮਾਇੰਦੇ ਹੋਣ ਦੇ ਨਾਤੇ ਅਸੀਂ ਖੁਦ ਸਾਰੇ ਰੂਲਜ਼ ਫਾਲੋਅ ਕਰੀਏ ਤਾਂ ਹੀ ਅਸੀਂ ਲੋਕਾਂ ਨੂੰ ਕਹਿ ਸਕਦੇ ਹਾਂ। ਮੇਰੇ ਕਹਿਣ ਦਾ ਭਾਵ ਇਹੀ ਹੈ ਕਿ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੀਆਂ ਪੀੜ੍ਹੀਆਂ ਨੂੰ ਸਾਫ਼ ਸੁਥਰਾ ਵਾਤਾਵਰਣ ਦੇ ਕੇ ਜਾਈਏ। ਜਿੱਥੋਂ ਤੱਕ ਜੰਗਲਾਤ ਰਕਬਾ ਘਟਣ ਦੀ ਗੱਲ ਹੈ। ਜੇਕਰ ਅਸੀਂ ਇਕੱਲਾ ਦਰਖਤ ਲਗਾਉਂਦੇ ਹਾਂ ਤਾਂ ਉਸ ਨੂੰ ਪਾਣੀ ਪਾਉਣ ਨਹੀਂ ਕੋਈ ਜਾਂਦਾ। ਇਸ ਲਈ ਜੇਕਰ ਦਰੱਖਤ ਲਗਾਉਣੇ ਹਨ ਤਾਂ ਫਾਰੈਸਟ ਦੇ ਤਰੀਕੇ ਰਾਹੀਂ ਲਗਾਏ ਜਾ ਸਕਦੇ ਹਨ। ਮੈਂ ਆਪਣੇ ਹਲਕੇ ਵਿਚ ਕਈ ਥਾਵਾਂ ਤੇ ਫਾਰੈਸਟ ਲਗਾਏ ਹਨ। ਮੈਂ ਜੰਗਲਾਤ ਮੰਤਰੀ ਜੀ ਅਤੇ ਪੰਚਾਇਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਕੋਈ ਅਜਿਹੀ ਤਜਵੀਜ਼ ਲਿਆਈਏ ਕਿ ਜਿਹੜੀਆਂ ਪੰਚਾਇਤੀ ਜ਼ਮੀਨਾਂ ਹਨ, ਉੱਥੇ ਕੋਈ 10, 20 ਜਾਂ 25 ਫੀਸਦੀ ਫਾਰੈਸਟ ਲਗਾਉਣਾ ਲਾਜ਼ਮੀ ਕਰੀਏ ਤਾਂ ਕਿ ਫਾਰੈਸਟ ਦੇ ਰੂਪ ਵਿਚ ਦਰੱਖਤ ਵੱਡੇ ਹੋਣ ਅਤੇ ਲੋਕਾਂ ਨੂੰ ਸਾਫ ਸੁਥਰਾ ਵਾਤਾਵਰਣ ਮਿਲ ਸਕੇ। ਸਾਨੂੰ ਆਪਣੇ ਘਰਾਂ ਵਿਚ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਈਕੋ ਫਰੈਂਡਲੀ ਪ੍ਰੋਡਕਟਸ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾਵੇ। ਜੇਕਰ ਘਰਾਂ ਵਿਚ ਕੋਈ ਫਾਲਤੂ ਪੱਖਾ ਜਾਂ ਲਾਈਟ ਚੱਲ ਰਹੀ ਹੈ, ਉਸ ਨੂੰ ਕੰਟਰੋਲ ਕਰੀਏ। ਇਸ ਦੇ ਨਾਲ ਨਾਲ ਮੈਂ ਸਿੱਖਿਆ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸਾਰੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਸੋਲਰ ਪੈਨਲ ਲਗਾਉਣ ਦਾ ਫੈਸਲਾ ਕੀਤਾ ਹੈ। ਪਿਛਲੇ ਸਾਲ ਵੀ ਲੱਗੇ ਹਨ ਅਤੇ ਇਸ ਸਾਲ ਵੀ ਬਜਟ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਸੋ, ਜੇਕਰ ਸਰਕਾਰ ਦੇ ਨਾਲ ਨਾਲ ਲੋਕ ਵੀ ਇਸ ਵਿਚ ਸ਼ਮੂਲੀਅਤ ਕਰਨਗੇ ਤਾਂ ਹੀ ਅਸੀਂ ਕਾਮਯਾਬ ਹੋ ਸਕਾਂਗੇ। ਸੋ, ਜਿਹੜਾ ਇਹ ਮਤਾ ਲਿਆਂਦਾ ਗਿਆ ਹੈ, ਮੈਂ ਇਸ ਮਤੇ ਤੇ ਆਪਣੀ ਸਹਿਮਤੀ ਪ੍ਰਗਟਾਉਂਦਾ ਹਾਂ ਅਤੇ ਮੈਨੂੰ ਲਗਦਾ ਹੈ ਕਿ ਇਸ ਵਿਸ਼ੇ ਤੇ ਕੰਮ ਕਰਨਾ ਚਾਹੀਦਾ ਹੈ। ਬਹੁਤ ਧੰਨਵਾਦ ਜੀ।

**1325/harpreet singh/Rajneesh kumar**

**1330/amandeep kaur**

**ਮਾਣਯੋਗ ਡਿਪਟੀ ਸਪੀਕਰ:** ਹਾਂ ਜੀ, ਡਾਕਟਰ ਸੁਖਵਿੰਦਰ ਸਿੰਘ ਕੋਟਲੀ ਜੀ।

**ਪ੍ਰਸ਼ਾਸ਼ਕੀ ਸੁਧਾਰ ਮੰਤਰੀ(ਸ੍ਰੀ ਅਮਨ ਅਰੋੜਾ):** ਡਿਪਟੀ ਸਪੀਕਰ ਸਾਹਿਬ, ਮੇਰੀ ਮੀਟਿੰਗ ਸੀ, ਕਿਰਪਾ ਕਰਕੇ ਕੀ ਮੈਂ ਪਹਿਲਾਂ ਬੋਲ ਲਵਾਂ?

**ਮਾਣਯੋਗ ਡਿਪਟੀ ਸਪੀਕਰ:** ਠੀਕ ਹੈ।

**ਪ੍ਰਸ਼ਾਸ਼ਕੀ ਸੁਧਾਰ ਮੰਤਰੀ** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਗੁਸਤਾਖੀ ਦੀ ਮੁਆਫੀ। ਮੇਰੀ ਇੱਕ ਇੰਪਾਰਟੈਂਟ ਮੀਟਿੰਗ ਸੀ। ਇੱਥੇ ਸਾਰੇ ਮੇਰੇ ਭਰਾ ਹਨ। ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਇਹ ਇੱਕ ਇੰਨਾ ਸੈਂਸੀਟਿਵ ਇਸ਼ੂ ਹੈ, ਇਹ ਹਰ ਕਿਸੀ ਦੀ ਜ਼ਿੰਦਗੀ ਦੇ ਨਾਲ ਜੁੜਿਆ ਹੋਇਆ ਹੈ, ਇਸ ਤੇ ਹਰ ਕੋਈ ਬੋਲਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਸਾਡੇ ਸਾਰਿਆਂ ਦੀ ਬਦਕਿਸਮਤੀ ਇਹੀ ਹੈ ਕਿ ਇਹ ਜਿਹੜੀ ਸੈਂਸਟੀਵਿਟੀ ਹੈ, ਇਸ ਇਸ਼ੂ ਦੇ ਨਾਲ, ਵਾਤਾਵਰਣ ਦੇ ਨਾਲ, ਉਹ ਆਪਾਂ over a period of time ਆਪਣੇ ਜੀਂਨਸ ਦੇ ਵਿੱਚ ਹੀ ਘੱਟ ਚੁੱਕੀ ਹੈ। ਸਰ, ਮੈਂ ਤੁਹਾਨੂੰ ਦੋ ਐਗਜ਼ਾਂਪਲਜ਼ ਦੇਵਾਂਗਾ। ਮੇਰਾ ਇੱਕ ਕੈਨੇਡਾ ਦੇ ਵਿੱਚ ਦੋਸਤ ਹੈ। ਮੇਰੇ ਦੋਸਤ ਨੇ ਓਲਡ ਏਰੀਆ ਕੈਲਗਰੀ ਦੇ ਵਿੱਚ ਇੰਡਸਟਰੀ ਲਗਾਉਣੀ ਸੀ, ਜ਼ਮੀਨ ਲੈ ਲਈ, ਸਾਰੀਆਂ ਪਰਮਿਸ਼ਨਜ਼ ਹੋ ਗਈਆਂ, ਇੰਡਸਟਰੀ ਜਦੋਂ ਸ਼ੁਰੂ ਕਰਨੀ ਸੀ, ਉਦੋਂ ਉਨ੍ਹਾਂ ਨੂੰ ਕੈਨੇਡਾ ਦੇ ਜੀਵ ਜੰਤੂ ਮਹਿਕਮੇ ਵੱਲੋਂ ਮੇਲ ਆਈ ਕਿ ਤੁਹਾਡੇ 96 ਏਕੜ ਦੇ ਪਲਾਟ ਦਾ ਸਰਵੇ ਕੀਤਾ ਗਿਆ, ਤੁਸੀਂ ਇਹ ਤਿੰਨ ਪੇੜਾਂ ਦੇ ਨੇੜੇ ਨਹੀਂ ਜਾ ਸਕਦੇ ਕਿਉਂਕਿ ਇੱਥੇ ਇਸ ਚਿੜੀ ਦਾ ਆਲਣਾ ਹੈ ਅਤੇ ਉਥੇ ਤਿੰਨ ਆਂਡੇ ਹਨ, ਜਦੋਂ ਤੱਕ ਇਹ ਪੂਰੇ ਵੱਡੇ ਹੋ ਕੇ ਉਡਾਰ ਨਹੀਂ ਹੋ ਜਾਂਦੇ, ਤੁਸੀਂ ਉਦੋਂ ਤੱਕ ਉਥੇ ਕੰਸਟਰਕਸ਼ਨ ਸ਼ੁਰੂ ਨਹੀਂ ਕਰ ਸਕਦੇ। ਮੇਰੇ ਦੋਸਤ ਨੇ ਮੈਨੂੰ ਮੇਲ ਦਿਖਾਈ। I was shocked ਕਿ ਉਥੇ ਇੰਨੀ ਪਸ਼ੂ ਪੱਛੀਆਂ ਦੇ ਪ੍ਰਤੀ ਸੈਂਸਟੀਵਿਟੀ ਹੈ। ਦੂਸਰਾ, ਇੱਕ ਫਿਲਮ ਅਰਦਾਸ ਆਈ ਸੀ। ਉਸ ਫਿਲਮ ਦੇ ਇੱਕ ਸੀਨ ਵਿੱਚ ਗੁਰਪ੍ਰੀਤ ਘੁੱਗੀ ਜੀ ਕੈਨੇਡਾ ਵਿੱਚ ਇੱਕ ਪੇੜ ਦੇ ਨਾਲ ਖੜ੍ਹ ਕੇ ਕਹਿੰਦੇ ਹਨ ਕਿ ਕਹਿ ਕੇ ਤਾਂ ਸਾਡਾ ਬਾਬਾ ਗਿਆ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।**

ਪਰ ਅਪਣਾਇਆ ਇਨ੍ਹਾਂ ਨੇ ਹੈ, ਸਾਡੇ ਵਾਲਿਆਂ ਨੇ ਆਪਣੇ ਬਾਬੇ ਦੀ ਇਸ ਗੱਲ ਨੂੰ ਵਿਸਾਰ ਦਿੱਤਾ ਹੈ। ਉਹ ਭੁੱਲ ਚੁੱਕੇ ਹਨ। ਇਹ ਬਿਲਕੁਲ ਸਹੀ ਹੈ। ਅੱਜ ਇਸ ਤਰੀਕੇ ਦਾ ਮਾਹੌਲ ਬਣਿਆ ਪਿਆ। ਮੇਰੇ ਤੋਂ ਪਹਿਲਾਂ ਮੇਰੇ ਵੀਰ ਸੁੱਖੀ ਜੀ ਨੇ ਗੱਲ ਕੀਤੀ, ਤਕਰੀਬਨ 50 ਹਜ਼ਾਰ ਸਕੁਏਅਰ ਕਿਲੋਮੀਟਰ ਏਰੀਆ ਪੰਜਾਬ ਦਾ ਹੈ ਜੋ ਕਿ ਮਹਿਜ 6% ਹੈ। 3000 ਸਕੁਏਅਰ ਕਿਲੀਮਟਰ ਹੀ ਸਿਰਫ ਪੇੜ੍ਹਾਂ ਦੇ ਥੱਲੇ ਹੈ। ਬਾਕੀ ਸਾਰਾ ਖਤਮ ਹੁੰਦਾ ਜਾ ਰਿਹਾ ਹੈ। ਜੇ ਆਪਾਂ ਨੈਸ਼ਨਲ ਜਾਂ ਗਲੋਬਲ ਐਵਰੇਜ਼ ਦੀ ਗੱਲ ਕਰ ਲਈਏ ਕਿਉਂਕਿ ਗਲੋਬਲ ਐਵਰੇਜ ਹਰ ਇਨਸਾਨ ਨੂੰ ਜਿੰਨੀ ਆਕਸੀਜਨ ਚਾਹੀਦੀ ਹੈ ਉਹ ਦੱਸਦੀ ਹੈ। ਗਲੋਬਲ ਐਵਰੇਜ਼ ਦੱਸਦੀ ਹੈ ਕਿ ਇੱਕ ਬੰਦੇ ਮਗਰ 422 ਪੇੜ੍ਹ

ਹੋਣੇ ਚਾਹੀਦੇ ਹਨ। ਕੈਨੇਡਾ ਦੇ ਵਿੱਚ 9000 ਪੇੜ੍ਹ ਹਨ, ਰਸ਼ੀਆਂ ਦੇ ਵਿੱਚ 4450 ਪੇੜ੍ਹ ਹਨ, ਅਮਰੀਕਾ ਦੇ ਵਿੱਚ 716 ਪੇੜ੍ਹ ਹਨ, ਇੰਡੀਆ ਦੇ ਵਿੱਚ ਸਿਰਫ 28 ਪੇੜ੍ਹ ਹੀ ਹਨ। ਅਸੀਂ ਕਿੰਨਾ ਪਿੱਛੇ ਰਹਿ ਗਏ ਹਾਂ। ਜਦੋਂ ਕੋਵਿਡ ਦਾ ਦੌਰ ਆਇਆ ਸੀ, ਸਾਰੀ ਦੁਨੀਆ ਨੇ ਯਮੁਨਾ ਦੇ ਉਪਰ ਤੇ ਨਦੀਆਂ ਦੇ ਉਪਰ ਲਾਸ਼ਾਂ ਤੈਰਦੀਆਂ ਦੇਖੀਆਂ ਸਨ। ਆਪਾਂ ਸਾਰੇ ਲੋਕ ਸਮੇਤ ਮੇਰੇ ਉਦੋਂ ਤਾਂ ਰੋਹ ਵਿੱਚ ਆ ਜਾਂਦੇ ਹਾਂ ਕਿ ਆਹ ਹੋ ਗਿਆ, ਉਹ ਹੋ ਗਿਆ। ਇੱਕ ਦੂਜੇ ਨੂੰ ਵੱਧ ਚੜ੍ਹ ਕੇ ਉਪਦੇਸ਼ ਦੇਣ ਵਾਲੇ ਤਾਂ ਆਪਾਂ ਸਾਰੇ ਹੋ ਜਾਂਦੇ ਹਾਂ ਪਰ ਜਿਵੇਂ ਕੋਵਿਡ ਮੁੱਕਿਆ, ਚੱਲ ਫਿਰ ਉਹੋ ਜਿਹੇ ਦੇ ਉਹੋ ਜਿਹੇ। ਜੇ ਸਭ ਤੋਂ ਇੱਥੇ ਕੋਈ ਸਸਤੀ ਚੀਜ਼ ਹੈ ਤਾਂ ਉਹ ਇੱਥੇ ਇਨਸਾਨ ਦੀ ਜ਼ਿੰਦਗੀ ਹੈ, ਇਨਸਾਨ ਦਾ ਜੀਵਨ ਹੈ। ਆਪਾਂ ਹੀ ਇੱਥੇ ਇਨਸਾਨ ਦਾ ਜੀਵਨ ਸਭ ਤੋਂ ਸਸਤਾ ਕਰ ਦਿੱਤਾ ਹੈ। ਜਿਸ ਤਰੀਕੇ ਦੀ ਮੇਰੇ ਵੀਰ ਜੀ ਨੇ ਗੱਲ ਕੀਤੀ ਹੈ। ਇਨ੍ਹਾਂ ਨੇ ਪਲਾਸਟਿਕ ਦੀ ਵੀ ਗੱਲ ਕੀਤੀ ਹੈ। ਪਰਾਲੀ ਨੂੰ ਅੱਗ ਨਾ ਲੱਗੇ, ਜਦੋਂ ਪਰਾਲੀ ਨੂੰ ਅੱਗ ਲੱਗਦੀ ਹੈ ਤਾਂ ਸੜਕ ਦੇ ਨਾਲ ਹੀ ਸਾਈਡਾਂ ਤੇ ਲੱਗੇ ਜਿਹੜੇ ਪੇੜ੍ਹ ਹੁੰਦੇ ਹਨ ਉਹ ਕਿੰਨੇ ਮੱਚ ਜਾਂਦੇ ਹਨ। ਕੋਈ ਹਿਸਾਬ ਕਿਤਾਬ ਨਹੀਂ ਹੈ। ਜੇ ਸਰਕਾਰ ਕੁਝ ਕਰਦੀ ਹੈ ਤਾਂ ਵੀ ਲੋਕਾਂ ਦਾ ਰਿਐਕਸ਼ਨ ਆ ਜਾਂਦਾ ਹੈ।

**1330/amandeep kaur/Monika sharma**

**1335/Tarlochan Singh**

ਮੇਰੇ ਕਹਿਣ ਦਾ ਭਾਵ ਹੈ ਕਿ ਆਪਾਂ ਨੂੰ ਇਸ ਬਾਰੇ ਬਹੁਤ ਕੁਝ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਸਰਕਾਰ ਅਵੇਅਰਨੈੱਸ ਕੰਪੇਨ ਚਲਾਵੇ। ਪਰ ਜਦੋਂ ਤੱਕ ਪਬਲਿਕ ਪਾਰਟੀਸਿਪੇਸ਼ਨ ਨਹੀਂ ਹੋਵੇਗੀ, ਲੋਕਾਂ ਦਾ ਸਾਥ ਨਹੀਂ ਹੋਵੇਗਾ, ਉਦੋਂ ਤੱਕ ਇਹ ਸੰਭਵ ਨਹੀਂ ਹੈ। ਸਰ, ਪਬਲਿਕ ਪਾਰਟੀਸਿਪੇਸ਼ਨ ਤੋਂ ਬਿਨਾ ਇਹ ਗੱਲ ਨਹੀਂ ਬਣੇਗੀ। ਮੈਂ ਤਾਂ ਸਮਝਦਾ ਹਾਂ ਕਿ ਆਪਾਂ ਸਾਰੇ ਪਬਲਿਕ ਨੁਮਾਇੰਦੇ ਬੈਠੇ ਹਾਂ, ਸਾਨੂੰ ਪਬਲਿਕ ਅਵੇਅਰਨੈੱਸ ਕਰਨੀ ਚਾਹੀਦੀ ਹੈ ਅਤੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਜਿਹੜੀਆਂ ਬੇਆਬਾਦ ਸਰਕਾਰੀ ਜ਼ਮੀਨਾਂ ਪਈਆਂ ਹਨ, ਉਨ੍ਹਾਂ ਤੇ ਵੀ ਦਰਖਤ ਲਗਾਏ ਜਾਣ। ਚਾਹੇ ਇਸ ਤਰ੍ਹਾਂ ਹੀ ਕਰ ਲਈ ਕਿ ਕੋਈ ਲਿਮਿਟ ਮਿੱਥ ਲਈ ਜਾਵੇ ਕਿ 10 ਕਿੱਲੇ, 20 ਕਿੱਲੇ ਜਾਂ 50 ਕਿੱਲੇ ਕਰ ਲਉ ਕਿ ਜਿਸ ਕੋਲ ਇਸ ਤੋਂ ਜ਼ਿਆਦਾ ਜ਼ਮੀਨ ਹੈ ਤਾਂ ਉਸ ਜ਼ਮੀਨ ਤੇ 5%, 7%, 10% ਜਾਂ 20% ਜੰਗਲ ਲਗਾਉਣ ਬਾਰੇ ਵਿਚਾਰ ਕੀਤਾ ਜਾਵੇ। ਜੇਕਰ ਕੋਈ ਬੰਦਾ ਆਪਣੀ ਪ੍ਰਾਈਵੇਟ ਜ਼ਮੀਨ ਵਿੱਚ ਵੀ ਜੰਗਲ ਲਗਾ ਲਵੇਗਾ ਜਾਂ ਇਹ ਦਰਖਤ ਵੱਟਾਂ ਤੇ ਲੱਗ ਜਾਣਗੇ, ਇਸ ਨਾਲ ਮੈਂ ਸਮਝਦਾ ਹਾਂ ਕਿ ਵਾਤਵਰਨ ਤਾਂ ਬਚੇਗਾ ਹੀ ਜ਼ਮੀਨ ਹੇਠਲਾ ਪਾਣੀ ਵੀ ਬਚੇਗਾ। ਸੋ, ਇਨ੍ਹਾਂ ਚੀਜ਼ਾਂ ਤੇ ਸਾਨੂੰ ਫੋਕਸ ਕਰਨ ਦੀ ਲੋੜ ਹੈ। ਮੈਂ ਸੁੱਖੀ ਜੀ ਦੇ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਪੁਰਜ਼ੋਰ ਸਿਫਾਰਸ਼ ਕਰਦਾ ਹਾਂ ਕਿ ਆਪਾਂ ਸਾਰਿਆਂ ਨੂੰ

ਇਸ ਬਾਰੇ ਕੋਈ ਨਾ ਕੋਈ ਕਨਸੈਂਸਿਜ਼ ਜ਼ਰੂਰ ਬਣਾ ਕੇ ਉੱਠਣਾ ਚਾਹੀਦਾ ਹੈ ਕਿ ਇਸ ਪਾਸੇ ਵੱਲ ਪੰਜਾਬ ਨੂੰ ਲੈ ਕੇ ਜਾਣਾ ਹੈ ਅਤੇ ਬਾਬੇ ਨਾਨਕ ਦੀ ਉਸੇ ਪੰਕਤੀ, ਉਸੇ ਉਪਦੇਸ਼ ਕਿ -

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।**

ਤੇ ਅਸੀਂ ਸਾਰੇ ਰਲ ਕੇ ਪਹਿਰਾ ਦੇਈਏ ਤਾਂ ਕਿ ਆਪਾਂ ਹੋਰ ਕੁਝ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਸੁਥਰੀ ਹਵਾ, ਸ਼ਹਿਦ ਵਰਗਾ ਪਾਣੀ ਅਤੇ ਮਿੱਠੀ ਧਰਤੀ ਦੇ ਸਕੀਏ। ਸੋ, ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਜੈ ਹਿੰਦ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਜਿਹੜਾ ਵਾਤਾਵਰਨ ਸਬੰਧੀ ਮਤਾ ਡਾਕਟਰ ਸੁਖਵਿੰਦਰ ਸੁੱਖੀ ਜੀ ਨੇ ਪੇਸ਼ ਕੀਤਾ ਹੈ, ਇਸ ਦੀ ਹਮਾਇਤ ਕਰਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਸੂਬੇ ਦੇ ਗੰਧਲੇ ਹੋ ਰਹੇ ਵਾਤਾਵਰਨ ਕਾਰਨ ਮਨੁੱਖਤਾ ਅਤੇ ਪਸ਼ੂ ਪੰਛੀਆਂ ਤੇ ਪੈਣ ਵਾਲੇ ਪ੍ਰਭਾਵ ਨੂੰ ਮੁੱਖ ਰੱਖ ਕੇ ਸਰਕਾਰ ਅਤੇ ਪਬਲਿਕ ਨੂੰ ਕਦਮ ਚੁੱਕਣੇ ਚਾਹੀਦੇ ਹਨ। ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਦਰਖਤ ਅਤੇ ਬਨਸਪਤੀ ਮਨੁੱਖਤਾ ਦੇ ਜੀਵਨ ਦਾ ਬਹੁਤ ਵੱਡਾ ਆਧਾਰ ਹੈ। ਇਸ ਵਾਤਾਵਰਨ ਤੋਂ ਬਿਨਾ ਇਨਸਾਨ ਆਪਣੀ ਚੰਗੀ ਜ਼ਿੰਦਗੀ ਨਹੀਂ ਜੀਅ ਨਹੀ ਸਕਦਾ। ਚੰਗੇ ਵਾਤਾਵਰਨ ਤੋਂ ਬਿਨਾ ਆਪਣੀ ਸਿਹਤ ਨੂੰ ਚੰਗਾ ਨਹੀਂ ਰੱਖ ਸਕਦਾ। ਇਸ ਕਰਕੇ ਇਸ ਵਾਤਾਵਰਨ ਤੇ ਬਹੁਤ ਧਿਆਨ ਦੇਣ ਦੀ ਲੋੜ ਹੈ। ਪੰਜਾਬ ਵਿੱਚ ਲੀਗਲ ਨੋਟੀਫਾਈਡ ਏਰੀਆ 3058 ਸਕੁਏਅਰ ਕਿਲੋਮੀਟਰ ਹੈ। ਪਿਛਲੇ ਸਮੇਂ ਵਿੱਚ ਜੰਗਲ ਦਾ ਏਰੀਆ ਵਧਾਉਣ ਲਈ ਬਹੁਤ ਵੱਡੀ ਲੋੜ ਸੀ। ਪੰਜਾਬ ਵਿੱਚ ਜੰਗਲ ਦਾ ਏਰੀਆ ਜੇਕਰ ਵਧਾਇਆ ਜਾਵੇ ਤਾਂ ਵਾਤਾਵਰਨ ਬਹੁਤ ਵਧੀਆ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਜ਼ਿਲ੍ਹਾ ਹੁਸ਼ਿਆਰਪੁਰ ਪੈਂਦਾ ਹੈ, ਔਰ ਮੈਂ ਪੜ੍ਹ ਰਿਹਾ ਸੀ ਕਿ ਇਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਤੁਹਾਡੇ ਜ਼ਿਲ੍ਹੇ ਵਿੱਚ ਪਿਆ ਹੈ ਜਿੱਥੇ ਬਹੁਤ ਜ਼ਿਆਦਾ ਜੰਗਲ ਹਨ। ਇਹ ਇੱਕ ਰਿਕਾਰਡੇਬਲ ਗੱਲ ਹੈ। ਅੱਜ ਇਸ ਤੇ ਸਰਕਾਰ ਦਾ ਬਹੁਤ ਜ਼ਿਆਦਾ ਸਹਿਯੋਗ ਹੋਣਾ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਬਜਟ ਵਿੱਚ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਅਤੇ ਜੰਗਲ ਲਗਾਉਣ ਲਈ ਪੈਸਾ ਦਿੱਤਾ ਜਾਣਾ ਚਾਹੀਦਾ ਹੈ। ਖਾਸ ਤੌਰ ਤੇ ਕਿਸਾਨ ਭਰਾਵਾਂ ਨੂੰ ਜੰਗਲ ਲਗਵਾਉਣ ਲਈ ਸਹੂਲਤ ਦੇਣੀ ਚਾਹੀਦੀ ਹੈ। ਇਸ ਲਈ ਉਨ੍ਹਾਂ ਨੂੰ ਸਬਸਿਡੀ ਦੇਣੀ ਚਾਹੀਦੀ ਹੈ ਤਾਂ ਕਿ ਰਵਾਇਤੀ ਫਸਲਾਂ ਤੋਂ ਇੱਕ ਪਾਸੇ ਹਟ ਕੇ ਪੰਜਾਬ ਦੀ ਖੇਤੀ ਵਿੱਚੋਂ ਕੁਝ ਏਰੀਏ ਵਿੱਚ ਦਰਖਤ ਲਗਾ ਕੇ ਆਮਦਨ ਕੀਤੀ ਜਾ ਸਕੇ। ਇਸ ਲਈ ਸਰਕਾਰ ਵੱਲੋਂ ਕਦਮ ਚੁੱਕੇ ਜਾਣੇ ਜ਼ਰੂਰੀ ਹਨ।

**1335/Tarlochan Singh/Monika sharma**

**1340/mehak**

ਸੋ, ਪਾਣੀ ਦੀ ਕਮੀ ਦੀ ਗੱਲ ਕਰੀਏ ਤਾਂ ਵੱਧ ਦਰੱਖਤਾਂ ਨਾਲ ਦੁਨੀਆਂ ਦੇ ਅੰਦਰ ਮੀਂਹ ਦਾ ਮਾਹੌਲ ਬਹੁਤ ਜ਼ਿਆਦਾ ਬਣਦਾ ਹੈ ਜੇ ਪੰਜਾਬ ਦੇ ਅੰਦਰ ਵੱਧ ਤੋਂ ਵੱਧ ਦਰੱਖਤ ਹੋਣਗੇ ਤਾਂ ਉਸ ਨਾਲ ਜ਼ਮੀਨ ਦੇ ਥੱਲੇ ਦਾ ਪਾਣੀ ਜੋ ਘੱਟਦਾ ਜਾ ਰਿਹਾ ਹੈ ਉਹ ਵੀ ਕੰਟਰੋਲ ਹੋ ਸਕਦਾ ਹੈ ਅਤੇ ਜਿਹੜਾ ਜ਼ਮੀਨ ਥੱਲੇ ਪਾਣੀ ਗੰਧਲਾ ਹੋ ਰਿਹਾ ਹੈ ਉਸ ਨੂੰ ਵੀ ਰੋਕਿਆ ਜਾ ਸਕਦਾ ਹੈ ਔਰ ਵਾਤਾਵਰਣ ਬਹੁਤ ਸਾਫ ਸੁਥਰਾ ਹੋ ਸਕਦਾ ਹੈ। ਜਿੱਥੇ ਗਰੀਨਰੀ ਨਾਲ ਬਹੁਤ ਸੁੰਦਰਤਾ ਆਉਂਦੀ ਹੈ ਉਸ ਦੇ ਨਾਲ ਹੀ ਮਾਨਸਿਕ ਸੰਤੁਸ਼ਟੀ ਵੀ ਮਿਲਦੀ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਤੁਸੀਂ ਆਪਣੇ ਘਰ ਦੇ ਗਾਰਡਨ ਵਿੱਚ ਜਾਂਦੇ ਹੋ ਤਾਂ ਤੁਹਾਨੂੰ ਕੁਦਰਤੀ ਤੌਰ ਤੇ naturality ਕਾਰਨ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਜਿਵੇਂ ਮੀਤ ਹੇਅਰ ਜੀ ਤੇ ਅਰੋੜਾ ਸਾਹਿਬ ਕਹਿ ਕੇ ਗਏ ਹਨ ਕਿ ਸਾਨੂੰ ਆਪ ਨੂੰ ਪਹਿਲਾਂ ਬਹੁਤ ਕੁਝ ਕਰਨਾ ਪਵੇਗਾ।

ਮੈਨੂੰ ਵਿਦੇਸ਼ਾਂ ਵਿੱਚ ਜਾਣ ਦਾ ਵੀ ਮੌਕਾ ਮਿਲਿਆ ਹੈ, ਉੱਥੇ ਜਾ ਕੇ ਅਸੀਂ ਸੋਚਦੇ ਹਾਂ ਕਿ ਅਸੀਂ ਆਪਣੇ ਦੇਸ਼ ਵਿੱਚ ਜਾ ਕੇ ਇਸ ਤਰ੍ਹਾਂ ਦਾ ਮਾਹੌਲ ਬਣਾਈਏ। ਅਸੀਂ ਮੈਕਡੋਨਲਡ ਜਾਂਦੇ ਹਾਂ, ਕੇ.ਐਫ.ਸੀ. ਜਾਂ ਹੋਰ ਵੱਡੀਆਂ ਥਾਵਾਂ ਜਾਂ ਡਰਾਈਵ ਥਰੂ ਤੋਂ ਆਪਣਾ ਫੂਡ ਲੈ ਲੈਂਦੇ ਹਾਂ ਤੇ ਕਾਰ ਵਿੱਚ ਬੈਠ ਕੇ ਖਾਣਾ ਖਾ ਕੇ ਕੂੜਾ ਸੜਕ ਤੇ ਸੁੱਟ ਦਿੰਦੇ ਹਾਂ। ਇਸ ਕਰਕੇ ਪਹਿਲਾਂ ਸਾਨੂੰ ਆਪ ਨੂੰ ਨਿੱਜੀ ਤੌਰ ਤੇ ਅਜਿਹਾ ਮਾਹੌਲ ਬਣਾਉਣਾ ਚਾਹੀਦਾ ਹੈ। ਜਿਵੇਂ ਵਜ਼ੀਰ ਸਾਹਿਬ ਕਹਿ ਕੇ ਗਏ ਹਨ ਕਿ ਘਰਾਂ ਵਿੱਚ ਡਸਟਬੀਨ ਅਲੱਗ ਅਲੱਗ ਤੌਰ ਤੇ ਰੱਖਣੇ ਚਾਹੀਦੇ ਹਨ ਪਰ ਅਸੀਂ ਉਨ੍ਹਾਂ ਨੂੰ ਯੂਜ਼ ਕਰਨ ਦੀ ਬਜਾਏ ਕੂੜਾ ਕਰਕਟ ਇਕੱਠਾ ਕਰਕੇ ਪਾਣੀ ਵਿੱਚ ਵਹਾਅ ਦਿੰਦੇ ਹਾਂ। ਖਾਸ ਕਰਕੇ ਪਿੰਡਾਂ ਵਿੱਚ ਇਹੀ ਹੁੰਦਾ ਹੈ ਜਿਸ ਨਾਲ ਸੀਵਰੇਜ਼ ਬਲਾਕ ਹੁੰਦਾ ਹੈ ਅਤੇ ਹੋਰ ਵੀ ਬਹੁਤ ਨੁਕਸਾਨ ਹੁੰਦਾ ਹੈ। ਸੋ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਦਰੱਖਤ ਨਾ ਕੱਟਣ ਸਬੰਧੀ ਕਾਨੂੰਨ ਬਣਿਆ ਹੈ। ਪਰ ਜਿਹੜੇ ਸਰਕਾਰ ਵੱਲੋਂ ਨਵੇਂ ਰੋਡ ਕੱਢੇ ਜਾ ਰਹੇ ਹਨ ਤਾਂ ਉਸ ਦੇ ਆਲੇ ਦੁਆਲੇ ਲੱਖਾਂ ਦਰੱਖਤ ਕੱਟੇ ਜਾ ਰਹੇ ਹਨ ਜਿਸ ਸਬੰਧੀ ਕਾਨੂੰਨ ਵਿੱਚ ਇਹ ਪ੍ਰੋਵੀਜ਼ਨ ਸੀ ਕਿ ਜੇ ਇੱਕ ਦਰੱਖਤ ਕੱਟਿਆ ਜਾਵੇਗਾ ਤਾਂ ਉਸ ਦੀ ਜਗ੍ਹਾ ਤੇ ਦਸ ਦਰੱਖਤ ਲਗਾਏ ਜਾਣੇ ਹਨ। ਨੈਸ਼ਨਲ ਹਾਈਵੇਅ ਅਥਾਰਟੀ ਵੱਲੋਂ ਪੰਜਾਬ ਵਿੱਚ ਵੱਡੀਆਂ ਵੱਡੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ ਪਰ ਉਨ੍ਹਾਂ ਦੀ ਜਗ੍ਹਾ ਤੇ ਕੋਈ ਵੀ ਦਰੱਖਤ ਨਹੀਂ ਲਗਾਇਆ ਜਾ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਅੰਦਰ ਸਰਕਾਰ ਹੀ ਸਰਕਾਰਾਂ ਦੇ ਬਣਾਏ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਕਿ ਜੇ ਇੱਕ ਪਾਸੇ ਰੋਡ ਜਾਂ ਨੈਸ਼ਨਲ ਹਾਈਵੇਅ ਬਣ ਰਹੇ ਹਨ ਤਾਂ ਰੋਡ ਦੇ ਬਣਨ ਦੇ ਨਾਲ ਨਾਲ ਉੱਥੇ ਦਰੱਖਤ ਵੀ ਲਗਣੇ ਚਾਹੀਦੇ ਹਨ। ਰੋਡ ਵੀ ਸ਼ੁਰੂ ਹੋ ਜਾਵੇ

ਤੇ ਦਰੱਖਤ ਵੀ ਚਾਰ-ਪੰਜ ਸਾਲਾਂ ਵਿੱਚ ਵੱਡਾ ਹੋ ਜਾਵੇਗਾ ਤੇ ਉਸ ਦਾ ਫਾਇਦਾ ਹੋ ਸਕਦਾ ਹੈ। ਸੋ, ਪਿੰਡਾਂ ਤੇ ਸ਼ਹਿਰਾਂ ਵਿੱਚ ਦਰੱਖਤ ਘੱਟ ਹੋਣ ਕਾਰਨ ਹੜ੍ਹ ਪ੍ਰਭਾਵਿਤ ਏਰੀਏ ਜ਼ਿਆਦਾ ਹੁੰਦੇ ਹਨ। ਜੇਕਰ ਦਰੱਖਤ ਜ਼ਿਆਦਾ ਹੋਣਗੇ ਤਾਂ ਹੜ੍ਹਾਂ ਨਾਲ ਕਿਸਾਨਾਂ ਦਾ ਜਾਂ ਆਮ ਵਿਅਕਤੀ ਦਾ ਨੁਕਸਾਨ ਘੱਟ ਹੋ ਸਕਦਾ ਹੈ। ਸੋ, ਮੇਰੀ ਇੱਕ ਹੋਰ ਗੁਜ਼ਾਰਿਸ਼ ਹੈ ਕਿ ਪਿੰਡਾਂ ਦੇ ਅੰਦਰ ਸਕੂਲ, ਵੱਡੇ ਵੱਡੇ ਸਟੇਡੀਅਮ ਵੀ ਹਨ, ਹਸਪਤਾਲ ਵੀ ਹਨ, ਵਾਟਰ ਸਪਲਾਈ ਵਰਕਸ ਵੀ ਹਨ, ਇਹ ਯਕੀਨੀ ਬਣਾਇਆ ਜਾਵੇ ਕਿ ਉੱਥੇ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ ਤਾਂ ਜੋ ਵਾਤਾਵਰਣ ਵਧੀਆ ਹੋ ਸਕੇ। ਖਾਸ ਤੌਰ ਤੇ ਪੰਚਾਇਤਾਂ ਦੀਆਂ ਬਹੁਤ ਸਾਰੀਆਂ ਜ਼ਮੀਨਾਂ ਵਿਰਾਨ ਪਈਆਂ ਹਨ ਉਸ ਸਬੰਧੀ ਪੰਚਾਇਤਾਂ ਨੂੰ ਹਦਾਇਤ ਕੀਤੀ ਜਾਵੇ ਔਰ ਪੰਚਾਇਤਾਂ ਨੂੰ ਇਸ ਵਾਸਤੇ ਜ਼ਿੰਮੇਵਾਰ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਫੰਡ ਵੀ ਦਿੱਤੇ ਜਾਣ ਤਾਂ ਕਿ ਪੰਚਾਇਤਾਂ ਤੇ ਇਕੱਲੀ ਜ਼ਿੰਮੇਵਾਰੀ ਹੀ ਨਾ ਹੋਵੇ ਬਲਕਿ ਬਜਟ ਵਿੱਚ ਪੈਸੇ ਦਾ ਪ੍ਰਾਵਧਾਨ ਵੀ ਹੋਣਾ ਚਾਹੀਦਾ ਹੈ।

**1340/mehak/Shubham jain**

**1345/Sukhpiar Singh**

ਉਹ ਵੱਖਰੇ ਤੌਰ ਤੇ ਪੈਸਾ ਪੰਚਾਇਤਾਂ ਨੂੰ ਜਾਵੇ ਤਾਂ ਕਿ ਪੰਚਾਇਤਾਂ ਉਤਸ਼ਾਹਿਤ ਹੋ ਸਕਣ ਔਰ ਚੰਗੇ ਵਾਤਾਵਰਣ ਦੇ ਮਾਹੌਲ ਅੰਦਰ ਆਪਣਾ ਯੋਗਦਾਨ ਪਾ ਸਕਣ। ਆਖੀਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਇਸ ਮਾਮਲੇ ਉੱਤੇ ਰਾਇ ਚਰਚਾ ਹੋ ਰਹੀ ਹੈ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਉੱਤੇ ਪੰਜਾਬ ਦੇ ਵੱਖ ਵੱਖ ਬਲਾਕਾਂ, ਜ਼ਿਲ੍ਹਿਆਂ ਅੰਦਰ ਸੈਮੀਨਾਰ ਕਰਵਾਏ ਜਾਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਅੰਦਰ ਚੁਣੇ ਹੋਏ ਨੁਮਾਇੰਦੇ, ਪੰਚਾਇਤਾਂ ਅਤੇ ਹੋਰ ਐਨ.ਜੀ.ਓਜ਼. ਸ਼ਾਮਿਲ ਹੋਣ। ਅਸੀਂ ਐਨ.ਜੀ.ਓਜ਼. ਤੋਂ ਸਹਿਯੋਗ ਲੈ ਸਕਦੇ ਹਾਂ। ਵੈਸੇ ਅੱਜ ਕੱਲ੍ਹ ਚੰਗਾ ਰਿਵਾਜ ਹੋ ਗਿਆ ਹੈ ਕਿ ਜੇਕਰ ਕਿਸੇ ਨੂੰ ਗੁਲਦਸਤਾ ਦੇਣਾ ਹੈ ਤਾਂ ਇੱਕ ਬੂਟਾ ਭੇਂਟ ਕੀਤਾ ਜਾਂਦਾ ਹੈ। ਖੈਰ ਇਹ ਬਹੁਤ ਚੰਗੀ ਪਰੰਪਰਾ ਹੈ। ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਾਂਗਾ ਕਿ ਇਸ ਵਿੱਚ ਪੰਚਾਇਤਾਂ ਬਹੁਤ ਵੱਡਾ ਸਹਿਯੋਗ ਦੇ ਸਕਦੀਆਂ ਹਨ ਅਤੇ ਆਪਣਾ ਰੋਲ ਅਦਾ ਕਰ ਸਕਦੀਆਂ ਹਨ। ਸੋ, ਸਰਕਾਰ ਨੂੰ ਪੈਸੇ ਦੇ ਪ੍ਰਬੰਧ ਪੰਚਾਇਤਾਂ ਨੂੰ ਕਰਕੇ ਦੇਣੇ ਚਾਹੀਦੇ ਹਨ।

ਚੰਗੇ ਵਾਤਾਵਰਣ ਨਾਲ ਸਾਡੀ ਜ਼ਿੰਦਗੀ ਅਤੇ ਆਉਣ ਵਾਲੀ ਜਨਰੇਸ਼ਨ ਦੀ ਜ਼ਿੰਦਗੀ ਚੰਗੀ ਹੋ ਸਕਦੀ ਹੈ। ਸੋ, ਮੈਂ ਅੰਤ ਵਿੱਚ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ ਵੱਲੋਂ ਪੰਜਾਬ ਲਈ, ਪੰਜਾਬ ਦੇ ਹਿੱਤਾਂ ਲਈ ਅਤੇ ਚੰਗੇ ਵਾਤਾਵਰਣ ਲਈ ਲਿਆਂਦੇ ਗਏ ਮਤੇ ਦੀ ਹਮਾਇਤ ਅਤੇ ਪ੍ਰੋੜ੍ਹਤਾ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਸਾਡੀ ਅਤੇ ਸਾਡੇ ਬੱਚਿਆਂ ਦੀ ਜ਼ਿੰਦਗੀ ਚੰਗੇ ਵਾਤਾਵਰਣ ਨਾਲ ਬਿਤਹਰ ਹੋਵੇਗੀ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਅੱਜ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ ਵੱਲੋਂ ਲਿਆਂਦੇ ਗਏ ਮਤੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਧੰਨਵਾਦ ਕਰਦਾ ਹਾਂ ਜੀ। ਗੁਰੂ ਨਾਨਕ ਪਾਤਸ਼ਾਹ ਦੀ ਗੁਰਬਾਣੀ ਦਾ ਕਥਨ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।

ਸੋ, ਆਪਾਂ ਗੁਰਬਾਣੀ ਨੂੰ ਤਾਂ ਮੰਨਦੇ ਹਾਂ ਪਰ ਇਨ੍ਹਾਂ ਸਤਰਾਂ ਤੇ ਚਲਦੇ ਨਹੀਂ ਕਿਉਂਕਿ ਆਪਾਂ ਪਾਣੀ ਵੀ ਗੰਧਲਾ ਕਰ ਬੈਠੇ, ਪਵਨ ਵੀ ਗੰਧਲਾ ਕਰ ਬੈਠੇ ਅਤੇ ਧਰਤੀ ਨੂੰ ਵੀ ਪ੍ਰਦੂਸ਼ਤ ਕਰੀ ਜਾ ਰਹੇ ਹਾਂ। ਸੋ, ਅੱਜ ਸਮੇਂ ਦੀ ਲੋੜ ਹੈ ਕਿ ਆਪਾਂ ਗੁਰੂ ਸਾਹਿਬ ਦੇ ਪੂਰਨਿਆਂ ਤੇ ਚਲਦੇ ਹੋਏ ਉਹ ਸੱਚ ਦੀ ਆਵਾਜ਼ ਤੇ ਪਹਿਰਾ ਦੇਈਏ ਤਾਂ ਕਿ ਆਪਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਵਧੀਆ ਅਤੇ ਨਰੋਈ ਸਾਖ ਦੇ ਸਕੀਏ। ਸੋ, ਸਾਡਾ ਜੀਵਨ ਹਵਾ ਤੇ ਨਿਰਭਰ ਕਰਦਾ ਹੈ। ਜੇਕਰ ਹਵਾ ਪ੍ਰਦੂਸ਼ਿਤ ਹੋ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕੋਸਦੀਆਂ ਰਹਿਣਗੀਆਂ ਕਿ ਸਾਡੇ ਵਾਸਤੇ ਸਾਡੇ ਪੂਰਵਜ ਕੀ ਛੱਡ ਕੇ ਗਏ ਹਨ। ਸੋ, ਆਪਾਂ ਇਸ ਤਰ੍ਹਾਂ ਹੀ ਆਪਣੀ ਹਵਾ ਨੂੰ ਪ੍ਰਦੂਸ਼ਤ ਕਰੀ ਜਾ ਰਹੇ ਹਾਂ ਅਤੇ ਬਿਮਾਰੀਆਂ ਵਿੱਚ ਵਾਧਾ ਹੋਈ ਜਾ ਰਿਹਾ ਹੈ। ਕਿੰਨੀਆਂ ਹੀ ਫੈਕਟਰੀਆਂ ਦਾ ਧੂੰਆ, ਕਿੰਨੀਆਂ ਹੀ ਮੋਟਰ ਗੱਡੀਆਂ ਦਾ ਧੂੰਆ ਅਤੇ ਕਿੰਨੀਆਂ ਹੀ ਹੋਰ ਅਜਿਹੀਆਂ ਪ੍ਰਦੂਸ਼ਤ ਕਰਨ ਵਾਲੀਆਂ ਚੀਜ਼ਾਂ ਕਾਰਨ ਸਾਡੇ lungs ਤੱਕ ਦੀਆਂ ਬਿਮਾਰੀਆਂ ਹੋ ਰਹੀਆਂ ਹਨ।

ਸੋ, ਮੈਂ ਸਮੇਂ ਸਮੇਂ ਤੇ ਪਹਿਲਾਂ ਵੀ ਸੈਮੀਨਾਰਾਂ ਵਿੱਚ ਹਿੱਸਾ ਲਿਆ ਹੈ। ਮੈਂ ਉਸ ਸਮੇਂ ਵੀ ਬੋਲਿਆ ਸੀ। ਹਵਾ ਦੇ ਪ੍ਰਦੂਸ਼ਣ ਨੂੰ ਬਚਾਉਣ ਵਾਸਤੇ ਰੁੱਖਾਂ ਦਾ ਲਗਾਉਣਾ ਬਹੁਤ ਜ਼ਰੂਰੀ ਹੈ। ਸੋ, ਸਿਆਣੇ ਵੀ ਕਹਿੰਦੇ ਹਨ ਕਿ ਇੱਕ ਰੁੱਖ ਤੇ 100 ਸੁੱਖ। ਸੋ, ਆਪਾਂ ਵੱਧ ਤੋਂ ਵੱਧ ਰੁੱਖ ਲਗਾਈਏ ਤਾਂ ਕਿ ਅਸੀਂ ਆਪਣੀ ਸਿਹਤ ਦੇ ਨਾਲ ਨਾਲ ਆਉਣ ਵਾਲੇ ਬੱਚਿਆਂ ਦੀ ਸਿਹਤ ਵਾਸਤੇ ਸਾਰਥਿਕ ਕਦਮ ਚੁੱਕ ਸਕੀਏ।

ਦੂਜੀ ਗੱਲ ਪਾਣੀ ਬਾਰੇ ਹੈ। ਜੇ ਅਸੀਂ ਪਾਣੀ ਨੂੰ ਸੰਭਾਲ ਕੇ ਰੱਖਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵਰਦਾਨ ਸਾਬਤ ਕਰ ਸਕਾਂਗੇ। ਤੁਸੀਂ ਦੇਖਿਆ ਹੈ ਕਿ ਪਾਣੀ ਦਾ ਲੈਵਲ ਅੱਜ ਤੋਂ 15-20 ਸਾਲ ਪਹਿਲਾਂ ਕੁਝ ਹੋਰ ਸੀ ਅਤੇ ਅੱਜ ਸਾਡੇ ਇਲਾਕਿਆਂ ਵਿੱਚ ਪਹਿਲਾਂ ਮੋਟਰਾਂ ਉੱਪਰ ਕੰਮ ਕਰਦੀਆਂ ਸੀ। ਫਿਰ ਹੌਲੀ-ਹੌਲੀ ਸਬਮਰਸੀਬਲ ਆ ਗਏ ਅਤੇ ਮੋਟਰਾਂ ਡੂੰਘੀਆਂ ਹੁੰਦੀਆਂ ਗਈਆਂ। ਸੋ, ਧਰਤੀ ਹੇਠਲੇ ਪਾਣੀ ਦਾ ਪੱਧਰ ਇੱਥੋਂ ਤੱਕ ਜਾ ਚੁੱਕਿਆ ਹੈ ਕਿ ਆਉਣ ਵਾਲੇ 10 ਸਾਲਾਂ ਵਿੱਚ ਉਹ ਪੱਧਰ ਹੋਰ ਨੀਵਾਂ ਹੋ ਜਾਵੇਗਾ। ਜੇ ਅਸੀਂ ਅੱਜ ਪਾਣੀ ਨਾ

ਸਾਂਭਿਆ ਤਾਂ ਕੱਲ੍ਹ ਵਾਸਤੇ ਜਲ ਵੀ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਰੁੱਖਾਂ ਦੀ ਕਟਾਈ ਪਸ਼ੂ ਅਤੇ ਪੰਛੀਆਂ ਲਈ ਵੀ ਖਤਰਨਾਕ ਹੈ। ਸੋ, ਸਾਡੀਆਂ ਪਿਛਲੀਆਂ ਸਰਕਾਰਾਂ ਨੇ ਵੀ ਇਸ ਵਾਸਤੇ ਕੋਈ ਖਾਸ ਖਿਆਲ ਨਹੀਂ ਦਿੱਤਾ, ਨਾ ਹੀ ਜੰਗਲਾਂ ਦੀ ਰਾਖੀ ਵਾਸਤੇ, ਨਾ ਹੀ ਕੋਈ ਬੇਲਦਾਰਾਂ ਦੀ ਭਰਤੀ ਹੋਈ, ਨਾ ਹੀ ਕੋਈ ਸੜਕਾਂ ਦੇ ਕਿਨਾਰੇ ਰੁੱਖ ਲਗਾਏ ਗਏ। ਜਿਹੜੇ ਰੁੱਖ ਲਗਾਏ ਵੀ ਹਨ, ਉਨ੍ਹਾਂ ਨੂੰ ਕੱਟਣ ਵਾਸਤੇ ਕਮਿਸ਼ਨਾਂ ਤੱਕ ਦਾ ਚੱਕਰ ਚਲਦਾ ਰਿਹਾ। ਸੋ, ਵੱਧ ਤੋਂ ਵੱਧ ਰੁੱਖ ਕੱਟੇ ਗਏ ਤੇ ਜੇਕਰ ਇੱਕ ਰੁੱਖ ਵੀ ਕੱਟਿਆ ਜਾਂਦਾ ਹੈ ਤਾਂ ਆਪਾਂ ਨੂੰ ਚਾਹੀਦਾ ਹੈ ਕਿ 10 ਰੁੱਖ ਲਗਾਈਏ। ਜੇ 10 ਰੁੱਖ ਲਗਾਵਾਂਗੇ ਤਾਂ ਘੱਟੋ ਘੱਟ 7-8 ਪਲ ਜਾਂਦੇ ਹਨ ਅਤੇ ਤਿੰਨ ਖਰਾਬ ਵੀ ਹੋ ਜਾਂਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਸੱਤ ਰੁੱਖ ਤਾਂ ਸਾਡੀ ਜ਼ਿੰਦਗੀ ਵਿੱਚ ਸਹਾਰਾ ਜ਼ਰੂਰ ਬਣਨਗੇ।

**1345/Sukhpiar Singh/Shubham jain**

**1350/Manika Rani**

ਸੋ, ਇਹ ਨਾ ਹੋਵੇ ਕਿ ਆਉਣ ਵਾਲੇ ਸਮਿਆਂ ਵਿੱਚ ਸਾਨੂੰ ਸਾਰਿਆਂ ਨੂੰ ਆਪਣੀਆਂ ਪਿੱਠਾਂ ਪਿੱਛੇ ਆਕਸੀਜਨ ਦਾ ਸਿਲੰਡਰ ਲੈ ਕੇ ਚਲਣਾ ਪਵੇ। ਮੇਰੇ ਕੁਲੀਗਾਂ ਨੇ ਇਸ ਵਾਤਾਵਰਣ ਨੂੰ ਬਚਾਉਣ ਲਈ ਕਾਫੀ ਡਿਸਕਸ਼ਨ ਕੀਤੀ ਹੈ। ਇਹ ਵੀ ਦੇਖਦੇ ਹਾਂ ਕਿ ਜਿਹੜੇ ਆਪਾਂ ਰੁੱਖ ਲਗਾਉਂਦੇ ਹਾਂ, ਉਸ ਵਿੱਚ ਕੁਝ ਮੈਡੀਸਨਲ ਪਲਾਂਟਸ ਵੀ ਹਨ, ਜਿਨ੍ਹਾਂ ਦੇ ਪੱਤੇ, ਛਿੱਲ, ਫੁੱਲ, ਫਲ ਕੰਮ ਆਉਂਦੇ ਹਨ, ਈਵਨ ਜਦੋਂ ਰੁੱਖ ਦੀ ਮਿਆਦ ਖਤਮ ਹੋ ਜਾਂਦੀ ਹੈ, ਉਸ ਦੀ ਜੜ੍ਹ ਵੀ ਕੰਮ ਆਉਂਦੀ ਹੈ। ਸੋ, ਆਪਾਂ ਵੱਧ ਤੋਂ ਵੱਧ ਰੁੱਖ ਲਗਾਈਏ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨਿਰੋਆ ਅਤੇ ਸਾਫ-ਸੁਥਰਾ ਜੀਵਨ ਜਿਊ ਸਕਣ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਜੀਵਨ ਦੀ ਮਿਆਦ ਘੱਟ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਸਾਡੇ ਜੀਵਨ ਦੀ ਮਿਆਦ ਸੌ ਸਾਲ ਹੁੰਦੀ ਸੀ ਪਰੰਤੂ ਅੱਜ ਜੇ ਆਪਾਂ ਐਵਰੇਜ਼ ਲਾਈਏ ਤਾਂ ਇਹ ਘੱਟ ਕੇ 45-60 ਦੀ ਐਵਰੇਜ਼ ਤੇ ਆ ਗਈ ਹੈ। ਇਸ ਦਾ ਇੱਕੋ ਇੱਕ ਕਾਰਨ ਇਹੀ ਹੈ ਕਿ ਅਸੀਂ ਆਪਣੇ ਵਾਤਾਵਰਣ ਨੂੰ ਸਾਂਭ ਨਹੀਂ ਸਕੇ। ਸੋ, ਰੁੱਖਾਂ ਦੀ ਕਟਾਈ ਨੂੰ ਰੋਕੀਏ। ਜੇਕਰ ਰੁੱਖ ਕੱਟਦੇ ਵੀ ਹਾਂ ਤਾਂ ਦੁਬਾਰਾ ਵੱਧ ਤੋਂ ਵੱਧ ਪਲਾਂਟਸ ਲਗਾਈਏ। ਘਰਾਂ ਵਿੱਚ ਵੀ ਵੱਧ ਤੋਂ ਵੱਧ ਪਲਾਂਟਸ ਲਗਾਈਏ। ਜਿਵੇਂ ਮੇਰੇ ਸਾਥੀਆਂ ਨੇ ਪਹਿਲਾਂ ਦੱਸਿਆ ਹੈ ਕਿ ਜੇਕਰ ਸਾਡੇ ਕੋਲ ਦਸ ਕਿੱਲ੍ਹੇ ਜ਼ਮੀਨ ਹੈ ਤਾਂ ਘੱਟੋ ਘੱਟ ਇੱਕ ਕਿੱਲ੍ਹੇ ਵਿੱਚ ਇੱਕ ਰੁੱਖ ਜ਼ਰੂਰ ਲਗਾਈਏ।

**ਮਾਣਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਡਾਕਟਰ ਜਸਬੀਰ ਸਿੰਘ ਸੰਧੂ:** ਮੈਂ ਜ਼ਿਆਦਾ ਟਾਈਮ ਨਹੀਂ ਲਵਾਂਗਾ। ਇੱਕ ਬੜੇ ਵੱਡੇ ਵਿਦਵਾਨ ਨੇ ਲਿਖਿਆ ਹੈ ਕਿ:-

ਬੁਲਬੁਲ ਰੋ ਪਈ ਮਾਲੀ ਹੱਥ ਵੇਖ ਸੂਈ, ਛੇਕ ਫੁੱਲਾਂ ਵਿੱਚ ਪਾਇਆ ਤਾਂ ਆਪਣੇ ਨੇ,

ਰੁੱਖ ਰੋ ਪਿਆ ਕੁਹਾੜੀ ਵਿੱਚ ਵੇਖ ਰੱਸਾ, ਟੱਕ ਜੜ੍ਹਾਂ ਨੂੰ ਲਗਾਇਆ ਤਾਂ ਆਪਣੇ ਨੇ।

ਸੋ, ਸਾਨੂੰ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਦੇ ਸੁਝਾਅ ਉੱਤੇ ਚਲਣ ਦੀ ਲੋੜ ਹੈ। ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਸੋ, ਬਹੁਤ ਬਹੁਤ ਧੰਨਵਾਦ ਡਿਪਟੀ ਸਪੀਕਰ ਸਾਹਿਬ।

**ਮਾਣਯੋਗ ਡਿਪਟੀ ਸਪੀਕਰ:** ਸ੍ਰੀਮਤੀ ਇੰਦਰਜੀਤ ਕੌਰ ਮਾਨ, ਤੁਸੀਂ ਪਲੀਜ਼ ਟਾਈਮ ਦਾ ਜਰੂਰ ਖਿਆਲ ਰੱਖਣਾ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਹਾਂ ਜੀ। ਬਹੁਤ ਬਹੁਤ ਧੰਨਵਾਦ ਡਿਪਟੀ ਸਪੀਕਰ ਕਿ ਤੁਸੀਂ ਮੈਨੂੰ ਡਾਕਟਰ ਸੁਖਵਿੰਦਰ ਸਿੰਘ ਸੁਖੀ ਜੀ ਵੱਲੋਂ ਅੱਜ ਲਿਆਂਦੇ ਗਏ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਇਹ ਬਹੁਤ ਹੀ ਸੈਂਸਟਿਵ ਵਿਸ਼ਾ ਹੈ। ਸਭ ਤੋਂ ਪਹਿਲਾਂ ਮੈਂ ਆਪ ਜੀ ਦੇ ਧਿਆਨ ਵਿੱਚ ਇਹ ਲਿਆਉਣਾ ਚਾਹੁੰਦੀ ਹਾਂ ਕਿ ਬਿਨਾਂ ਸ਼ੱਕ ਜਿਹੜਾ ਇਹ ਮੁੱਦਾ ਹੈ, ਇਸ ਉੱਤੇ ਲੰਮੀ ਬਹਿਸ ਅਤੇ ਗੱਲਾਂ ਬਾਤਾਂ ਹੋਣ ਦੀ ਜ਼ਰੂਰਤ ਹੈ। ਸਾਡੇ ਮਾਣਯੋਗ ਸੀ.ਐਮ. ਸਾਹਿਬ ਬਹੁਤ ਹੀ ਸੈਂਸਟਿਵ ਇਨਸਾਨ ਹਨ, ਜਿਹੜੇ ਪੰਜਾਬ ਦੀ ਰਹਿਨੁਮਾਈ ਦੇ ਨਾਲ ਨਾਲ, ਹਰੇਕ ਵਿਸ਼ੇ ਉੱਤੇ ਸੋਚਦੇ ਹਨ ਅਤੇ ਉਸ ਉੱਤੇ ਕੰਮ ਵੀ ਕਰਦੇ ਹਨ।

ਮੈਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਉੱਪਰ ਚਾਨਣਾ ਪਾ ਦੇਵਾਂ ਕਿਉਂਕਿ ਸੁੱਖੀ ਜੀ ਨੇ ਵੀ ਕਿਹਾ ਹੈ ਕਿ ਇਸ ਉੱਪਰ ਪੰਜਾਬ ਸਰਕਾਰ ਨੂੰ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ। PAN CAMPA GREEN PUNJAB MISSION ਤਹਿਤ ਤੇ ਗ੍ਰੀਨ ਇੰਡੀਆ ਮਿਸ਼ਨ ਤਹਿਤ ਚਾਲੂ ਵਿੱਤੀ ਸਾਲ ਵਿੱਚ 5735 ਹੈਕਟਰ ਜ਼ਮੀਨ ਦੇ ਵਿੱਚ 46 ਲੱਖ 20 ਹਜ਼ਾਰ ਪੌਦਾ ਲਗਾਇਆ ਗਿਆ ਹੈ ਅਤੇ ਇੱਕ ਨਵਾਂ ਕੀਰਤੀਮਾਨ ਪੰਜਾਬ ਸਰਕਾਰ ਨੇ ਸਥਾਪਿਤ ਕੀਤਾ ਹੈ। (ਥੰਪਿੰਗ) ਇੱਕ ਹੋਰ ਨਵਾਂ ਪ੍ਰਾਜੈਕਟ ਹਿਊਮਨ ਵਾਈਲਡ ਲਾਈਫ਼ ਕਨਫਲੀਕਟ ਮਿਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਤੋਂ ਇਲਾਵਾ ਵਾਤਾਵਰਣ ਗੰਦੇ ਪਾਣੀ ਨਾਲ ਵੀ ਗੰਦਾ ਹੁੰਦਾ ਹੈ। ਵਾਤਾਵਰਣ ਗੰਦੇ ਕੂੜੇ-ਕਰਕਟ ਨਾਲ ਵੀ ਗੰਦਾ ਹੁੰਦਾ ਹੈ। ਵਾਤਾਵਰਣ ਸਾਡੇ ਇਨਸਾਨਾਂ ਵੱਲੋਂ ਫੈਲਾਈ ਗਈ ਹਰ ਉਹ ਗੰਦਗੀ ਰਾਹੀਂ ਵੀ ਗੰਧਲਾ ਹੁੰਦਾ ਹੈ। ਸਾਨੂੰ ਦਾਤੇ ਨੇ ਹੱਥ ਪੈਰ ਦਿੱਤੇ ਹਨ। ਹਰੇਕ ਇਨਸਾਨ ਦਾ ਹਰ ਇੱਕ ਅੰਗ ਗੰਦਗੀ ਉਗਲਦਾ ਹੈ ਪਰ ਸਾਡੇ ਕੋਲ ਦਾਤੇ ਨੇ ਹੱਥ ਉਸ ਦੀ ਸਫਾਈ ਲਈ ਦਿੱਤੇ ਸਨ, ਜਿਸ ਤਹਿਤ ਅਸੀਂ ਗੰਦ ਪਾ ਰਹੇ ਹਾਂ। ਮਾਣਯੋਗ ਸੀ.ਐਮ. ਸਾਹਿਬ ਨੇ ਪਿਛਲੇ ਸਾਲ ਬੁੱਢੇ ਨਾਲੇ ਦੀ ਸਫਾਈ ਦਾ ਕੰਮ ਸਟਾਰਟ ਕੀਤਾ ਸੀ, ਜਿਹੜਾ ਪਾਣੀ ਦੇ ਪਾਲਿਊਸ਼ਨ ਦੇ ਨਾਲ ਨਾਲ ਲੱਖਾਂ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਸੀ। ਜਿਸ ਉੱਤੇ ਅੱਠ ਸੌ-ਸਾਢੇ ਅੱਠ ਸੌ ਦੇ ਕਰੀਬ ਪੈਸਾ ਖਰਚਿਆ ਜਾ ਰਿਹਾ ਹੈ ਅਤੇ

650 ਕਰੋੜ ਰੁਪਏ ਦੀ ਲਾਗਤ ਨਾਲ ਉਸ ਦੀ ਸਫਾਈ ਵੱਡੀ ਪੱਧਰ ਉੱਤੇ ਚੱਲ ਰਹੀ ਹੈ। ਇਸ ਦੇ ਨਾਲ ਨਾਲ ਕਾਲੀ ਵੇਈਂ ਅਤੇ ਚਿੱਟੀ ਵੇਈਂ ਦੀ ਸਫਾਈ ਵੀ ਲਗਾਤਾਰ ਚੱਲ ਰਹੀ ਹੈ। ਕਾਲੀ ਵੇਈਂ ਦੇ ਵਿੱਚ 300 ਕਿਊਸਿਕ ਪਾਣੀ ਛੱਡ ਕੇ ਉਸ ਵਿੱਚ ਸਾਫ ਪਾਣੀ ਵਹਿੰਦਾ ਕਰਨ ਲਈ ਵੱਡਾ ਯੋਗਦਾਨ ਪਾਇਆ ਹੈ ਅਤੇ ਇਸ ਨਾਲ ਵੱਡੀ ਰਾਹਤ ਵੀ ਮਿਲੀ ਹੈ। ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਮੈਂ ਆਪਣੇ ਵੱਲੋਂ ਉਦਾਹਰਨਾਂ ਬਣਾਉਣੀਆਂ ਹੁੰਦੀਆਂ ਹਨ।

**1350/Manika Rani/ Harjinder singh**

**1355/Gurpreet kaur**

ਮੇਰੇ ਹਲਕੇ ਵਿੱਚੋਂ ਜਿਹੜੀ ਚਿੱਟੀ ਵੇਈਂ ਲੰਘਦੀ ਹੈ, ਪਿਛਲੇ ਸਾਲ ਉਸ ਦੀ ਨਿਸ਼ਾਨਦੇਹੀ ਕਰਵਾਈ ਗਈ ਹੈ। ਨਿਸ਼ਾਨਦੇਹੀ ਕਰਵਾ ਕੇ ਪਿਛਲੇ ਸਾਲ ਲੋਕਾਂ ਕੋਲੋਂ ਜ਼ਮੀਨਾਂ ਵੀ ਛੁਡਵਾਈਆਂ। ਲੋਕਾਂ ਨੇ ਬਹੁਤ ਖੁਸ਼ੀ ਅਤੇ ਚਾਅ ਨਾਲ ਉਹ ਜ਼ਮੀਨਾਂ ਛੱਡ ਵੀ ਦਿੱਤੀਆਂ। ਵੇਂਈਂ ਦੇ ਆਸੇ ਪਾਸੇ ਇੱਕ ਲੱਖ ਪੌਦਾ ਲਗਵਾਇਆ ਗਿਆ। (Thumping) ਇੱਕ ਲੱਖ ਪੌਦਾ ਹੋਰ ਲੱਗਣੀ ਦੀ ਤਿਆਰੀ ਚੱਲ ਰਹੀ ਹੈ। ਆਉਣ ਵਾਲੀ ਬਰਸਾਤ ਵਿੱਚ ਪੌਦੇ ਲਗਾ ਦਿੱਤੇ ਜਾਣਗੇ। ਜੰਗਲਾਤ ਵਿਭਾਗ ਨਾਲ ਸਬੰਧਤ ਮੰਤਰੀ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਨੂੰ ਗੁਜ਼ਾਰਿਸ਼ ਵੀ ਕਰਾਂਗੀ ਕਿ ਉਹ ਆਪਣੇ ਤੌਰ ਤੇ ਡੀ.ਸੀ. ਸਾਹਿਬਾਨਾਂ ਨੂੰ ਇੱਕ ਸਰਕੂਲਰ ਜਾਰੀ ਕਰਨ ਕਿ ਜਿੰਨੀਆਂ ਵੀ ਵੇਈਆਂ ਹਨ, ਨਦੀਆਂ ਨਾਲੇ ਹਨ, ਉਨ੍ਹਾਂ ਦੇ ਦੁਆਲੇ ਬਹੁਤ ਸਾਰੀਆਂ ਜ਼ਮੀਨਾਂ ਹਨ ਜਿਨ੍ਹਾਂ ਦੇ ਕੰਢੇ ਖੁਰਨ ਤੋਂ ਬਚਾਉਣ ਲਈ ਬਹੁਤ ਵੱਡੀ ਪੱਧਰ ਤੇ ਦਰੱਖਤ ਲਗਾਏ ਜਾ ਸਕਦੇ ਹਨ। ਮੈਂ ਮਾਣਯੋਗ ਮੰਤਰੀ ਸਾਹਿਬ ਜੀ ਦੀ ਗੱਲ ਨਾਲ ਵੀ ਸਹਿਮਤ ਹਾਂ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਵਿੱਚ ਜੰਗਲਾਤ ਵਾਸਤੇ ਜ਼ਮੀਨਾਂ ਰਾਖਵੀਆਂ ਰੱਖੀਆਂ ਜਾਣ। ਗੁਰੂ ਸਾਹਿਬ ਦੇ 550 ਸਾਲ ਤੇ ਜਿਹੜੀ ਨਾਨਕ ਬਗੀਚੀ ਕੰਸੈਪਟ ਆਇਆ ਸੀ ਉਸ ਦੇ ਤਹਿਤ ਮੈਂ ਮਾਣਯੋਗ ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗੀ ਕਿ ਜਿੰਨੇ ਵੀ ਟੋਟਲ ਡਿਪਾਰਟਮੈਂਟ ਹਨ ਅਸੀਂ ਸਾਰੇ ਇਸ ਟਾਰਗੈਟ ਨੂੰ ਅਚੀਵ ਕਰ ਸਕਦੇ ਹਾਂ। ਹਰ ਇੱਕ ਮਹਿਕਮੇ ਦੇ ਦਫਤਰਾਂ ਵਿੱਚ ਪਾਰਕਾਂ ਹੁੰਦੀਆਂ ਹਨ। ਉਨ੍ਹਾਂ ਕੋਲ ਬਹੁਤ ਸਾਰੀ ਜਗ੍ਹਾ ਹੁੰਦੀ ਹੈ। ਚਾਹੇ ਐਜੂਕੇਸ਼ਨ ਡਿਪਾਰਟਮੈਂਟ ਹੋਵੇ, ਚਾਹੇ ਐਗਰੀਕਲਚਰ ਡਿਪਾਰਟਮੈਂਟ ਹੋਵੇ, ਚਾਹੇ ਲੋਕਲ ਬਾਡੀਜ਼ ਦਾ ਡਿਪਾਰਟਮੈਂਟ ਹੋਵੇ, ਬੇਸ਼ੱਕ ਉਹ ਦੋ ਮਰਲੇ ਜਗ੍ਹਾ ਵਿੱਚ ਸੰਘਣਾ ਰੱਖ ਕੇ ਦਰੱਖਤ ਲਗਾ ਦੇਣ। ਹਰ ਇੱਕ ਦਫਤਰ ਦੇ ਬਾਹਰ ਬਗੀਚੀ ਵਿੱਚ ਇੱਕ ਜੰਗਲ ਟਾਈਪ ਨਾਨਕ ਬਗੀਚੀ ਦੇ ਨਾਮ ਤੇ ਇੱਕ ਬਗੀਚੀ ਹੋਣੀ ਚਾਹੀਦੀ ਹੈ। ਮੈਂ ਆਪਣੇ ਹਲਕੇ ਵਿੱਚ ਇਹ ਸਟਾਰਟ ਕਰ ਦਿੱਤਾ ਹੈ। ਹਰ ਹਸਪਤਾਲ ਵਿੱਚ, ਹਰ ਸਕੂਲ ਵਿੱਚ ਅਤੇ ਹਰ ਸਰਕਾਰੀ ਬਿਲਡਿੰਗ ਵਿੱਚ ਜਿੰਨੀ ਵੀ ਉਨ੍ਹਾਂ ਕੋਲ ਯੋਗ ਜਗ੍ਹਾ ਹੈ ਉਸ ਵਿੱਚ ਨਾਨਕ ਬਗੀਚੀ ਲੱਗੇ। ਨਾਨਕ ਬਗੀਚੀ ਦਾ ਜੋ ਕੰਸੈਪਟ ਹੈ ਉਸ ਵਿੱਚ ਥੋੜ੍ਹੀ ਜਿਹੀ ਜਗ੍ਹਾ ਵਿੱਚ ਸੰਘਣਾ ਰੱਖ ਕੇ

ਦਰੱਖਤ ਲਗਾਇਆ ਜਾਵੇ। ਮੰਨ ਲਓ, ਪਿੰਡ ਤੋਂ ਬਾਹਰ ਕੋਈ ਪੰਚਾਇਤੀ ਜ਼ਮੀਨ ਪਈ ਹੈ, ਉਨ੍ਹਾਂ ਨੇ ਪੰਜ ਕੁ ਮਰਲੇ ਜਗ੍ਹਾ ਦਿੱਤੀ ਅਤੇ ਉਸ ਵਿੱਚ 60 ਪੌਦੇ ਲਗਾਏ ਗਏ। ਇਸ ਦਾ ਮਤਲਬ ਇਹ ਹੈ ਕਿ ਓਨੀ ਕੁ ਜਗ੍ਹਾ ਵਿੱਚ ਇਨਸਾਨਾਂ ਦਾ ਆਉਣਾ ਜਾਣਾ ਨਹੀਂ ਹੋਵੇਗਾ। ਉਸ ਜਗ੍ਹਾ ਵਿੱਚ ਸਿਰਫ ਪੌਦੇ ਹੋਣਗੇ, ਫਲਾਂ ਵਾਲੇ, ਫੁਲਾਂ ਵਾਲੇ ਆਦਿ। ਉਨ੍ਹਾਂ ਵਿੱਚ ਪੰਛੀ ਆਪਣਾ ਬਸੇਰਾ ਕਰਨਗੇ। ਉਸ ਵਿੱਚ ਇਨਸਾਨ ਦਖਲ ਨਹੀਂ ਦੇਵੇਗਾ। ਮੇਰੇ ਹਲਕੇ ਵਿੱਚ ਇੱਕ ਹੋਰ ਸੰਸਥਾ ਨਾਨਕ ਬਗੀਚੀ ਤੇ ਕੰਮ ਕਰ ਰਹੀ ਹੈ। ਉਨ੍ਹਾਂ ਨੂੰ ਕਿਤੇ ਵੀ ਜਗ੍ਹਾ ਮਿਲ ਜਾਵੇ ਤਾਂ ਉਸ ਵਿੱਚ ਉਂਹ 8 ਮਰਲੇ ਜਗ੍ਹਾ ਵਿੱਚ 500 ਪੌਦਾ ਲਗਾਉਂਦੇ ਹਨ। ਕਹਿਣ ਦਾ ਮਤਲਬ ਕਿ ਪੌਦਾ ਲਗਾਉਣਾ ਇੱਕ ਟਾਰਗੈਟ ਹੈ। ਪੌਦਾ ਜਿੰਨਾ ਵੱਧ ਤੋਂ ਵੱਧ ਸੰਘਣਾ ਰੱਖ ਕੇ ਲਗਾਇਆ ਜਾਵੇ ਤਾਂ ਪਸ਼ੂਆਂ ਅਤੇ ਇਨਸਾਨਾਂ ਦੀ ਰੋਕਥਾਮ ਉਸ ਆਧਾਰ ਤੇ ਕੀਤੀ ਜਾ ਸਕਦੀ ਹੈ। ਇਸ ਕੰਸੈਪਟ ਨਾਲ ਉਨ੍ਹਾਂ ਸੰਸਥਾਵਾਂ ਨੂੰ ਕਾਫੀ ਉਤਸ਼ਾਹਿਤ ਵੀ ਕੀਤਾ ਜਾ ਰਿਹਾ ਹੈ। ਅਸੀਂ ਉਨ੍ਹਾਂ ਨੂੰ ਸਨਮਾਨਿਤ ਵੀ ਕਰਦੇ ਹਾਂ। ਪੂਰੇ ਪੰਜਾਬ ਵਿੱਚ ਸੰਸਥਾਵਾਂ ਕੰਮ ਕਰ ਰਹੀਆਂ ਹਨ। ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢੇ ਲਗਾ ਕੇ ਇਹ ਟਾਰਗੈਟ ਅਚੀਵ ਕਰਦੇ ਹਾਂ। ਪੰਜਾਬ ਸਰਕਾਰ ਵੱਲੋਂ ਖਾਸ ਕਰਕੇ ਪੇਂਡੂ ਹਲਕੇ ਵਿੱਚ ਇਨ੍ਹਾਂ ਦੇ ਆਧਾਰ ਤੇ ਸੋਲਿਡ ਵੇਸਟ ਮੈਨੇਜਮੈਂਟ ਬਣਾ ਰਹੇ ਹਾਂ। ਸੋਲਿਡ ਵੇਸਟ ਮੈਨੇਜਮੈਂਟ ਦੇ ਨਾਲ ਪਿੰਡਾਂ ਵਿੱਚ ਜਿਹੜਾ ਗਲੀਆਂ-ਨਾਲੀਆਂ ਅਤੇ ਹਰ ਰਸਤੇ ਵਿੱਚ ਜੋ ਕੂੜਾ ਖਿੱਲਰਿਆ ਹੋਇਆ ਹੈ ਉਸ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।

**ਮਾਣਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਹਾਂ ਜੀ। ਕੂੜੇ ਦੀ ਸਾਂਭ ਸੰਭਾਲ ਵਾਤਾਵਰਨ ਨੂੰ ਬਚਾਉਣ ਲਈ ਇੱਕ ਵੱਡਾ ਸਾਧਨ ਸਾਡੇ ਸਾਹਮਣੇ ਆ ਰਿਹਾ ਹੈ। ਆਪਣੇ ਹਲਕੇ ਦੇ 150 ਪਿੰਡਾਂ ਵਿੱਚੋਂ 88 ਪਿੰਡਾਂ ਵਿੱਚ ਸੋਲਿਡ ਵੇਸਟ ਮੈਨੇਜਮੈਂਟ ਸਟਾਰਟ ਕੀਤੀ ਹੋਈ ਹੈ। ਮੈਂ ਸਾਰੇ ਮਾਨਯੋਗ ਮੈਂਬਰਜ਼ ਅਤੇ ਪੂਰੀ ਵਿਧਾਨ ਸਭਾ ਨੂੰ ਇਹ ਬੇਨਤੀ ਕਰਦੀ ਹਾਂ ਕਿ ਸਾਲਿਡ ਵੇਸਟ ਮੈਨੇਜਮੈਂਟ ਤੇ ਵੱਧ ਤੋਂ ਵੱਧ ਕੰਮ ਕੀਤਾ ਜਾਵੇ। ਇਸ ਤੋਂ ਇਲਾਵਾ ਹਰ ਇੱਕ ਇਨਸਾਨ ਦੀ ਨੈਤਿਕ ਜ਼ਿੰਮੇਵਾਰੀ ਨੂੰ ਸਮਝਿਆ ਜਾਵੇ ਅਤੇ ਮੈਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹਾਂ ਕਿ ਜਿਹੜੇ ਅਸੀਂ ਇੱਟਾਂ ਪੱਥਰਾਂ ਦੇ ਮਹਿਲ ਬਣਾ ਰਹੇ ਹਾਂ , ਜਿਹੜੇ ਅਸੀਂ ਆਪਣੇ ਬੱਚਿਆਂ ਵਾਸਤੇ ਛੱਡ ਕੇ ਜਾਣੇ ਹਨ, ਜੋ ਆਉਣ ਵਾਲਾ ਸਮਾਂ ਹੈ ਅਤੇ ਆਉਣ ਵਾਲਾ ਭਵਿੱਖ ਹੈ ਉਹ ਸਾਡੇ ਬੱਚਿਆਂ ਲਈ ਬਹੁਤ ਖਤਰਨਾਕ ਹੈ। ਅਸੀਂ ਇੱਕ ਕੰਸੈਪਟ ਪੈਦਾ ਕਰ ਲਈਏ। ਅਸੀਂ ਆਪਣੇ ਬੱਚਿਆਂ ਦੇ ਜਨਮ ਦਿਨ ਉੱਤੇ ਹਜ਼ਾਰਾਂ ਰੁਪਿਆਂ ਦੀਆਂ ਪਾਰਟੀਆਂ ਕਰਦੇ ਹਾਂ, ਗਿਫਟ ਦਿੰਦੇ ਹਾਂ, ਮੈਂ ਚਾਹੁੰਦੀ ਹਾਂ ਕਿ ਅਸੀਂ ਸਾਰੇ ਨਾਗਰਿਕ ਬਹੁਤ ਜ਼ਿੰਮੇਵਾਰੀ ਨਾਲ ਆਪਣੇ ਬੱਚਿਆਂ ਦੇ ਜਨਮ ਦਿਨ ਤੇ ਇੱਕ ਪੌਦਾ ਜ਼ਰੂਰ ਲਗਵਾਇਆ ਕਰੀਏ। ਅਸੀਂ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਹਰ ਸਾਲ ਇੱਕ ਪੌਦਾ ਲਗਾਉਣਾ ਚਾਹੀਦਾ ਹੈ। ਜਿਹੜਾ ਪੌਦਾ ਪਾਲਣ ਵਾਲਾ ਇੱਕ ਬੱਚਾ ਹੋਵੇਗਾ ਉਸ

ਵਿੱਚ ਸਮਾਜ ਦੀ ਕੋਈ ਵੀ ਕੁਰੀਤੀ ਪਨਪ ਨਹੀਂ ਸਕਦੀ ਜੇਕਰ ਉਸ ਵੱਲੋਂ ਲਗਾਏ ਹੋਏ ਪੌਦੇ ਦੀ ਪਾਲਣਾ ਪੋਸ਼ਣਾ ਕਰਵਾਈ ਜਾਵੇ। ਪੌਦਾ ਪਾਲਣ ਵਾਲਾ ਬੱਚਾ ਵਾਪਿਸ ਸਾਨੂੰ ਸਤਯੁੱਗ ਵਿੱਚ ਲਿਜਾਣ ਵਾਲੀ ਗੱਲ ਹੋ ਜਾਵੇਗੀ।

**1355/Gurpreet kaur/ Harjinder singh**

**1400/Rajneet Kaur**

ਜੇ ਅਸੀਂ ਹਰ ਇੱਕ ਅਲਾਮਤ ਤੋਂ ਮੁੜਨਾ ਹੈ, ਜਿਹੜੀਆਂ ਸਮਾਜ ਦੀਆਂ ਹੁਣ ਕੁਰੀਤੀਆਂ ਚੱਲ ਰਹੀਆਂ ਹਨ, ਬੁਰਾਈਆਂ ਹਨ, ਜੇ ਇਨ੍ਹਾਂ ਤੋਂ ਪੰਜਾਬ ਨੂੰ ਬਚਾਉਣਾ ਹੈ ਤਾਂ ਸਾਨੂੰ ਪੌਦਿਆਂ ਵੱਲ ਧਿਆਨ ਦੇਣਾ ਪਵੇਗਾ, ਦਰੱਖਤਾਂ ਵੱਲ ਧਿਆਨ ਦੇਣਾ ਪਵੇਗਾ, ਸਾਫ ਸੁਥਰੇ ਵਾਤਾਵਰਣ ਵੱਲ ਧਿਆਨ ਦੇਣਾ ਪਵੇਗਾ। ਮੈਂ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ ਮਾਣਯੋਗ ਮੈਂਬਰ, ਸੁੱਖੀ ਜੀ ਦਾ ਜਿਨ੍ਹਾਂ ਨੇ ਇਹ ਮਤਾ ਲਿਆਂਦਾ ਹੈ ਅਤੇ ਮੈਂ ਇਸ ਨਾਲ ਇਤਫਾਕ ਰੱਖਦੀ ਹਾਂ।

**ਮਾਣਯੋਗ ਡਿਪਟੀ ਸਪੀਕਰ :** ਮਾਣਯੋਗ ਮੈਂਬਰ ਕਾਫੀ ਰਹਿੰਦੇ ਹਨ, ਇਸ ਲਈ ਸਮੇਂ ਦਾ ਧਿਆਨ ਰੱਖਿਆ ਜਾਵੇ। ਸਰਦਾਰ ਗੁਰਦਿੱਤ ਸਿੰਘ ਸੇਖੋਂ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ) :** ਸਪੀਕਰ ਸਾਹਿਬ, ਧੰਨਵਾਦ। ਮੇਰੀ ਬੇਨਤੀ ਹੈ ਕਿ ਸਾਡੇ ਇਲਾਕੇ ਵਿੱਚ ਪਹਿਲਾਂ ਨਰਮਾ ਹੁੰਦਾ ਸੀ, ਇਹ ਨਰਮਾ ਅਸੀਂ ਕਈ ਵਾਰੀ ਲੋਹੜੀ ਵੇਲੇ ਪੁੱਟਦੇ ਸੀ। ਲੋਹੜੀ ਤੋਂ ਬਾਅਦ ਕਣਕ ਬੀਜੀ ਜਾਂਦੀ ਸੀ, ਹੁਣ ਸਾਡੇ ਇਲਾਕੇ ਵਿੱਚ ਝੋਨਾ ਹੁੰਦਾ ਹੈ। ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਜਦੋਂ ਅਸੀਂ ਦੀਵਾਲੀ ਤੇ ਵੀ ਕਣਕ ਬੀਜਦੇ ਹਾਂ ਤਾਂ ਕਹਿੰਦੇ ਹਨ ਕਿ ਅਸੀਂ ਲੇਟ ਹੋ ਗਏ। ਖਾਸ ਕਰਕੇ ਪੀ.ਏ.ਯੂ. ਨੂੰ ਧਿਆਨ ਦੇਣ ਦੀ ਲੋੜ ਹੈ। ਅਸੀਂ ਸਾਰੇ ਇਹੀ ਬਹਾਨਾ ਲਗਾਉਂਦੇ ਹਾਂ ਕਿ ਸਾਡੇ ਕੋਲ ਪਰਾਲੀ ਸਾਂਭਣ ਦਾ ਟਾਈਮ ਨਹੀਂ ਹੈ। ਸਾਨੂੰ ਇਸ ਹਿਸਾਬ ਨਾਲ ਕਣਕ ਦੇ ਬੀਜ ਤਿਆਰ ਕਰਨੇ ਚਾਹੀਦੇ ਹਨ। ਪਰਾਲੀ ਦਾ ਵੀ ਜੇਕਰ ਸਭ ਤੋਂ ਵਧੀਆ ਹੱਲ ਕਰਨਾ ਹੈ ਅਤੇ ਪ੍ਰਦੂਸ਼ਣ ਤੋਂ ਬਚਾਉਣਾ ਹੈ ਅਤੇ ਪਰਾਲੀ ਨੂੰ ਸਾਂਭਣਾ ਹੈ ਤਾਂ ਇਸ ਦਾ ਸਭ ਤੋਂ ਵਧੀਆ ਹੱਲ ਹੈ ਕਿ ਉਸ ਨੂੰ ਖੇਤਾਂ ਵਿੱਚ ਹੀ ਗਾਲਿਆ ਜਾਵੇ। ਜਿਹੜੀ ਪਰਾਲੀ ਅਸੀਂ ਇਕੱਠੀ ਵੀ ਕਰ ਰਹੇ ਹਾਂ ਇਸ ਨਾਲ ਵੀ ਖੇਤਾਂ ਦੀ ਮਿੱਟੀ ਵਿੱਚ ਤੱਤ ਘੱਟ ਰਹੇ ਹਨ। ਇਸ ਲਈ ਸਾਨੂੰ ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ। ਸਾਨੂੰ ਅਜਿਹੇ ਸੁਧਰੇ ਬੀਜ ਤਿਆਰ ਕਰਨੇ ਚਾਹੀਦੇ ਹਨ ਕਿ ਜਿਹੜੇ ਲੇਟ ਬੀਜੇ ਜਾ ਸਕਣ ਅਤੇ ਕਿਸਾਨ ਨੂੰ ਪਰਾਲੀ ਸਾਂਭਣ ਦਾ ਮੌਕਾ ਮਿਲ ਸਕੇ। ਦੂਜਾ, ਜਿਹੜੇ ਪੰਜਾਬ ਦੇ ਅੰਦਰ ਦਰਿਆ ਪੈਂਦੇ ਹਨ, ਬਹੁਤ ਸਾਰੇ ਦਰਿਆਵਾਂ ਦੀ ਜ਼ਮੀਨ ਖਾਲੀ ਪਈ ਹੈ। ਉਨ੍ਹਾਂ ਦੇ ਨਾਲ ਨਾਲ ਵੀ ਦਰੱਖਤ ਲਗਾਏ ਜਾ ਸਕਦੇ ਹਨ। ਜਿਹੜਾ ਪਾਪੂਲਰ ਹੈ, ਇਸ ਨੂੰ ਵੀ ਫਸਲ ਦੇ ਵਿੱਚ ਲਿਆ ਗਿਆ ਹੈ। ਇਸ ਨੂੰ ਜਦੋਂ ਮਰਜ਼ੀ ਬੀਜ ਸਕਦੇ

ਹੋ ਅਤੇ ਜਦੋਂ ਮਰਜ਼ੀ ਵੱਢ ਸਕਦੇ ਹੋ। ਸਾਨੂੰ ਇਸ ਤਰ੍ਹਾਂ ਦਾ ਸਰਕਲ ਬਣਾ ਲੈਣਾ ਚਾਹੀਦਾ ਹੈ। ਕਈ ਵਾਰੀ ਸਮੱਸਿਆ ਇਹ ਆਉਂਦੀ ਹੈ ਕਿ ਬਹੁਤ ਸਾਰੇ ਦਰੱਖਤਾਂ ਨੂੰ ਵੱਢਣ ਵਾਸਤੇ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਇਹ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਦਰਿਆਵਾਂ ਦੇ ਨਾਲ ਨਾਲ ਕਬਜ਼ੇ ਵਾਲੀਆਂ ਜ਼ਮੀਨਾਂ ਤੇ ਲੋਕ ਕਣਕ ਝੋਨਾ ਵੀ ਬੀਜਦੇ ਹਨ ਅਤੇ ਉਨ੍ਹਾਂ ਦੀਆਂ ਫਸਲਾਂ ਵੀ ਖਰਾਬ ਹੋ ਜਾਦੀਆਂ ਹਨ। ਭਾਵੇਂ ਉਨ੍ਹਾਂ ਤੋਂ ਹੀ ਉੱਥੇ ਦਰੱਖਤ ਲਗਵਾ ਦਿੱਤੇ ਜਾਣ। ਇਨ੍ਹਾਂ ਦਰੱਖਤਾਂ ਨੂੰ ਪੰਜ-ਚਾਰ ਸਾਲ ਬਾਅਦ ਵੱਢ ਕੇ ਆਪਣਾ ਟਾਈਮ ਪਾਸ ਕਰ ਸਕਦੇ ਹਨ। ਇਸ ਦੇ ਨਾਲ ਨਾਲ ਬਹੁਤ ਸਾਰੇ ਸ਼ਹਿਰਾਂ ਦੇ ਵਿੱਚ ਖਾਲੀ ਪਲਾਟ ਬਹੁਤ ਪਏ ਹਨ। ਉਨ੍ਹਾਂ ਪਲਾਟਾਂ ਵਾਲਿਆਂ ਨੂੰ ਇਹ ਕਹਿ ਦਿੱਤਾ ਜਾਵੇ ਕਿ ਜਿੰਨਾ ਸਮਾਂ ਪਲਾਟ ਖਾਲੀ ਰਹੇਗਾ ਉਨਾ ਚਿਰ ਨਹੀਂ ਤਾਂ ਟੈਕਸ ਲੱਗੇਗਾ ਨਹੀਂ ਉਸ ਵਿੱਚ ਦਰੱਖਤ ਲਗਾ ਦਿੱਤੇ ਜਾਣ। ਜਦੋਂ ਦੋ ਚਾਰ ਸਾਲ ਪਲਾਟ ਖਾਲੀ ਰਹਿੰਦਾ ਹੈ ਅਤੇ ਉਸ ਵਿੱਚ ਦਰੱਖਤ ਲਗਾ ਦਿੱਤੇ ਜਾਣਗੇ ਤਾਂ ਜਿਵੇਂ ਪਹਿਲਾਂ ਭੈਣ ਜੀ ਨੇ ਵੀ ਦੱਸਿਆ ਹੈ ਕਿ 8 ਮਰਲੇ ਵਿੱਚ ਦੋ-ਢਾਈ ਸੌ, ਤਿੰਨ ਸੌ ਬੂਟਾ ਲਗਾਇਆ ਜਾ ਸਕਦਾ ਹੈ, ਇਸ ਤਰ੍ਹਾਂ ਉਨ੍ਹਾਂ ਪਲਾਟਾਂ ਵਿੱਚ ਵੀ ਬਗੀਚੀਆਂ ਲੱਗ ਸਕਦੀਆਂ ਹਨ। ਜਦੋਂ ਵੀ ਪਲਾਟ ਵਿੱਚ ਮਕਾਨ ਬਣਾਉਣਾ ਹੈ, ਉਨ੍ਹਾਂ ਦਰੱਖਤਾਂ ਨੂੰ ਵੱਢ ਸਕਦਾ ਹੈ।

ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਵਿੱਚ ਜੰਗਲ ਵੀ ਹਨ, ਸਾਡੇ ਫਰੀਦਕੋਟ ਵਿੱਚ ਘਗਿਆਣਾ ਵਿਖੇ 4400 ਏਕੜ ਵਿੱਚ ਮਹਾਰਾਜਾ ਦਾ ਬੀੜ ਹੈ। ਇਹ ਜੰਗਲ ਤਕਰੀਬਨ ਵਿੱਚੋਂ ਖਾਲੀ ਕਰ ਲਏ ਗਏ ਹਨ। ਜਦੋਂ ਅਸੀਂ ਬਰਨਾਲੇ ਤੋਂ ਬਾਜੇ ਕੇ ਨੂੰ ਜਾਂਦੇ ਹਾਂ ਤਾਂ ਉਦੋਂ ਵੀ ਰਸਤੇ ਵਿੱਚ ਜੰਗਲ ਆਉਂਦਾ ਹੈ, ਇਸ ਤਰ੍ਹਾਂ ਪੰਜਾਬ ਵਿੱਚ ਹੋਰ ਵੀ ਜੰਗਲ ਹਨ, ਇਨ੍ਹਾਂ ਸਾਰੇ ਜੰਗਲਾਂ ਵਿੱਚ ਦੁਬਾਰਾ ਦਰੱਖਤਾ ਲਗਵਾਏ ਜਾ ਸਕਦੇ ਹਨ। ਇਸ ਨਾਲ ਲੱਖਾਂ ਦੀ ਤਦਾਦ ਵਿੱਚ ਦਰੱਖਤ ਲੱਗ ਜਾਣਗੇ। ਸਭ ਤੋਂ ਪਹਿਲਾਂ ਸਾਨੂੰ ਹਵਾ ਵਾਲੇ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ, ਇਸ ਦੇ ਨਾਲ ਹੀ ਅਸੀਂ ਪਾਣੀ ਦੀ ਵੀ ਗੱਲ ਕਰਦੇ ਹਾਂ। ਬਹੁਤ ਸਾਰੀਆਂ ਇੰਡਸਟਰੀਆਂ ਪਾਣੀ ਜ਼ਮੀਨ ਦੇ ਅੰਦਰ ਪਾਉਂਦੀਆਂ ਹਨ। ਹਾਲਾਂਕਿ ਹੁਣ ਲੁਧਿਆਣੇ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਲਗਾਏ ਹਨ ਅਤੇ ਹੋਰ ਵੀ ਸ਼ਹਿਰਾਂ ਦੇ ਵਿੱਚ ਲਗਾ ਰਹੇ ਹਾਂ ਪਰ ਫਿਰ ਵੀ ਇਸ ਪਾਣੀ ਨੂੰ ਸੇਮ ਦੇ ਨਾਲਿਆਂ ਵਿੱਚ ਸੁੱਟਿਆ ਜਾ ਰਿਹਾ ਹੈ। ਇਸ ਪਾਣੀ ਨੂੰ ਵਾਹੀਯੋਗ ਖੇਤਾਂ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸ ਨਾਲ ਇਹ ਪਾਣੀ ਵਰਤੋਂ ਵਿੱਚ ਆ ਸਕਦਾ ਹੈ ਅਤੇ ਜ਼ਮੀਨ ਦੇ ਥੱਲੇ ਤੋਂ ਵੀ ਪਾਣੀ ਘੱਟ ਨਿਕਲੇਗਾ। ਇਸ ਤਰ੍ਹਾਂ ਪਾਣੀ ਅਤੇ ਹਵਾ ਦੀ ਜਿਹੜੀ ਸਮੱਸਿਆ ਹੈ, ਇਸ ਨੂੰ ਹੱਲ ਕਰ ਸਕਦੇ ਹਾਂ।

**1405/Kuldeep kaur**

ਸੋ, ਸਭ ਤੋਂ ਜ਼ਰੂਰੀ ਤਾਂ ਬੰਦੇ ਦਾ ਸਾਹ ਹੈ। ਅਸੀਂ ਦੇਖਿਆ ਹੈ ਕਿ ਕੋਰੋਨਾ ਦੇ ਸਮੇਂ ਵਿੱਚ ਲੋਕ 15-20 ਹਜ਼ਾਰ ਰੁਪਏ ਦੇ ਆਕਸੀਜਨ ਦੇ ਸਿਲੰਡਰ ਖਰੀਦਦੇ ਸਨ। ਸੋ, ਮੈਂ ਸੁੱਖੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ

ਬਹੁਤ ਹੀ ਸੰਵੇਦਨਸ਼ੀਲ ਮੁੱਦੇ ਤੇ ਅੱਜ ਬਹਿਸ ਰੱਖੀ ਹੈ। ਇਸ ਤੇ ਹਰ ਬੰਦੇ ਨੂੰ ਚਿੰਤਿਤ ਹੋਣਾ ਚਾਹੀਦਾ ਹੈ ਕਿਉਂਕਿ ਸਾਹ ਹਰ ਬੰਦੇ ਨੇ ਲੈਣਾ ਹੈ। ਜੇ ਬੰਦਾ ਰੋਟੀ ਨਾ ਖਾਵੇ ਤਾਂ 40 ਦਿਨ ਜਿੰਦਾ ਰਹਿ ਸਕਦਾ ਹੈ, ਜੇ ਪਾਣੀ ਨਾ ਪੀਵੇ ਤਾਂ 3-4 ਦਿਨ ਜਿੰਦਾ ਰਹਿ ਸਕਦਾ ਹੈ। ਜੇ ਬੰਦਾ ਸਾਹ ਨਾ ਲਵੇ ਤਾਂ 30 ਸੈਕਿੰਡ ਤੋਂ ਵੱਧ ਜਿੰਦਾ ਨਹੀਂ ਰਹਿ ਸਕਦਾ। ਸੋ, ਇਸ ਲਈ ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਡਿਪਟੀ ਸਪੀਕਰ:** ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਸਮੇਂ ਦਾ ਜ਼ਰੂਰ ਖਿਆਲ ਰੱਖਿਆ ਜਾਵੇ। ਮਾਣਯੋਗ ਮੈਂਬਰ ਮਨਜੀਤ ਸਿੰਘ ਬਿਲਾਸਪੁਰ ਸਾਹਿਬ, ਤੁਹਾਡੇ ਕੋਲ ਤਿੰਨ ਮਿੰਟ ਹਨ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਸਾਹਿਬ, ਡਾਕਟਰ ਸੁੱਖੀ ਜੀ ਵੱਲੋਂ ਲਿਆਂਦੇ ਹੋਏ ਵਾਤਾਵਰਨ ਨਾਲ ਸਬੰਧਿਤ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਦਰੱਖਤਾਂ ਦੀ ਕਟਾਈ ਦੀ ਗੱਲ ਚੱਲ ਰਹੀ ਹੈ। ਇਸ ਵਿੱਚ ਕੋਈ ਸ਼ੱਕ ਜਾਂ ਦੋ ਰਾਵਾਂ ਨਹੀਂ ਕਿ ਵਾਤਾਵਰਨ ਦਰੱਖਤਾਂ ਦੀ ਕਟਾਈ ਅਤੇ ਹੋਰ ਵੀ ਬਹੁਤ ਸਾਰੇ ਕਾਰਨਾਂ ਕਰਕੇ ਪ੍ਰਦੂਸ਼ਿਤ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਇੱਕ ਬਹੁਤ ਵੱਡਾ ਸ਼ਾਇਰ ਹੋਇਆ ਹੈ, ਜਿਸ ਨੂੰ ਬਿਰਹਾ ਦਾ ਸੁਲਤਾਨ ਕਿਹਾ ਜਾਂਦਾ ਸੀ। ਜਿਹੜਾ ਜੋਬਨ ਰੁੱਤੇ ਇਸ ਸੰਸਾਰ ਤੋਂ ਚਲਾ ਗਿਆ ਸੀ, ਸ਼ਿਵ ਕੁਮਾਰ ਬਟਾਲਵੀ। ਉਨ੍ਹਾਂ ਨੇ ਰੁੱਖਾਂ ਦੀ ਮਹੱਤਤਾ ਸਬੰਧੀ ਕੁਝ ਲਾਈਨਾਂ ਲਿਖੀਆਂ ਸੀ। ਉਨ੍ਹਾਂ ਲਿਖਿਆ ਸੀ:

ਕੁਝ ਰੁੱਖ ਯਾਰਾਂ ਵਰਗੇ ਲਗਦੇ, ਚੁੰਮਾਂ ਤੇ ਗਲ ਲਾਵਾਂ,

ਇੱਕ ਮੇਰੀ ਮਹਿਬੂਬਾ ਵਾਕਣ, ਮਿੱਠਾ ਅਤੇ ਦੁਖਾਵਾਂ,

ਕੁਝ ਰੁੱਖ ਮੇਰਾ ਦਿਲ ਕਰਦਾ ਏ, ਮੋਢੇ ਚੁੱਕ ਖਿਡਾਵਾਂ,

ਕੁਝ ਰੁੱਖ ਮੇਰਾ ਦਿਲ ਕਰਦਾ ਏ, ਚੁੰਮਾਂ ਤੇ ਮਰ ਜਾਵਾਂ।

ਕਿੰਨੀ ਵੱਡੀ ਗੱਲ ਕਹੀ ਹੈ। ਇਹ ਸ਼ਾਇਰ ਬਿਲਕੁਲ ਭਰ ਜਵਾਨੀ ਵਿੱਚ ਸੰਸਾਰ ਤੋਂ ਗਿਆ ਸੀ। ਇਸ ਨੇ ਅਖੀਰ ਵਿੱਚ ਲਿਖਿਆ ਹੈ ਕਿ "ਕੁਝ ਰੁੱਖ ਮੇਰਾ ਦਿਲ ਕਰਦਾ ਏ, ਚੁੰਮਾਂ ਤੇ ਮਰ ਜਾਵਾਂ।" ਮੇਰੇ ਕਹਿਣ ਤੋਂ ਭਾਵ ਰੁੱਖਾਂ ਦੀ ਇੰਨੀ ਵੱਡੀ ਮਹੱਤਤਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੈ ਕਿ

ਮੈਨੂੰ ਪੜ੍ਹਨ ਲਿਖਣ ਦਾ ਕਾਫੀ ਜ਼ਿਆਦਾ ਸ਼ੌਕ ਹੈ। ਮੈਂ ਆਯੂਰਵੈਦਿਕ ਗ੍ਰੰਥਾਂ ਵਿੱਚ ਪੜ੍ਹਿਆ ਹੈ ਕਿ ਮਨੁੱਖ ਦੀ ਉਮਰ 100-120 ਸਾਲ ਦੀ ਹੈ। ਅੱਜ ਵੀ ਜੇ ਤੁਸੀਂ ਪੰਜਾਬ ਦੇ ਮੁਕਾਬਲੇ ਹਰਿਆਣਾ, ਰਾਜਸਥਾਨ ਦਾ ਕੰਪੈਰੀਜ਼ਨ ਕਰੋਗੇ ਤਾਂ ਅੱਜ ਵੀ ਹਰਿਆਣੇ ਦੀਆਂ ਸੱਥਾਂ ਵਿੱਚ ਪਤਲੇ-ਪਤਲੇ ਬਜ਼ੁਰਗ, 80-80, 90-90 ਸਾਲ ਦੇ ਬੰਦੇ ਪੈਰਾਂ ਭਾਰ ਬੈਠੇ ਤਾਸ਼ ਖੇਡਦੇ ਜਾਂ ਹੁੱਕਾ ਪੀਂਦੇ ਮਿਲ ਜਾਣਗੇ। ਯੂਰਪ ਵਰਗੇ ਮੁਲਕਾਂ ਵਿੱਚ ਜਾਂ ਹੋਰ ਡਿਵੈਲਪਡ ਕੰਟਰੀਜ਼ ਵਿੱਚ 80-80, 90-90 ਸਾਲ ਦੇ ਬਜ਼ੁਰਗ ਘੋੜਿਆਂ ਵਾਂਗ ਦੌੜਦੇ ਮਿਲ ਜਾਣਗੇ ਪਰ ਅਫਸੋਸ ਸਾਡੇ ਪੰਜਾਬ ਵਿੱਚ ਔਸਤ ਉਮਰ 120 ਸਾਲ ਤੋਂ ਸਿੱਧੀ 40-50 ਸਾਲ ਘਟ ਗਈ ਹੈ। ਔਸਤ ਉਮਰ 60-70 ਸਾਲ ਰਹਿ ਗਈ ਹੈ। ਜਦੋਂ ਅਸੀਂ ਸਾਰੇ ਮੈਂਬਰ ਸਾਹਿਬਾਨ ਆਪਣੇ-ਆਪਣੇ ਹਲਕੇ ਵਿੱਚ ਲੋਕਾਂ ਦੇ ਘਰਾਂ ਵਿੱਚ ਕਿਸੇ ਦੀ ਮੌਤ ਦਾ ਅਫਸੋਸ ਕਰਨ ਲਈ ਬੈਠਣ ਜਾਂਦੇ ਹਾਂ ਤਾਂ ਜੇ ਅਸੀਂ 10 ਘਰਾਂ ਵਿੱਚ ਬੈਠਣ ਜਾਂਦੇ ਹਾਂ ਤਾਂ ਉਨ੍ਹਾਂ ਵਿੱਚੋਂ ਸਿਰਫ 1 ਜਾਂ 2 ਘਰ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਪੁੱਛਦੇ ਹਾਂ ਕਿ ਕਿੰਨੀ ਉਮਰ ਸੀ, ਤਾਂ ਉਹ ਦੱਸਦੇ ਹਨ ਕਿ ਜੀ 90 ਸਾਲ ਤੋਂ ਉੱਪਰ ਸੀ। ਬਾਕੀ ਜਿਹੜੇ 7-8 ਘਰ ਹੁੰਦੇ ਹਨ, ਜਦੋਂ ਉਨ੍ਹਾਂ ਤੋਂ ਪੁੱਛਦੇ ਹਾਂ ਕਿ ਕਿੰਨੀ ਉਮਰ ਸੀ? ਉਹ ਕਹਿੰਦੇ ਹਨ ਕਿ ਬਸ ਜੀ 45, 50, 55 ਜਾਂ 65 ਸਾਲ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਰੁੱਖਾਂ ਦੀ ਕਟਾਈ ਨਾਲ, ਵਾਤਾਵਰਨ ਦੀ ਪ੍ਰਦੂਸ਼ਿਤਾ ਨਾਲ ਮਨੁੱਖ ਦੀ ਉਮਰ ਬਹੁਤ ਤੇਜ਼ੀ ਨਾਲ ਘਟ ਰਹੀ ਹੈ। ਅੱਜ ਕੱਲ੍ਹ 40 ਸਾਲ ਦੀ ਉਮਰ ਤੋਂ ਬਾਅਦ ਬੀ.ਪੀ. ਦੀ ਗੋਲੀ, ਸ਼ੂਗਰ ਦੀ ਗੋਲੀ ਅਤੇ ਡਿਪਰੈਸ਼ਨ ਵਰਗੀਆਂ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਰਹੀਆਂ ਹਨ।

**ਮਾਣਯੋਗ ਡਿਪਟੀ ਸਪੀਕਰ:** ਕਨਕਲੂਡ ਕਰ ਲਵੋ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕਨਕਲੂਡ ਕਰਨ ਲੱਗਾ ਹਾਂ ਜੀ। ਇਨ੍ਹਾਂ ਬਿਮਾਰੀਆਂ ਦਾ ਇੱਕੋ ਹੀ ਕਾਰਨ ਹੈ ਕਿ ਅਸੀਂ ਵਾਤਾਵਰਨ ਦੀ ਸੰਭਾਲ ਨਹੀਂ ਕਰ ਸਕੇ। ਸੋ, ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਦਰੱਖਤ ਲਗਾਈਏ। ਜਦੋਂ ਅਸੀਂ ਕੋਈ ਐਨ.ਓ.ਸੀ. ਦਿੰਦੇ ਹਾਂ ਜਾਂ ਕੋਈ ਸਰਟੀਫਿਕੇਟ ਦਿੰਦੇ ਹਾਂ ਜਾਂ ਕੋਈ ਹੋਰ ਕਿਸੇ ਪ੍ਰਕਾਰ ਦੀ ਸਬਸਿਡੀ ਦਿੰਦੇ ਹਾਂ ਤਾਂ ਉਸ ਸਮੇਂ ਇਸ ਤਰ੍ਹਾਂ ਦੀਆਂ ਕੰਡੀਸ਼ਨਜ਼ ਲੱਗ ਜਾਣ ਕਿ ਦਰੱਖਤ ਲਗਾਏ ਜਾਣ। ਖਾਸ ਕਰਕੇ ਜਿਹੜੇ ਦਰੱਖਤ ਆਕਸੀਜਨ ਪੈਦਾ ਕਰਦੇ ਹਨ, ਜਿਵੇਂ ਕਿ ਨਿੰਮ, ਪਿੱਪਲ, ਬੋਹੜ, ਕੇਲੇ, ਮਨੀ ਪਲਾਂਟ, ਸਨੇਕ ਪਲਾਂਟ ਵਰਗੇ ਪੌਦੇ ਲਗਾਏ ਜਾਣ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਸੁੱਖੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਵਧੀਆ ਮਤਾ ਲਿਆਂਦਾ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ।।

**1405/Kuldeep kaur/BS khokhar**

**1410/Pawan sharma**

**ਮਾਣਯੋਗ ਡਿਪਟੀ ਸਪੀਕਰ**: ਹਾਂ ਜੀ, ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ. ਸਾਹਿਬਾ। ਤੁਹਾਡੇ ਕੋਲ 02 ਮਿੰਟ ਹਨ।

**ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ)**: ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਡਾ. ਸੁਖਵਿੰਦਰ ਕੁਮਾਰ ਸੁੱਖੀ ਜੀ ਨੇ ਜਿਹੜਾ ਇਹ ਵਾਤਾਵਰਨ ਸਬੰਧੀ ਮਤਾ ਲੈ ਕੇ ਆਏ ਹਨ ਔਰ ਸਾਡੇ ਸਤਿਕਾਰਯੋਗ ਸਾਥੀ ਐਮ.ਐਲ.ਏ. ਸ਼੍ਰੀ ਮਨਜੀਤ ਸਿੰਘ ਬਿਲਾਸਪੁਰ ਜੀ ਨੇ ਸ਼ਿਵ ਕੁਮਾਰ ਬਟਾਲਵੀ ਜੀ ਦੀ ਕੁਝ ਸਤਰਾਂ ਸਦਨ ਵਿੱਚ ਰੱਖੀਆਂ, ਸੋ ਮੈਂ ਉਸ ਨੂੰ ਅੱਗੇ ਵਧਾਉਂਦੀ ਹਾਂ ਕਿਉਂਕਿ ਉਨ੍ਹਾਂ ਨੇ ਰੁੱਖਾਂ ਨਾਲ ਪ੍ਰੇਮ ਪਿਆਰ ਜਤਾਇਆ ਸੀ। "ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ, ਕੁਝ ਰੁੱਖ ਨੂੰਹਾਂ, ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ"। ਸੋ, ਮੈਨੂੰ ਅੱਜ ਖੁਸ਼ੀ ਹੈ ਕਿ ਸਾਡੀ ਸਰਕਾਰ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪਿਛਲੇ ਦੋ ਸਾਲਾਂ ਵਿੱਚ ਵਾਤਾਵਰਨ ਪੱਖੀ ਫੈਸਲਾ ਲੈਂਦੇ ਹੋਏ 46 ਲੱਖ ਬੂਟੇ ਪੰਜਾਬ ਵਿੱਚ ਲਗਾਏ ਹਨ ਔਰ 05 ਤਾਰੀਖ ਦੇ ਬਜਟ ਸਪੀਚ ਵਿੱਚ ਚੀਮਾ ਸਾਹਿਬ ਨੇ ਇਸ ਸਬੰਧੀ ਅੰਕੜੇ ਦਿੱਤੇ ਹਨ ਔਰ ਇਸ ਦੇ ਨਾਲ ਜਿੱਥੇ ਅਸੀਂ ਵਾਤਾਵਰਨ ਨੂੰ ਬਚਾ ਰਹੇ ਹਾਂ, ਅਸੀਂ 200 ਬੂਟਿਆਂ ਦੇ ਮਗਰ ਅਸੀਂ ਇੱਕ ਮਗਨਰੇਗਾ ਕਾਮੇ ਨੂੰ 100 ਦਿਨ ਕੰਮ ਦੇਣ ਦੀ ਗਾਰੰਟੀ ਤਹਿਤ ਰੁਜ਼ਗਾਰ ਵੀ ਦੇ ਰਹੇ ਹਾਂ ਅਤੇ ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਵਿੱਚੋਂ ਜ਼ਿਲ੍ਹਾ ਸੰਗਰੂਰ ਗ੍ਰੀਨ ਜ਼ੋਨ ਵਿੱਚ ਪਹਿਲੇ ਸਥਾਨ ਤੇ ਆਇਆ ਹੈ(ਥੰਪਿੰਗ)। ਮੈਂ ਇਸ ਸਦਨ ਰਾਹੀਂ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ, ਸਾਡੇ ਜ਼ਿਲ੍ਹੇ ਦੇ ਮੰਤਰੀ ਸਾਹਿਬਾਨਾਂ ਨੂੰ, ਐਮ.ਐਲ.ਏ. ਸਾਹਿਬਾਨਾਂ ਨੂੰ ਅਤੇ ਸੰਗਰੂਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਲੋਕਾਂ ਨੂੰ ਵਧਾਈ ਦਿੰਦੀ ਹਾਂ। ਮੈਨੂੰ ਲੱਗਦਾ ਹੈ ਕਿ ਇਸ ਨਾਲ ਪੰਜਾਬ ਨੂੰ ਇੱਕ ਵੱਡੀ ਸੇਧ ਮਿਲੇਗੀ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਮਾਣਯੋਗ ਮੈਂਬਰ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਵਾਤਾਵਰਣ ਅਤੇ ਰੁੱਖਾਂ ਦੀ ਨਜਾਇਜ਼ ਕਟਾਈ ਨੂੰ ਰੋਕਣ ਲਈ ਪੇਸ਼ ਕੀਤੇ ਗਏ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਗੁਰਬਾਣੀ ਵਿੱਚੋਂ ਕੁਝ ਸਤਰਾਂ ਸੁਣਾਵਾਂਗਾ:-

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।।
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ।।
ਭੂਲੀ ਮਾਲਨੀ ਹੈ ਏਉ।।

ਸਤਿਗੁਰੁ ਜਾਗਤਾ ਹੈ ਦੇਉ॥
ਬ੍ਰਹਮ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥

ਬ੍ਰਹਮਾ ਦਾ ਰੂਪ ਹੈ ਪੱਤੇ, ਵਿਸ਼ਨੂੰ ਦਾ ਰੂਪ ਹੈ ਡਾਲੀ, ਸ਼ੰਕਰ ਜੀ ਦਾ ਰੂਪ ਹੈ ਫੁੱਲ। ਸੋ, ਅੱਜ ਇਸ ਪਵਿੱਤਰ ਸਦਨ ਵਿੱਚ ਮੇਰੀ ਭੈਣ ਨਰਿੰਦਰ ਕੌਰ ਭਰਾਜ ਜੀ ਵੱਲੋਂ ਇੱਕ ਬਹੁਤ ਅੱਛਾ ਨੁਕਤਾ ਉਠਾਇਆ ਗਿਆ ਹੈ। ਮੈਂ ਇਸ ਨੂੰ ਹੋਰ ਬ੍ਰੀਫ ਕਰਨਾ ਚਾਹਾਂਗਾ ਕਿ ਜਿੰਨੀਆਂ ਵੀ ਸਾਡੀਆਂ ਪਿੰਡਾਂ ਵਿੱਚ ਪੰਚਾਇਤਾਂ ਹਨ, ਪੰਚਾਇਤਾਂ ਦੀ ਘੱਟੋ ਘੱਟ ਇੱਕ ਏਕੜ ਜ਼ਮੀਨ ਵਿੱਚ 5000 ਬੂਟੇ ਲਗਾਏ ਜਾਣ ਤਾਂ ਇੱਕ ਪਿੰਡ ਵਿੱਚ 25 ਮਗਨਰੇਗਾ ਵਰਕਰ ਰੱਖੇ ਜਾ ਸਕਦੇ ਹਨ। ਇਸ ਨਾਲ ਇਹ ਸੁਨਿਸ਼ਚਿਤ ਕੀਤਾ ਜਾਵੇਗਾ ਕਿ 75 ਗਰੀਬ ਬੰਦਿਆਂ ਨੂੰ ਪੱਕੀ ਦਿਹਾੜੀ ਮਿਲੇਗੀ। ਇਸ ਨਾਲ ਸਾਡਾ ਵਾਤਾਵਰਣ ਵੀ ਠੀਕ ਹੋਵੇਗਾ। ਜੇਕਰ ਕਿਸੇ ਦੇਸ਼ ਵਿੱਚ ਵੀ ਲੜਾਈ ਹੋਈ ਹੈ ਤਾਂ ਉਹ ਜਲ, ਜੰਗਲ ਅਤੇ ਜ਼ਮੀਨ ਕਰਕੇ ਹੋਈ ਹੈ। ਅੱਜ ਸਾਨੂੰ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਬਚਾਉਣ ਦੀ ਅਤਿਅੰਤ ਲੋੜ ਹੈ। ਸੋ, ਆਓ ਅਸੀਂ ਸਾਰੇ ਰਲ ਕੇ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਜੰਗਲਾਂ ਅਤੇ ਜਲ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸਿੰਚਾਈ ਦੇ ਸਾਧਨ ਦੂਰ-ਦੁਰਾਡੇ ਤੱਕ ਪਹੁੰਚਾਏ ਜਾ ਰਹੇ ਹਨ, ਉਸ ਲਈ ਅਸੀਂ ਸਾਰੇ ਜਣੇ ਸਾਥ ਦੇਈਏ। ਮੈਂ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ ਵੱਲੋਂ ਲਿਆਂਦੇ ਗਏ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਸਾਨੂੰ ਸਾਰਿਆਂ ਨੂੰ ਇਸ ਬਾਰੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.):** ਮਾਣਯੋਗ ਡਿਪਟੀ ਸਪੀਕਰ, ਧੰਨਵਾਦ ਜੀ। ਅੱਜ ਦਾ ਇਹ ਮੁੱਦਾ ਬਹੁਤ ਹੀ ਗੰਭੀਰ ਮੁੱਦਾ ਹੈ। ਅੱਜ ਸਾਡੀ ਜ਼ਰੂਰਤ ਹੈ ਕਿ ਵਾਤਾਵਰਣ ਨੂੰ ਬਚਾ ਕੇ ਰੱਖੀਏ ਅਤੇ ਸਾਡੀ ਪਵਨ, ਪਾਣੀ ਅਤੇ ਜ਼ਮੀਨ, ਇਹ ਤਿੰਨੋਂ ਚੀਜ਼ਾਂ ਬੁਰੀ ਤਰ੍ਹਾਂ ਪ੍ਰਦੂਸ਼ਣ ਨਾਲ ਘੋਲ ਕਰ ਰਹੀਆਂ ਹਨ।

**1410/Pawan sharma/Rajneesh kumar**

**1415/Jaspal Singh**

ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਰੁੱਖਾਂ ਦੀ ਨੈਸ਼ਨਲ ਐਵਰੇਜ ਲੈ ਲਈਏ ਤਾਂ ਸਾਡੇ ਹਿੰਦੁਸਤਾਨ ਵਿਚ 12 ਪ੍ਰਤੀਸ਼ਤ ਹੈ ਔਰ ਅਗਰ ਪੰਜਾਬ ਦੀ ਗੱਲ ਕਰੀਏ ਤਾਂ ਇਹ 6 ਪ੍ਰਤੀਸ਼ਤ ਹੈ ਔਰ ਪੰਜਾਬ ਦੇ ਪਿਛੇ ਇਕੋ ਹੀ ਸੂਬਾ ਰਹਿ ਜਾਂਦਾ ਹੈ, ਜੋ ਹਰਿਆਣਾ ਹੈ, ਜਿਥੇ ਕੇ ਇਹ ਫਾਰੈਸਟ ਕਵਰ ਘੱਟ ਹੈ। ਸੋ, ਇਹ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਸਾਡੇ ਸਾਰਿਆਂ ਤੇ ਇਸ ਵਿਧਾਨ ਸਭਾ ਵਿੱਚ ਬੈਠੇ ਚੁਣ ਕੇ ਆਏ ਹੋਏ ਨੁਮਾਇੰਦਿਆਂ ਦੇ ਉਤੇ ਹੈ ਕਿ ਅਸੀਂ ਇਸ ਵਾਤਾਵਰਣ ਨੂੰ ਬਚਾ ਸਕੀਏ, ਨਹੀਂ ਤਾਂ ਜਿਹੜੀਆਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਹਨ, ਉਹ ਸਾਡੇ ਉਤੇ ਲਾਹਨਤ ਪਾਉਣਗੀਆਂ । ਸਾਡੇ ਜਿਹੜੇ ਕਾਨੂੰਨ ਹਨ, ਉਨ੍ਹਾਂ ਵਿਚ ਬੜੀ ਲਚਕ ਹੈ ਔਰ ਇਨਫੋਰਸਮੈਂਟ ਨਹੀਂ ਹੈ

ਕਿਉਂਕਿ ਜਿੰਨੇ ਇੰਡਸਟਰੀਅਲ ਪਲਾਂਟਸ ਹਨ ਉਹ ਸਾਰੇ ਬਿਨਾਂ ਟਰੀਟਮੈਂਟ ਤੋਂ ਆਪਣਾ ਜਿਹੜਾ ਵੇਸਟ ਹੈ ਉਹ ਨਦੀਆਂ ਨਾਲਿਆਂ ਵਿਚ ਸੁੱਟ ਰਹੇ ਹਨ ਤੇ ਉਸ ਉਤੇ ਵੀ ਪਾਬੰਦੀ ਲਗਾਉਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਬਹੁਤ ਸਾਰੀਆਂ ਬਿਮਾਰੀਆਂ ਇਸ ਪ੍ਰਦੂਸ਼ਣ ਕਾਰਨ ਹਨ। ਸੋ, ਮੈਂ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ ਵੱਲੋਂ ਲਿਆਂਦੇ ਇਸ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਤੇ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

**ਮਾਣਯੋਗ ਡਿਪਟੀ ਸਪੀਕਰ:** ਹਾਂ ਜੀ, ਸ੍ਰੀ ਦਿਨੇਸ਼ ਕੁਮਾਰ ਚੱਢਾ ਜੀ, ਮੈਂਬਰ ਸਾਹਿਬ, ਤੁਹਾਡੇ ਦੋ ਮਿੰਟ ਹਨ ।

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):** ਡਿਪਟੀ ਸਪੀਕਰ ਸਾਹਿਬ, ਜੋ ਪ੍ਰਸਤਾਵ ਮਾਣਯੋਗ ਮੈਂਬਰ ਡਾਕਟਰ ਸੁੱਖੀ ਜੀ ਕਦਮ ਚੁੱਕਣ ਲਈ ਲੈ ਕੇ ਆਏ ਹਨ। ਸਭ ਤੋਂ ਜ਼ਰੂਰੀ ਕਦਮ ਚੁੱਕਣ ਦੀ ਲੋੜ ਇਹ ਹੈ ਕਿ ਜਿਹੜੇ ਕਾਨੂੰਨ ਵਾਤਾਵਰਣ ਦੇ ਹੁਣ ਤੱਕ ਬਣੇ ਹਨ ਉਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਲੋੜ ਹੈ, ਨਵੇਂ ਕਾਨੂੰਨ ਬਣਾਉਣ ਦੀ ਬਜਾਏ, ਕਿਉਂਕਿ ਹੁਣ ਤੱਕ ਕਾਨੂੰਨ ਬਹੁਤ ਸਾਰੇ ਬਣੇ ਹੋਏ ਹਨ। ਮੈਂ ਉਦਾਹਰਣ ਦੇ ਤੌਰ ਉਤੇ ਦੱਸ ਦੇਵਾਂ ਕਿ Extented Producers Responsibilty ਜਿਹੜਾ ਵੀ ਕੋਈ ਲਿਫਾਫਾ ਕਿਸੇ ਕੰਪਨੀ ਨੇ, ਕੁਰਕਰੇ ਹਨ ਜਾਂ ਕੋਈ ਹੋਰ ਹਨ, ਮਾਰਕੀਟ ਵਿਚ ਪ੍ਰੋਡਕਟ ਵੇਚਣ ਲਈ ਲਿਆਂਦਾ ਹੈ, ਉਸ ਕੰਪਨੀ ਦੀ ਜਿੰਮੇਵਾਰੀ ਉਸ ਲਿਫਾਫੇ ਨੂੰ ਡਿਸਪੋਜ਼ ਕਰਨਾ ਹੈ। ਪਰ ਕੀ ਤੁਸੀਂ ਦੇਖੋ ਕਿ ਕੀ ਇਹ ਪੰਜਾਬ ਵਿਚ ਹੋ ਰਿਹਾ ਹੈ? ਪੰਜਾਬ ਦੀਆਂ ਸੜਕਾਂ ਉਤੇ ਲਿਫਾਫਿਆਂ ਦੇ ਢੇਰ ਲੱਗੇ ਹੋਏ ਹਨ ਪਰ ਸਾਡਾ ਸਬੰਧਤ ਮਹਿਕਮਾ, ਸਬੰਧਤ ਅਫਸਰ ਸਾਹਿਬਾਨ ਉਨ੍ਹਾਂ ਕੰਪਨੀਆਂ ਦੇ ਕੋਲੋਂ ਇਹ ਕੰਮ ਨਹੀਂ ਕਰਵਾ ਰਹੀਆਂ। ਵਾਤਾਵਰਣ ਦੀ ਸ਼ੁੱਧਤਾ ਲਈ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਲੋੜ ਹੈ। ਦੂਜੀ ਜੇ ਆਪਾਂ ਦਰੱਖਤਾਂ ਦੀ ਗੱਲ ਕਰੀਏ ਤਾਂ ਜਿਹੜਾ ਇੰਡੀਅਨ ਫਾਰੈਸਟ ਐਕਟ ਹੈ, ਦਫਾ 4, ਦਫਾ 5 ਹੋ ਜਾਂਦੀ ਹੈ, ਜਿਹੜੇ ਲੋਕਾਂ ਦੀ ਜ਼ਮੀਨ ਉਸ ਵਿਚ ਰਿਜ਼ਰਵ ਹੋ ਜਾਂਦੀ ਹੈ ਉਹ ਲੋਕ ਇਕੱਲੇ ਪੇਅ ਕਰਦੇ ਹਨ ਉਨ੍ਹਾਂ ਦੀ ਜ਼ਮੀਨ ਰਿਜ਼ਰਵ ਹੋ ਗਈ, ਉਸ ਨੂੰ ਯੂਜ਼ ਨਹੀਂ ਕਰ ਸਕਦੇ, ਖੇਤੀਬਾੜੀ ਲਈ ਨਹੀਂ, ਹੋਰ ਕੰਮ ਲਈ ਯੂਜ਼ ਨਹੀਂ ਕਰ ਸਕਦੇ ਜਦ ਕਿ ਜਿਹੜੀ ਹਵਾ ਹੈ, ਆਕਸੀਜ਼ਨ ਹੈ ਉਹ ਅਸੀਂ ਸਾਰੇ ਲੈਂਦੇ ਹਨ, ਜਿਨ੍ਹਾਂ ਦੀ ਜ਼ਮੀਨ ਰਿਜ਼ਰਵ ਨਹੀਂ ਹੈ ਉਹ ਵੀ ਲੈਂਦੇ ਹਾਂ। ਕਹਿਣ ਦਾ ਮਤਲਬ ਜਿਨ੍ਹਾਂ ਦੀ ਜ਼ਮੀਨ ਅਸੀਂ ਆਕਸੀਜ਼ਨ ਲਈ ਰਿਜ਼ਰਵ ਕੀਤੀ ਹੈ, ਉਨ੍ਹਾਂ ਨੂੰ ਕੋਈ ਨਾ ਕੋਈ ਮੁਆਵਜ਼ਾ ਮਿਲਣਾ ਚਾਹੀਦਾ ਹੈ, ਉਸ ਦੇ ਲਈ ਚਾਹੇ ਵਾਤਾਵਰਣ ਸੈੱਸ ਲੱਗੇ। ਰੋਪੜ ਜ਼ਿਲ੍ਹੇ ਦੀਆਂ, ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਬਹੁਤ ਜ਼ਮੀਨਾਂ ਹਨ, ਜਿਹੜੀਆਂ ਰਿਜ਼ਰਵ ਹਨ। ਸੋ, ਇਹ ਸਾਰਾ ਕੁਝ ਕਰਨ ਲਈ, ਮੈਂ ਇੱਕ ਬੇਨਤੀ ਕਰਨੀ ਚਾਹਾਂਗਾ ਕਿ ਜਿਹੜੇ ਅੱਡ ਅੱਡ ਮਹਿਕਮਿਆਂ ਦੇ ਅਫਸਰ ਸਾਹਿਬਾਨ ਹਨ, ਜਿਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਹੈ, ਉਨ੍ਹਾਂ ਨੂੰ ਜ਼ਿਆਦਾ ਸੈਂਸੇਟੀਵਿਟੀ ਨਾਲ ਇਨ੍ਹਾਂ ਨੂੰ ਲੈਣਾ ਚਾਹੀਦਾ ਹੈ । ਅੱਜ ਵੀ ਮੈਂ ਦੇਖ ਸਕਦਾ ਹਾਂ ਕਿ ਮਾਣਯੋਗ ਡਿਪਟੀ ਸਪੀਕਰ ਸਾਹਿਬ ਅਫਸਰਾਂ ਦੀ ਗਿਣਤੀ, ਜਿਨ੍ਹਾਂ ਦੀ ਰੋਸਟਰਾਂ ਦੇ ਮੁਤਾਬਿਕ ਡਿਊਟੀ ਹੈ, ਉਨ੍ਹਾਂ ਦੀ ਜੋ ਪ੍ਰੈਜੈਂਸ ਹੈ ਉਹ ਘੱਟ ਹੈ। ਸੋ, ਸਾਰਿਆਂ

ਸੁਝਾਵਾਂ ਨੂੰ ਸੁਣ ਕੇ ਜੇਕਰ ਲਾਗੂ ਕਰਨ ਤਾਂ ਸਾਰੇ ਜਿਹੜੇ ਇਹ ਕੀਮਤੀ ਸੁਝਾਅ ਹਨ, ਇਸ ਨਾਲ ਵਾਤਾਵਰਣ ਲਈ ਵੱਡਾ ਫਾਇਦਾ ਹੋ ਸਕਦਾ ਹੈ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਮਾਣਯੋਗ ਮੈਂਬਰ ਧੰਨਵਾਦ ਜੀ। ਬੈਠੋ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਲਾਸਟ ਵਿੱਚ ਮੈਂ ਕਨਕਲੂਡ ਕਰਾਂਗਾ ਕਿ ਵੇਸਟ ਮੈਨੇਜਮੈਂਟ ਵੀ ਵਾਤਾਵਰਣ ਨੂੰ ਪਲਿਊਟ ਕਰਨ ਲਈ, ਕੂੜਾ ਜਿਹੜਾ ਹੈ ਉਹ ਇੱਕ ਬਹੁਤ ਵੱਡਾ ਕਾਰਨ ਬਣ ਰਿਹਾ ਹੈ। ਸੋ, ਸਾਡੀ ਜੋ ਵੇਸਟ ਮੈਨੇਜਮੈਂਟ ਦੀ ਪਾਲਿਸੀ ਹੈ ਉਸ ਨੂੰ ਰਿਵਿਊ ਕਰਨ ਦੀ ਲੋੜ ਹੈ ਕਿ ਜੋ ਸਿਸਟਮ ਸ਼ਹਿਰਾਂ ਦੇ ਵਿੱਚ ਇਸ ਵੇਲੇ ਵੇਸਟ ਮੈਨੇਜਮੈਂਟ ਲਈ ਚੱਲ ਰਿਹਾ ਹੈ, ਕੀ ਉਹ ਕਾਰਗਰ ਸਾਬਤ ਹੋ ਰਿਹਾ ਹੈ ਜਾਂ ਉਸ ਲਈ ਕੋਈ ਨਵਾਂ ਹੱਲ ਕੱਢਣ ਦੀ ਲੋੜ ਹੈ ਤਾਂ ਕਿ ਕੂੜੇ ਦੇ ਨਾਲ ਜਿਹੜਾ ਵਾਤਾਵਰਣ ਦੀ ਪ੍ਰਦੂਸ਼ਣ ਹੈ ਉਹ ਨਾ ਹੋਵੇ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ:** ਮਾਣਯੋਗ ਮੈਂਬਰ, ਸਰਦਾਰ ਕੁਲਜੀਤ ਸਿੰਘ ਰੰਧਾਵਾ ਸਾਹਿਬ। ਤੁਹਾਡੇ ਦੋ ਮਿੰਟ ਹਨ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ):** ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਅੱਜ ਸੁੱਖੀ ਜੀ ਨੇ ਫਿਰ ਸਾਡੇ ਸਾਰੇ ਪੰਜਾਬੀਆਂ ਨੂੰ ਪਿਛਲੇ ਸਮੇਂ ਕਰੋਨਾ ਦਾ ਸਮਾਂ ਯਾਦ ਕਰਵਾਇਆ ਹੈ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਅੱਜ ਦਾ ਜਿਹੜਾ ਦੌਰ ਹੈ। ਅਸੀਂ ਜਦੋਂ ਸ਼ਮਸ਼ਾਨਘਾਟ ਜਾਂਦੇ ਹਾਂ, ਉਦੋਂ ਗਮਗੀਨ ਹੁੰਦੇ ਹਾਂ ਕਿ ਅੱਛਾ ਇਨਸਾਨ ਸੀ, ਚਲਾ ਗਿਆ, ਇਨਸਾਨ ਦੀ ਫਿਤਰਤ ਹੈ ਲੇਕਿਨ ਉਸ ਤੋਂ ਬਾਅਦ ਫਿਰ ਆ ਕੇ ਅਸੀਂ ਭੁੱਲ ਜਾਂਦੇ ਹਾਂ। ਸਾਨੂੰ ਕਰੋਨਾ ਦੇ ਟਾਈਮ ਨੇ ਅੱਜ ਦਾ ਇੱਕ ਸਮਾਂ ਯਾਦ ਕਰਵਾਇਆ ਹੈ। ਅੱਜ ਮੈਂ ਸਦਨ ਵਿਚ ਦੇਖ ਰਿਹਾ ਹਾਂ ਕਿ ਸਾਰੀ ਆਪੋਜ਼ੀਸ਼ਨ ਜਾਂ ਜਿਹੜੇ ਸਾਡੇ ਆਪਣੇ ਐਮ.ਐਲ.ਏਜ਼ ਹਨ ਜਾਂ ਸਾਰੇ ਮੰਤਰੀ ਸਾਹਿਬਾਨ ਹਨ, ਅੱਜ ਇਸ ਚੀਜ਼ ਨੂੰ ਲੈ ਕੇ ਚਿੰਤਤ ਹਨ ਕਿ ਅਸੀਂ ਜੰਗਲ ਨੂੰ ਕਿਵੇਂ ਬਚਾਈਏ। ਮੇਰੀ ਖੁਸ਼ਕਿਸਮਤੀ ਹੈ ਕਿ ਸਾਡੇ ਦੋ ਮੰਤਰੀ ਇਸ ਪਲਿਊਸ਼ਨ ਨਾਲ ਜੂਝ ਰਹੇ ਪੰਜਾਬ ਨੂੰ ਬਚਾਉਣ ਵਾਸਤੇ ਸਰਦਾਰ ਬਲਕਾਰ ਸਿੰਘ ਹੁਰਾਂ ਕੋਲ ਲੋਕਲ ਬਾਡੀਜ਼ ਦਾ ਵਿਭਾਗ ਹੈ, ਜਿਹੜੀਆਂ ਵੱਡੀਆਂ ਵੱਡੀਆਂ ਹਾਈਟਸ ਹਨ, ਬਿਲਡਿੰਗਜ਼ ਪੰਜਾਬ ਵਿਚ ਲੁਧਿਆਣਾ, ਡੇਰਾਬੱਸੀ, ਜੀਰਕਪੁਰ, ਪਟਿਆਲੇ ਜਾਂ ਕਿਤੇ ਵੀ ਵੱਡੀਆਂ ਬਿਲਡਿੰਗਜ਼ ਜਿਨ੍ਹਾਂ ਨੂੰ ਤੁਸੀਂ ਕਾਨੂੰਨੀ ਤੌਰ ਉਤੇ ਮਾਨਤਾ ਦਿੰਦੇ ਹੋ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਸ ਵਿਚ 25 ਪ੍ਰਤੀਸ਼ਤ ਏਰੀਆ ਜ਼ਰੂਰ ਉਥੇ ਜੰਗਲ ਲਗਾਉਣ ਲਈ ਰੱਖਿਆ ਜਾਵੇ ਉਦੋਂ ਤੱਕ ਪਾਸ ਹੀ ਨਾ ਕੀਤਾ ਜਾਵੇ ਜਦੋਂ ਤੱਕ ਉਥੇ ਜੰਗਲ ਨਹੀਂ ਲੱਗਦਾ ਕਿਉਂਕਿ ਜ਼ੀਰਕਪੁਰ ਸ਼ਹਿਰ ਵਿਚ ਵੇਖ

ਲਵੋ ਕਿ ਸਾਰੇ ਸ਼ਹਿਰ ਵਿੱਚ ਇਕ ਹਜ਼ਾਰ ਬੂਟਾ ਵੀ ਨਹੀਂ ਰਿਹਾ।

**1415/Jaspal Singh/Rajneesh kumar**

**1420/Beant kaur**

**ਮਾਣਯੋਗ ਡਿਪਟੀ ਸਪੀਕਰ** : ਥੈਂਕ ਯੂ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮੈਂ ਸਿਰਫ ਇੱਕ ਸਕਿੰਟ ਲੈ ਕੇ ਆਪਣੀ ਗੱਲ ਬੰਦ ਕਰ ਦੇਵਾਂਗਾ। ਮੈਂ ਜੰਗਲਾਤ ਮੰਤਰੀ ਜੀ ਦਾ ਧੰਨਵਾਦ ਕਰਾਂਗਾ ਕਿ ਜੀਰਕਪੁਰ ਚਿੜੀਆ ਘਰ ਵਿੱਚ ਜਾ ਕੇ ਦੇਖੋ, ਉਥੇ ਇਨ੍ਹਾਂ ਨੇ ਲੱਖਾਂ ਬੂਟੇ ਪਿਛਲੇ ਸਾਲ ਵਿੱਚ ਲਗਵਾਏ ਹਨ। ਸੋ, ਸਾਨੂੰ ਸਾਰੇ ਪੰਜਾਬ ਵਾਸੀਆਂ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ। ਧੰਨਵਾਦ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਡਾਕਟਰ ਸਾਹਿਬ ਨੇ ਜਿਹੜਾ ਮਤਾ ਲਿਆਂਦਾ ਹੈ ਇਹ ਬੜਾ ਚਿੰਤਾਜਨਕ ਹੈ। ਤੁਸੀਂ ਹਾਊਸ ਵਿੱਚ ਇਸ ਦਾ ਚਿੰਤਨ ਕਰਨ ਲਈ ਮੈਂਬਰਾਂ ਨੂੰ ਸਮਾਂ ਦਿੱਤਾ ਹੈ। ਇਹ ਬਹੁਤ ਗੰਭੀਰ ਮਸਲਾ ਇਸ ਕਰਕੇ ਹੈ ਕਿਉਂਕਿ ਮਨੁੱਖ ਜਿਵੇਂ ਜਿਵੇਂ ਕੁਦਰਤ ਨਾਲ ਖਿਲਵਾੜ ਕਰਦਾ ਗਿਆ, ਕੁਦਰਤ ਮਨੁੱਖ ਨੂੰ ਸਜ਼ਾ ਦਿੰਦੀ ਗਈ। ਜਿਵੇਂ ਜ਼ਿਕਰ ਕੀਤਾ ਗਿਆ ਹੈ ਕਿ ਸਾਢੇ 33% ਜੰਗਲ ਚਾਹੀਦਾ ਸੀ ਤਾਂ ਕਿ ਵਾਤਾਵਰਣ ਸਹੀ ਰਹਿ ਸਕਦਾ। ਕੋਵਿਡ ਵਿੱਚ ਆਕਸੀਜਨ ਦੇ ਇਕ ਸਿਲੰਡਰ ਪਿੱਛੇ ਅਸੀਂ ਲੱਖਾਂ ਰੁਪਿਆ ਦੇਣ ਨੂੰ ਤਿਆਰ ਹੋ ਗਏ ਸੀ ਕਿਉਂਕਿ ਜਾਨ ਜਾ ਰਹੀ ਸੀ ਪਰੰਤੂ ਉਸ ਤੋਂ ਬਾਅਦ ਅਸੀਂ ਫੇਰ ਭੁੱਲ ਗਏ ਹਾਂ। ਸਰਕਾਰਾਂ ਨੇ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸਾਡੇ ਪੰਜਾਬ ਵਿੱਚ ਦਰੱਖਤ ਲਗਾਉਣ ਦੀ ਕੋਸ਼ਿਸ਼ ਕੀਤੀ। ਜੇਕਰ ਤੁਸੀਂ ਸਮੀਖਿਆ ਕਰੋਗੇ ਤਾਂ ਪਿਛਲੇ ਸਮਿਆਂ ਵਿੱਚ ਅਤੇ ਖਾਸ ਕਰਕੇ ਇਨ੍ਹਾਂ 10 ਸਾਲਾਂ ਵਿੱਚ ਬਹੁਤ ਪੈਸਾ ਦਰੱਖਤ ਲਗਾਉਣ ਉੱਤੇ ਖਰਚ ਕਰ ਦਿੱਤਾ ਗਿਆ ਹੈ। ਦਰੱਖਤ ਲਗਾਏ ਵੀ ਗਏ ਹਨ ਪਰ ਮੈਨੂੰ ਨਹੀਂ ਲਗਦਾ ਕਿ ਉਨ੍ਹਾਂ ਵਿਚੋਂ 20% ਜਾਂ 25% ਦਰੱਖਤ ਉਥੇ ਮੌਜੂਦ ਹੋਣਗੇ। ਸੋ, ਇਸ ਸਬੰਧੀ ਪੜਤਾਲ ਵੀ ਹੋਣੀ ਚਾਹੀਦੀ ਹੈ।

*2.21 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਸਪੀਕਰ** : ਠੀਕ ਹੈ ਜੀ। ਤੁਸੀਂ ਹੁਣ ਕਨਕਲੂਡ ਕਰ ਲਓ ।

**ਸਰਦਾਰ ਜਗਰੂਪ ਸਿੰਘ** ਗਿੱਲ : ਮੈਂ ਗੌਰਮਿੰਟ ਐਸ਼ੋਰੈਂਸ ਕਮੇਟੀ ਦੀ ਸਮੀਖਿਆ ਸਮੇਂ ਵੀ ਲਿਖਿਆ ਸੀ। ਚੀਫ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਵਿੱਚ ਮੀਟਿੰਗ ਹੋਈ ਸੀ। ਉਨ੍ਹਾਂ ਨੇ ਬੜਾ ਗੰਭੀਰ ਨੋਟਿਸ ਲਿਆ ਸੀ ਕਿ ਕਮੇਟੀ ਦੀਆਂ ਹਦਾਇਤਾਂ ਨੂੰ ਅਫਸਰ ਸਾਹਿਬਾਨ ਅੱਗੇ ਅਮਲ ਵਿੱਚ ਨਹੀਂ ਲਿਆਉਂਦੇ।

ਮੈਂ ਆਪਣੀ ਅਗਲੀ ਗੱਲ ਕਹਿ ਕੇ ਆਪਣਾ ਸਥਾਨ ਲਵਾਂਗਾ। ਅਸੀਂ ਸੜਕਾਂ ਦੇ ਕੰਢਿਆਂ ਤੋਂ ਵੱਡੇ ਰਵਾਇਤੀ ਦਰੱਖਤ ਪੁੱਟ ਦਿੱਤੇ ਹਨ, ਉਹ ਲਗਾਤਾਰ ਕੱਟੇ ਜਾ ਰਹੇ ਹਨ। ਜੰਗਲਾਤ ਵਾਸਤੇ ਅਸੀਂ ਇੰਨਾ ਪੈਸਾ ਖਰਚ ਕਰ ਰਹੇ ਹਾਂ, ਪੰਜਾਬ ਸਰਕਾਰ ਜੰਗਲਾਤ ਮਹਿਕਮੇ ਨੂੰ ਇਹ ਹਦਾਇਤ ਦੇਵੇ ਕਿ ਉਹ ਮਕੈਨੀਕਲ ਸਿਸਟਮ ਨੂੰ ਅਮਲ ਵਿੱਚ ਲਿਆਉਣ। ਜਿਸ ਪ੍ਰਕਾਰ ਵਿਦੇਸ਼ਾਂ ਵਿੱਚ ਵੱਡੇ ਵੱਡੇ ਦਰੱਖਤਾਂ ਨੂੰ ਸ਼ਿਫਟ ਕੀਤਾ ਜਾਂਦਾ ਹੈ, ਕਿਉਂ ਨਾ ਅਸੀਂ ਜਿਹੜੇ ਦਰੱਖਤਾਂ ਨੂੰ ਕੱਟਣਾ ਹੈ, ਇਸ ਦੀ ਬਜਾਏ ਉਨ੍ਹਾਂ ਨੂੰ ਕਿਤੇ ਹੋਰ ਸ਼ਿਫਟ ਕਰ ਦੇਈਏ। ਧੰਨਵਾਦ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲਕਲਾਂ, ਐਸ.ਸੀ)**: ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਅੱਜ ਸਾਡੇ ਬਹੁਤ ਸਤਿਕਾਰਯੋਗ ਐਮਐਲਏ ਸੁਖਵਿੰਦਰ ਕੁਮਾਰ ਸੁੱਖੀ ਜੀ ਵਲੋਂ ਪੇਸ਼ ਬਹੁਤ ਅਹਿਮ ਮਸਲੇ ਤੇ ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲਿਆ ਹੈ। ਕਾਫੀ ਮੈਂਬਰਾਂ ਨੇ ਇਸ ਮੁੱਦੇ ਉੱਪਰ ਬਹੁਤ ਵਧੀਆ ਢੰਗ ਨਾਲ ਆਪਣੀ ਗੱਲ ਕਹੀ ਹੈ। ਦਰੱਖਤ ਜਨਮ ਤੋਂ ਮਰਨ ਤੱਕ ਸਾਡੇ ਕੰਮ ਆਉਂਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਦਰਵਾਜੇ ਅੱਗੇ ਦਰੱਖਤ ਬੰਨ੍ਹਿਆ ਜਾਂਦਾ ਹੈ। ਜਦੋਂ ਬੰਦਾ ਦੁਨੀਆ ਤੋਂ ਜਾਂਦਾ ਹੈ ਤਾਂ ਦਰੱਖਤ ਦੀ ਲੱਕੜ ਇਸ ਦੇ ਕੰਮ ਆਉਂਦੀ ਹੈ। ਮੇਰਾ ਵੀ ਇਸ ਵਾਸਤੇ ਇਕ ਸੁਝਾਅ ਵੀ ਹੈ। ਮੈਂ ਚਾਹੁੰਦਾ ਹਾਂ ਕਿ ਮਾਣਯੋਗ ਮੰਤਰੀ ਸਾਹਿਬ ਨੂੰ ਬਾਅਦ ਵਿੱਚ ਜਵਾਬ ਦੇਣ ਲਈ ਟਾਈਮ ਜ਼ਰੂਰ ਦਿੱਤਾ ਜਾਵੇ। ਜਿਹੜੇ ਸੜਕਾਂ ਦੁਆਲੇ ਦਰੱਖਤ ਲੱਗੇ ਹੋਏ ਹਨ, ਉਨ੍ਹਾਂ ਨਾਲ ਜਿਹੜੇ ਖੇਤ ਲੱਗਦੇ ਹਨ ਕੀ ਉਹ ਦਰੱਖਤ ਉਨ੍ਹਾਂ ਦੇ ਮੰਨੇ ਜਾਂਦੇ ਹਨ। ਮੈਨੂੰ ਪਤਾ ਲੱਗਿਆ ਹੈ ਕਿ ਪਿਛਲੀ ਸਰਕਾਰ ਵੇਲੇ ਉਨ੍ਹਾਂ ਦਰੱਖਤਾਂ ਦੇ ਖੇਤਾਂ ਵਾਲਿਆਂ ਨੂੰ 60/- ਰੁਪਏ ਮਿਲਦੇ ਸਨ। ਜੇਕਰ ਕਿਸੇ ਕਿਸਾਨ ਨੇ ਆਪਣੇ ਖੇਤ ਵਿੱਚ ਦਰੱਖਤ ਲਾਉਣਾ ਹੋਵੇ ਜਾਂ ਕਿੱਲੇ ਵਿੱਚ ਲਗਾਉਣਾ ਹੋਵੇ ਕੀ ਗੌਰਮਿੰਟ ਉਨ੍ਹਾਂ ਦਰੱਖਤਾਂ ਨੂੰ ਪਾਲਣ ਲਈ ਪੈਸਾ ਦਿੰਦੀ ਹੈ। ਇਸ ਸਬੰਧੀ ਮਾਣਯੋਗ ਮੰਤਰੀ ਸਾਹਿਬ ਸਾਰੇ ਹਾਊਸ ਵਿੱਚ ਗੱਲ ਕਲੀਅਰ ਕਰ ਦੇਣ ਕਿਉਂਕਿ ਵਾਤਾਵਰਣ ਦਾ ਮਸਲਾ ਆਉਣ ਵਾਲੇ ਸਮੇਂ ਵਿੱਚ ਬਹੁਤ ਗੰਭੀਰ ਹੋਣ ਵਾਲਾ ਹੈ। ਜੇਕਰ ਸਾਡੇ ਕਿਸਾਨ ਭਰਾਵਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਲੱਗ ਜਾਵੇ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਪ੍ਰਕਾਰ ਕਾਫੀ ਦਰੱਖਤ ਲੱਗ ਸਕਦੇ ਹਨ। ਅੱਜ ਦੇ ਸਮੇਂ ਵਿੱਚ ਜੇਕਰ ਕੋਈ ਸੜਕ ਕਿਨਾਰੇ ਲੱਗੇ ਹੋਏ ਦਰੱਖਤ ਨੂੰ ਕੱਟ ਲੈਂਦਾ ਹੈ ਤਾਂ ਫਾਰੈਸਟ ਮਹਿਕਮੇ ਵਾਲੇ ਕਾਫੀ ਜੁਰਮਾਨਾ ਲਗਾ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦਰੱਖਤਾਂ ਨੂੰ ਕੋਈ ਡਰਦਾ ਮਾਰਾ ਹੱਥ ਨਹੀਂ ਲਗਾਉਂਦਾ। ਇਸ ਕਰਕੇ ਕਲੀਅਰ ਕੀਤਾ ਜਾਵੇ ਕਿ ਪੰਜ ਜਾਂ ਦਸ ਸਾਲਾਂ ਬਾਅਦ ਇਹ ਦਰੱਖਤ ਤੁਹਾਡੇ ਹੋਣਗੇ ਅਤੇ ਇਨ੍ਹਾਂ ਨੂੰ ਪਾਲਣ ਲਈ ਤੁਹਾਨੂੰ ਪੈਸੇ ਵੀ ਦਿੱਤੇ ਜਾਣਗੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਕਲੈਰੀਫਿਕੇਸ਼ਨ ਦੇ ਦਿਓ।

**ਜੰਗਲਾਤ, ਜੰਗਲੀ ਜੀਵ ਮੰਤਰੀ (ਸ੍ਰੀ ਲਾਲ ਚੰਦ)** : ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਡਾਕਟਰ ਸੁੱਖੀ ਜੀ ਦਾ ਸ਼ੁਕਰੀਆ। ਉਨ੍ਹਾਂ ਨੇ ਬਹੁਤ ਹੀ ਪਿਆਰਾ ਮਤਾ ਲਿਆਂਦਾ ਹੈ, ਅਹਿਮ ਇਸ਼ੂ ਉਠਾਇਆ ਹੈ, ਇਹ ਇਸ਼ੂ ਜਿੰਨਾ ਹੀ ਪਿਆਰਾ ਹੈ, ਉਨੀ ਹੀ ਗੰਭੀਰਤਾ ਦੀ ਮੰਗ ਕਰਦਾ ਹੈ।

**1425/Karamjit kaur**

## RESCHEDULING OF TIME OF THE SITTING OF THE HOUSE ON 11TH MARCH, 2024

**ਮਾਣਯੋਗ ਸਪੀਕਰ:** ਮੰਤਰੀ ਜੀ, ਇੱਕ ਮਿੰਟ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਮਿਤੀ 11 ਮਾਰਚ, 2024 ਨੂੰ ਸਦਨ ਦੀ ਕਾਰਵਾਈ ਦਾ ਸਮਾਂ 11.00 ਵਜੇ ਸਵੇਰ ਦੀ ਬਜਾਏ 2.00 ਵਜੇ ਬਾਅਦ ਦੁਪਹਿਰ ਕਰ ਲਿਆ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

(ਆਪੋਜ਼ੀਸ਼ਨ ਬੈਂਚਿਜ਼ ਵਲੋਂ ਅਵਾਜ਼ਾਂ: ਸਰਬ ਸੰਮਤੀ ਨਾਲ ਹੀ ਕਰ ਦਿਉ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

## RESOLUTION (*Resumption)*

**ਜੰਗਲਾਤ, ਜੰਗਲੀ ਜੀਵ ਮੰਤਰੀ (ਸ੍ਰੀ ਲਾਲ ਚੰਦ)** : ਸਰ, ਜੰਗਲਾਂ ਨਾਲ ਦੋ ਬਹੁਤ ਹੀ ਮਹੱਤਵਪੂਰਨ ਤੱਥ ਜੁੜੇ ਹੋਏ ਹਨ। ਜਿੱਥੇ ਵਾਤਾਵਰਨ ਨੂੰ ਸ਼ੁੱਧ ਕਰਦੇ ਹਨ, ਵਾਤਾਵਰਨ ਨੂੰ ਚੰਗੇ ਪਾਸੇ ਲੈ ਕੇ ਜਾਂਦੇ ਹਨ, ਉਥੇ ਜੰਗਲਾਂ ਦੇ ਅੰਦਰ ਵਣ ਸੰਪਤੀ ਵੀ ਹੁੰਦੀ ਹੈ, ਜਿਨ੍ਹਾਂ ਨੂੰ ਆਪਾਂ ਔਸ਼ਧੀਆਂ ਕਹਿੰਦੇ ਹਾਂ, ਜਿਨ੍ਹਾਂ ਤੋਂ ਦਵਾਈਆਂ ਬਣਦੀਆਂ ਹਨ, ਜਿਹੜੀਆਂ ਸਾਡੇ ਸਭਿਆਚਾਰ ਵਿੱਚ ਵੀ ਇਸਤੇਮਾਲ ਹੁੰਦੀਆਂ ਹਨ। ਉਹ ਸਾਨੂੰ ਸਰੀਰਕ ਰੋਗਾਂ ਤੋਂ ਮੁਕਤੀ ਦਿੰਦੀਆਂ ਹਨ। ਮਨੁੱਖ ਦੇ ਕੋਲ ਉਹ ਵਣ ਸੰਪਤੀ ਵੀ ਇੱਕ ਬਹੁਤ ਵੱਡਾ ਖਜ਼ਾਨਾ ਹੈ।

ਦੂਜਾ, ਜਿਹੜੇ ਇੱਥੇ ਜੰਗਲੀ ਜਾਨਵਰ ਰਹਿੰਦੇ ਹਨ, ਜੰਗਲੀ ਜਾਨਵਰਾਂ ਦਾ ਜੰਗਲਾਂ ਵਿੱਚ ਬਸੇਰਾ ਹੁੰਦਾ ਹੈ। ਉਹ ਜਾਨਵਰ ਵੀ ਸਮਾਜ ਅਤੇ ਮਨੁੱਖ ਨੂੰ ਬਹੁਤ ਕੁਝ ਦਿੰਦੇ ਹਨ। ਅਸੀਂ ਅਕਸਰ ਹੀ ਸੁਣਿਆ ਹੋਇਆ ਹੈ: 'ਪੰਛੀ ਬੋਲਣ ਮਿੱਠੜੇ ਬੋਲ, ਰੱਖਣ ਕੁਦਰਤ ਦਾ ਸਮਤੋਲ।' ਸੋ, ਵਣਾਂ ਦੇ ਅੰਦਰ ਬਹੁਤ ਵੱਡੇ ਖਜ਼ਾਨੇ ਹਨ, ਬਹੁਤ ਨਿਆਮਤਾਂ ਹਨ। ਇਸ ਸਬੰਧ ਵਿੱਚ ਗੁਰੂ ਸਾਹਿਬਾਨਾਂ ਨੇ ਬਹੁਤ ਵੱਡੀਆਂ ਗੱਲਾਂ ਕਹੀਆਂ ਹਨ। ਉਨ੍ਹਾਂ ਨੇ ਉਸ ਵੇਲੇ ਇਹ ਗੱਲਾਂ ਕਹੀਆਂ, ਜਦੋਂ ਵਾਤਾਵਰਨ ਪਲਿਊਟਡ ਨਹੀਂ ਸੀ। ਉਦੋਂ ਨਾ ਇੱਥੇ ਇੰਡਸਟਰੀ ਸੀ ਅਤੇ ਨਾ ਹੀ ਅੱਜ ਦੇ ਸਮੇਂ ਵਾਂਗ ਭੱਜ ਦੌੜ ਵਾਲਾ ਯੁੱਗ ਸੀ। ਉਸ ਵੇਲੇ ਉਨ੍ਹਾਂ ਨੇ ਵੱਡੀਆਂ ਚਿੰਤਾਵਾਂ ਜ਼ਾਹਿਰ ਕੀਤੀਆਂ ਅਤੇ ਇਨ੍ਹਾਂ ਚਿੰਤਾਵਾਂ ਦਾ ਸਿਰਾ ਤੁਸੀਂ ਦੇਖ ਲਵੋ ਕਿ ਉਨ੍ਹਾਂ ਨੇ ਸਾਡੇ ਕੁਦਰਤੀ ਵਸੀਲਿਆਂ ਹਵਾ, ਪਾਣੀ ਅਤੇ ਧਰਤੀ ਨੂੰ ਜੋੜ ਕੇ ਵਾਤਾਵਰਨ ਬਾਰੇ ਮਨੁੱਖ ਨੂੰ ਅਵੇਅਰ ਕੀਤਾ। ਬੁੱਲੇ ਸ਼ਾਹ ਤੋਂ ਬਾਅਦ ਪੰਜਾਬੀ ਦੇ ਵੱਡੇ ਵਿਦਵਾਨ, ਵੱਡੇ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਹੋਏ ਹਨ, ਜਿਨ੍ਹਾਂ ਬਾਰੇ ਸਾਡੇ ਮਾਣਯੋਗ ਮੈਂਬਰ ਬਿਲਾਸਪੁਰ ਜੀ ਜ਼ਿਕਰ ਕਰਕੇ ਗਏ ਹਨ। ਉਨ੍ਹਾਂ ਨੇ ਵੀ ਦਰੱਖਤਾਂ ਬਾਰੇ ਆਪਣੀਆਂ ਰਚਨਾਵਾਂ ਵਿੱਚ ਬਹੁਤ ਖੂਬਸੂਰਤ ਲਿਖਿਆ। ਸੋ, ਸਪੀਕਰ ਸਾਹਿਬ, ਤੁਹਾਡੇ ਨਾਲ ਅਤੇ ਆਪਣੇ ਸਾਥੀਆਂ ਜਾਂ ਜਿਹੜੇ ਵੀ ਲੋਕ ਵਿਧਾਨ ਸਭਾ ਦੀ ਕਾਰਵਾਈ ਨੂੰ ਦੇਖ ਜਾਂ ਸੁਣ ਰਹੇ ਹਨ, ਮੈਂ ਜਿਹੜੀ ਗੱਲ ਸ਼ੇਅਰ ਕਰਨੀ ਚਾਹੁੰਦਾ ਹਾਂ, ਸਾਡੇ ਸਾਹਮਣੇ ਸਵਾਲ ਹੈ ਕਿ ਹੁਣ ਕੀਤਾ ਕੀ ਜਾਵੇ? ਇਸ ਸਬੰਧ ਵਿੱਚ ਸਾਡੇ ਕੋਲ ਸਾਡੇ ਗੁਰੂ ਸਾਹਿਬਾਨਾਂ ਵਲੋਂ ਅਤੇ ਹੋਰ ਵਿਦਵਾਨਾਂ ਦੁਆਰਾ ਦਿੱਤੀ ਸੇਧ ਤਾਂ ਹੈ...

**ਮਾਣਯੋਗ ਸਪੀਕਰ**: ਗੁਰੂ ਹਰਿ ਰਾਇ ਸਾਹਿਬ ਜੀ ਖੁਦ ਪੇੜ ਪੌਦੇ ਲਗਾਉਂਦੇ ਹੁੰਦੇ ਸੀ ਜੀ।

**ਮੰਤਰੀ**: ਸਾਡੇ ਕੋਲ ਕਾਨੂੰਨ ਦੀ ਸੇਧ ਵੀ ਹੈ। ਜਿਵੇਂ ਮਾਣਯੋਗ ਮੈਂਬਰ ਸ੍ਰੀ ਚੱਢਾ ਜੀ ਨੇ ਜ਼ਿਕਰ ਕੀਤਾ ਹੈ ਕਿ ਸਾਡੇ ਕੋਲ ਕਾਨੂੰਨ ਵੀ ਹੈ, ਸਾਡੇ ਕੋਲ ਸਾਰਾ ਕੁਝ ਹੈ, ਸਭ ਕੁਝ ਬਣਿਆ ਪਿਆ ਹੈ। ਮੈਂ ਸਮਝਦਾ ਹਾਂ ਕਿ ਦੋ ਸਾਈਡਾਂ ਤੋਂ ਕੰਮ ਕਰਨ ਦੀ ਲੋੜ ਹੈ। ਇੱਕ ਤਾਂ ਜਿਹੜੇ ਇਸ ਸਬੰਧੀ ਕਾਨੂੰਨ ਤੇ ਨਿਯਮ ਹਨ, ਉਹ ਇੰਪਲੀਮੈਂਟ ਹੋਣ। ਦੂਜਾ ਜਿਹੜਾ ਵਿਵਹਾਰਕ ਤੱਥ ਹੈ, ਆਪਾਂ ਕਿੱਥੇ ਚਲੇ ਗਏ ਹਾਂ, ਜਿਹੜੇ ਮਨੁੱਖ ਹਾਂ, ਜਿਨ੍ਹਾਂ ਦੇ ਘਰਾਂ ਵਿੱਚ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਲਗੀਆਂ ਹੋਈਆਂ ਹਨ। ਆਪਾਂ ਜਿਹੜੇ ਵਿਦਵਾਨਾਂ ਦੀਆਂ ਕਵਿਤਾਵਾਂ ਪੜ੍ਹਦੇ ਹਾਂ, ਉਨ੍ਹਾਂ ਵਿੱਚ ਮੈਂ ਵੀ ਸ਼ਾਮਲ ਹਾਂ, ਸਾਡੀ ਵਿਵਹਾਰਿਕ ਜਿਹੜੀ ਡਿਊਟੀ ਹੈ, ਅਸੀਂ ਉਸ ਨੂੰ ਤਿਆਗ ਕੇ ਕਿੱਥੇ ਚਲੇ ਗਏ ਹਾਂ? ਸੋ, ਮੈਂ ਕਈ ਵਾਰ ਦੇਖਦਾ ਹਾਂ, ਕਈ ਵਾਰੀ ਡਰ ਜਿਹਾ ਲਗਦਾ ਹੈ ਕਿ ਕਿਸੇ ਦੇ ਸੈਂਟੀਮੈਂਟਸ ਨੂੰ ਠੇਸ ਨਾ ਪਹੁੰਚੇ, ਮੈਂ ਡਿਊ ਰਿਸਪੈਕਟ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਈ ਵਾਰ ਦੇਖਿਆ ਹੈ ਕਿ ਲੋਕ ਡੇਰਿਆਂ ਤੇ ਸੇਵਾ ਕਰਨ ਲਈ ਜਾਂਦੇ ਹਨ। ਜਿੱਥੇ ਜਿੱਥੇ ਵੀ ਲੋਕਾਂ ਦੀ ਇਸ਼ਟ ਆਸਥਾ ਜੁੜੀ ਹੋਈ ਹੈ, ਲੋਕ ਉਥੇ ਜਾਂਦੇ ਹਨ, ਮੈਂ ਉਸ ਨੂੰ ਐਪਰੀਸ਼ੀਏਟ ਵੀ ਕਰਦਾ ਹਾਂ। ਮੈਂ ਦੇਖਿਆ ਹੈ ਕਿ ਉਥੇ ਪੜ੍ਹੇ ਲਿਖੇ ਲੋਕ ਵੀ, ਜਿਨ੍ਹਾਂ ਵਿੱਚ ਡਾਕਟਰ ਵੀ ਹੋ

ਸਕਦੇ ਹਨ, ਵਕੀਲ ਸਾਹਿਬਾਨ ਵੀ ਹੋ ਸਕਦੇ ਹਨ, ਉਹ ਉਥੇ ਜਾ ਕੇ ਸਿਰ ਤੇ ਬਾਲਟੇ ਚੁੱਕ ਕੇ ਸੇਵਾ ਕਰਦੇ ਹਨ, ਉਹ ਚੰਗਾ ਲਗਦਾ ਹੈ । ਪਰ ਕੀ ਜਦੋਂ ਅਸੀਂ ਸਮਾਜ ਦੇ ਅੰਦਰ ਆ ਜਾਂਦੇ ਹਾਂ, ਪਿੰਡ ਵਿੱਚ ਆ ਜਾਂਦੇ ਹਾਂ, ਅਸੀਂ ਉਹ ਸਾਰਾ ਕੁਝ ਭੁੱਲ ਜਾਂਦੇ ਹਾਂ। ਜਿਵੇਂ ਸਾਡੇ ਮੰਤਰੀ ਸ੍ਰੀ ਅਮਨ ਅਰੋੜਾ ਸਾਹਿਬ ਜ਼ਿਕਰ ਕਰਕੇ ਗਏ ਹਨ। ਅਸੀਂ ਕੈਨੇਡਾ ਦੀ ਗੱਲ ਕਰਦੇ ਹਾਂ। ਅਸੀਂ ਚੰਗੀਆਂ ਗੱਲਾਂ ਕਿਤੋਂ ਵੀ ਸਿੱਖ ਸਕਦੇ ਹਾਂ। ਅਸੀਂ ਸੇਵਾ ਭਾਵਨਾ ਵਾਲੇ ਜਿਹੜੇ ਕੰਮ ਕਿਸੇ ਇੱਕ ਖਾਸ ਜਗ੍ਹਾ ਤੇ ਜਾ ਕੇ ਕਰਦੇ ਹਾਂ, ਭਾਵੇਂ ਉਥੇ ਵੀ ਸੇਵਾ ਕਰਨੀ ਚਾਹੀਦੀ ਹੈ ਪਰ ਨਾਲ ਦੀ ਨਾਲ ਜਿੱਥੇ ਅਸੀਂ ਰਹਿ ਰਹੇ ਹਾਂ, ਜਿੱਥੇ ਅਸੀਂ ਵਿਚਾਰ ਰਹੇ ਹਾਂ...

**ਮਾਣਯੋਗ ਸਪੀਕਰ:** ਸਦਨ ਮਿਤੀ 11 ਮਾਰਚ, 2024 ਨੂੰ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.30 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਮਿਤੀ 11 ਮਾਰਚ, 2024 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

**1425/Karamjit kaur/Monika sharma**